# ਪੰਚਨਾਦ

ਓਮ ਪ੍ਰਕਾਸ਼ ਗਾਸੋ

ਭਾਸ਼ਾ ਵਿਭਾਗ, ਪੰਜਾਬ

# PANCHNAAD(In Punjabi)

Om Parkash Gasso

ਪੰਚਨਾਦ

ਓਮ ਪ੍ਰਕਾਸ਼ ਗਾਸੋ

© ਭਾਸ਼ਾ ਵਿਭਾਗ, ਪੰਜਾਬ

ਪਹਿਲੀ ਵਾਰ : 1995

ਮੁੱਲ : 13 ਰੁਪਏ

ਕਾਪੀਆਂ: 5000

**ਪ੍ਰਕਾਸ਼ਕ** : ਡਾਇਰੈਕਟਰ, ਭਾਸ਼ਾ ਵਿਭਾਗ,ਪੰਜਾਬ

**ਰਾਹੀਂ** : ਕੰਟਰੋਲਰ, ਛਪਾਈ ਤੇ ਲਿੱਖਣ ਸਮੱਗਰੀ ਵਿਭਾਗ, ਪੰਜਾਬ**,**

ਛਾਪਕ : ਸਵੈਨ ਪ੍ਰਿੰਟਿੰਗ ਪ੍ਰੈਸ, ਜਲੰਧਰ

# ਮੁਢਲੀ ਗੱਲ

ਪੰਜਾਬੀ ਦਾ ਮਿਆਰੀ ਸਾਹਿਤ ਪਾਠਕਾਂ ਨੂੰ ਵਾਜਬੀ ਕੀਮਤ ਤੇ ਮੁਹੱਈਆ ਕਰਨ ਹਿਤ ਭਾਸ਼ਾ ਵਿਭਾਗ ਵੱਲੋਂ ਵੰਨ ਸੁਵੰਨੀਆਂ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ। ਪੇਪਰ ਬੈਕ ਸੀਰੀਜ਼ ਅਧੀਨ ਤਿਆਰ ਕੀਤੀਆਂ ਇਨ੍ਹਾਂ ਪ੍ਰਕਾਸ਼ਨਾਵਾਂ ਦਾ ਮੁੱਖ ਮਨੋਰਥ ਪਾਠਕ ਨੂੰ ਵਧੀਆ ਪੰਜਾਬੀ ਸਾਹਿਤ ਨਾਲ਼ ਜੋੜਨਾ ਹੈ ਕਿਉਂਕਿ ਨਰੋਆ ਸਾਹਿਤ ਆਪਣੇ ਸਮੇਂ ਸਮਾਜ ਦਾ ਦਰਪਣ ਹੁੰਦਾ ਹੈ ਅਤੇ ਨਰੋਈਆਂ ਕਦਰਾਂ-ਕੀਮਤਾਂ ਸਥਾਪਤ ਕਰਨ ਵਿਚ ਅਗਵਾਈ ਤੇ ਪ੍ਰੇਰਨਾ ਦਿੰਦਾ ਹੈ। ਹਥਲੀ ਪੁਸਤਕ ਪੰਚਨਾਦ ਇਸ ਸਕੀਮ ਅਧੀਨ ਪ੍ਰਕਾਸ਼ਤ ਕੀਤੀ ਜਾ ਰਹੀ ਹੈ।

ਓਮ ਪ੍ਰਕਾਸ਼ ਗਾਸੋ ਦਾ ਪੰਜਾਬੀ ਗਲਪ ਖੇਤਰ ਵਿਚ ਨਵੇਕਲਾ ਪਿੜ ਹੈ। ਆਰਥਿਕ ਨੀਤੀ ਦੀ ਕਾਣੀ ਵੰਡ ਕਾਰਨ ਮਿਹਨਤੀ ਵਰਗ ਸਦਾ ਹੀ ਔਕੜਾਂ ਵਿਚ ਘਿਰਿਆ ਰਹਿੰਦਾ ਹੈ। ਉਹਦਾ ਜੀਵ ਸੰਘਰਸ਼ ਦੀ ਨਿਰੰਤਰ ਵਹਿੰਦੀ ਇਕ ਧਾਰਾ ਹੈ ਜਾਂ ਇੰਜ ਕਹਿ ਲਈਏ ਕਿ ਪ੍ਰਗਤੀਵਾਦੀ ਚੇਤਨਾ ਗਾਥਾ ਦੀਆਂ ਰਚਨਾਵਾਂ ਦਾ ਮੁੱਖ ਸੁਰ ਹੈ। ਪੰਚਨਾਦ ਨਾਵਲ ਦੀ ਤ੍ਰਾਸਦੀ ਇਸੇ ਸੰਘਰਸ਼ ਦੀ ਬਾਤ ਪਾਉਂਦੀ ਹੈ। ਸਰਲ, ਸਪਸ਼ਟ, ਸਹਿਜ ਰਵਾਨਗੀ ਭਰੀ ਸ਼ੈਲੀ ਕਹਾਣੀ ਰਸ ਨੂੰ ਬਰਕਰਾਰ ਹੀ ਨਹੀਂ ਰਖਦੀ ਸਗੋਂ ਦਿਲ ਦਿਮਾਗ ਨੂੰ ਕੁਝ ਸੋਚਣ ਲਈ ਵੀ ਮਜ਼ਬੂਰ ਕਰਦੀ ਹੈ।

ਮੈਨੂੰ ਪੂਰਨ ਆਸ ਹੈ ਕਿ ਪਾਠਕ ਇਕ ਪੁਸਤਕ ਦਾ ਨਿੱਘਾ ਸੁਆਗਤ ਕਰਨਗੇ।

ਅਜੀਤ ਸਿੰਘ ਕੱਕੜ,

ਡਾਇਰੈੱਕਟਰ,

ਭਾਸ਼ਾ ਵਿਭਾਗ, ਪੰਜਾਬ।

# 1.

ਕੱਸੀ ਦੀ ਪਟੜੀ ਦੇ ਪਰਲੇ ਪਾਸੇ, ਤੂਤਾਂ ਵਾਲੀ ਝੌਂਪੜੀ ਕੋਲ ਖੁੱਲ੍ਹੇ ਚੌਗਾਣ ਦੇ ਉੱਚੇ ਚਬੂਤਰੇ ਤੇ ਨੂਰੇ ਜੁਲਾਹੇ ਦੇ ਪੁੱਤ ਕਾਕੜ ਦੀਆਂ ਬੱਕਰੀਆਂ ਬੰਨ੍ਹੀਆਂ ਰਹਿੰਦੀਆਂ, ਕਾਕੜ ਜੀਹਦਾ ਨਾਂ, ਪੂਰਾ ਨਾਂ ਕਰਮਦੀਨ ਸੀ। ਕਰਮਦੀਨ ਦਾ ਬਿਗੜਿਆ, ਬਿਗੜ ਰੂਪ ਕਾਕੜ, ਉਸ ਦਾ ਬਾਪੂ ਉਸ ਨੂੰ ਕਾਕੜ ਆਖਦਾ, ਉਸ ਦੀ ਮਾਂ ਉਸ ਨੂੰ ਕਾਕੜ ਆਖਦੀ, ਮਸੀਤ ਦਾ ਮੌਲਵੀ, ਜਿਸ ਨੇ ਕਾਕੜ ਦਾ ਨਾਂ ਕਰਮਦੀਨ ਰਖਿਆ ਸੀ, ਉਹ ਭੀ ਉਸ ਨੂੰ ਕਰਮਦੀਨ ਦੀ ਥਾਵੇਂ ਕਾਕੜ ਹੀ ਆਖਦਾ ਹੁੰਦਾ ਸੀ। ਕਾਕੜ ਦਾ ਬਾਪੂ ਨੂਰਾ ਜੁਲਾਹਾ ਤਾਣੀਆਂ ਬਣਦਾ ਰਹਿੰਦਾ, ਖੇਸ, ਚੁਤਹੀਆਂ, ਚਾਦਰਾਂ ਤੇ ਖੱਦਰ ਬਣਾਉਂਦਾ ਰਹਿੰਦਾ। ਨੂਰੇ ਜੁਲਾਹੇ ਦਾ ਸਾਲਾ ਖੁਦਾਈਆ, ਪਿੰਡ ਦਾ ਬੱਗ ਚਾਰਦਾ ਸੀ। ਕਾਕੜ ਦੀ ਮਾਂ ਨੇਮੋ ਜਿਸ ਦਾ ਅਸਲੀ ਨਾਂ ਨੈਅਮਤਾਂ ਸੀ, ਕੁੱਚ ਚੁੱਕੀ ਨੂਰੇ ਮਗਰ ਤਾਣੀਆਂ ਸੁਲਝਾਉਂਦੀ ਰਹਿੰਦੀ। ਨੂਰਾ ਤੇ ਨੇਮੋ ਉਨ੍ਹਾਂ ਦਾ ਇੱਕੋ ਇੱਕ ਪੁੱਤਰ ਕਾਕੜ ਤੇ ਕਾਕੜ ਦਾ ਮਾਮਾ ਖੁਦਾਈਆ ਇਕ ਪਰਵਾਰ ਦੇ ਬੰਦੇ ਸਨ। ਖੁਦਾਈਆ ਬੱਗ ਚਾਰਦਾ, ਪਿੰਡ ਦਾ ਪੱਕਾ ਜੁੱਟ ਬਣ ਗਿਆ ਸੀ। ਖੁਦਾਈਏ ਦੀ ਮਲ੍ਹਿਆਂ ਦੇ ਲਾਲ ਬੈਰਾਂ ਵਰਗੀ ਦਾੜ੍ਹੀ, ਮਹਿੰਦੀ ਦੇ ਰੰਗ ਨਾਲ ਸਦੋਂ ਹੀ ਲਾਲ ਰਹਿੰਦੀ। ਖੁਦਾਈਆ ਈਦ ਵਾਲੇ ਦਿਨ, ਬਕਰੀਦ ਵਾਲੇ ਦਿਨ, ਮਸੀਤ ਵਿਚ ਜਾ ਕੇ ਪੰਜ ਨਮਾਜ਼ਾਂ ਪੜ੍ਹਦਾ ਉੱਚੀ-ਉੱਚੀ ਬਾਂਗ ਦੇਂਦਾ। ਫਿਰਨੀ ਦੇ ਡੇਰੇ ਵਾਲਾ ਭਾਈ ਜੀ, ਖੁਦਾਈਏ ਨਾਲ ਹੱਸਦਾ ਰਹਿੰਦਾ, "ਕਿਉਂ ਸੰਘ ਪਟਾਉਂਦੇ ਓ, ਤੁਹਾਡਾ ਅੱਲਾ ਬੋਲੈ।"

ਖੁਦਾਈਆ ਆਪਣੇ ਮੋਢਿਆਂ ਨੂੰ ਝਟਕਾ ਜਿਹਾ ਦੇ ਕੇ ਆਪਣੀ ਲਾਲ ਲਾਲ ਮਹਿੰਦੀ ਦੇ ਰੰਗ ਨਾਲ ਦਾੜ੍ਹੀ ਨੂੰ ਹੱਥਾਂ 'ਚ ਪਲੋਸਦਾ ਆਖਦਾ, "ਤੇ ਤੁਸੀ, ਆ ਛੈਣੇ ਚਿਮਟੇ ਖੜਕਾਉਂਦੇ ਓ ਤੁਹਾਡਾ ਵਾਹਿਗੁਰੂ.....ਵਲੈਤੀ ਬਾਣੀਆਂ ਵਿੱਚ ਦੀ ਟੰਗ ਅੜਾ

ਕੇ ਆਖਦਾ ਯਾਰ ਕਾਹਨੂੰ ਜਬਾੜਿਆਂ ਦਾ ਭੇੜ ਕਰਦੇ ਓ ਰੱਬ ਤਾਂ ਸਾਰਿਆਂ ਦਾ ਹੀ ਬੋਲਾ ਲਗਦੈ, ਆਹ ਮੰਦਰ ਆਲੇ ਘੱਟ ਟੱਲ ਕੁਟਦੇ ਨੇ__।

ਵੈਦ ਦਿਆ ਨੰਦ ਕੰਨ 'ਚ ਜਨੇਊ ਟੰਗੀ ਪਟੜੀ ਤੇ ਤੁਰਦਾ ਜਦ ਕਦੀ ਆ ਬਹੁੜਦਾ ਬਿਨਾਂ ਪੁੱਛਿਆਂ ਦੱਸਿਆਂ ਕਹਿਣ ਲੱਗ ਜਾਂਦਾ, "ਦੁਸ਼ਟੋ ਯਹ. ਕਿਆ ਕਰਤੋ ਹੋ, ਇਤਨਾ ਘੋਰ ਪਾਪ ਪਰਭੂ ਕੇ ਪ੍ਰਤਿ......।

ਵਲੈਤੀ ਬਾਣੀਏ ਦੇ ਖੀਸੇ 'ਚ ਹੱਥ ਪਾ ਕੇ ਭਾਈ ਜੀ ਰਿਉੜੀਆਂ ਕੱਢ ਲੈਂਦਾ ਹੱਥੋ ਪਾਈ ਸ਼ੁਰੂ ਹੋ ਜਾਂਦੀ, ਭਾਈ ਜੀ ਵਲੈਤੀ ਤੇ ਖੁਦਾਈਆ ਪਰਚਦੇ ਰਹਿੰਦੇ। ਖੀਸੇ 'ਚ ਭਾਈ ਜੀ ਜਦ ਫੇਰ ਹੱਥ ਪਾਉਂਦਾ, ਵਲੈਤੀ ਤ੍ਰਿਬਕਦਾ ਤੇ ਅੱਗੋਂ ਭਾਈ ਜੀ ਬੋਲਦਾ, "ਕਿਉਂ ਭਰਿੰਡ ਲੜਦੀ ਏ, ਢੋਲਕੀ ਪਾਟਦੀ ਐ, ਤਿੰਨੇ ਜਣੇ ਫੇਰ ਉਥੇ ਹੀ ਕੱਸੀ ਦੀ ਪਟੜੀ ਤੇ ਬੈਠ ਕੇ ਸਾਧਾਰਣ ਗੱਲਾਂ ਛੇੜ ਲੈਂਦੇ। ਖੁਦਾਈਆ ਅਲਗੋਜ਼ਿਆਂ ਦਾ ਮਾਹਿਰ ਸੀ, ਅਲਗੋਜ਼ਿਆ ਦਾ ਸੁਰ ਛਿੜ ਪੈਂਦਾ। ਭਾਈ ਜੀ ਤੇ ਵਲੈਤੀ ਰਿਓੜੀਆਂ ਪੁਚਾ ਕੇ ਮਾਰ ਮਾਰ ਚੱਬਦੇ ਰਹਿੰਦੇ। ਵਲੈਤੀ ਨੂੰ ਰਿਓੜੀਆਂ ਚੱਬਣ ਦੀ ਬੜੀ ਆਦਤ ਸੀ। ਵਲੈਤੀ ਛੜਾ ਛੜਾਂਗ, ਪਿੰਡ ਦੀ ਮੋਟੀ ਮੁਰਗੀ ਸੀ। ਪਿੰਡ ਦਾ ਹਰ ਉੱਠਦਾ ਮੁੰਡਾ ਵਲੈਤੀ ਦੇ ਤਬੇਲੇ 'ਚ ਬੈਠਣ ਦੀ ਚਸ ਕਰਦਾ ਰਹਿੰਦਾ।

ਵਲੈਤੀ ਦਾ ਤਬੇਲਾ, ਤਬੇਲੇ ਦੇ ਦੂਜੇ ਸਿਰੇ ਤੇ ਵਣ ਸੀ। ਵਣ ਕਾਹਦਾ ਸੀ ਬਰੋਟੇ ਜਿੱਡਾ ਵਣ, ਵਣ ਨੂੰ ਜਦ ਪੀਲਾਂ ਲਗਦੀਆਂ, ਬਰਜੀ ਘੁਮਿਆਰੀ ਦੇ ਪੋਤੇ ਪੋਤੀਆਂ ਵਣ ਤੇ ਚਮਗਿੱਦੜਾਂ ਵਾਂਗੂ ਲਟਕਦੇ ਰਹਿੰਦੇ, ਬਰਜੀ ਨੂੰ ਉਲਾਂਭਾ ਦੇਣ ਜਾਂਦਾ ਵਲੈਤੀ ਮੁੱਛਾਂ ਨੂੰ ਤੇਲ ਲਾ ਕੇ ਜਾਂਦਾ, ਕੁੜਤਾ ਭੀ ਬਦਲਦਾ ਤੇ ਖੱਲ ਧੌੜੀ ਦੀ ਜੁੱਤੀ ਤੇ ਭੀ ਤੇਲ ਨਾਲ ਲਿਬੜਿਆ ਫੰਬਾ ਮਲਦਾ। ਵਲੈਤੀ ਜਦ ਬਰਜੀ ਸਾਹਮਣੇ ਹੁੰਦਾ ਉਲਾਂਭਾ ਭੁੱਲ ਜਾਂਦਾ ਤੇ ਮੁਟਕ ਮੁਟਕ ਗੱਲਾਂ ਤੁਰ ਪੈਂਦੀਆਂ। ਕਿੰਨੀ ਕਿੰਨੀ ਦੇਰ ਵਲੈਤੀ ਤੇ ਬਰਜੀ ਦੀਆਂ ਘਰੇਲੂ ਗੱਲਾਂ ਹੁੰਦੀਆ ਰਹਿੰਦੀਆਂ। ਬਰਜੀ ਦੇ ਪੋਤੇ ਪੋਤੀਆਂ, ਦੋਹਤੇ ਦੋਹਤੀਆਂ ਵਲੈਤੀ ਦੇ ਮੋਢਿਆਂ ਤੇ ਝੂਟਦੇ ਰਹਿੰਦੇ।

ਵਲੈਤੀ ਦਾ ਤਬੇਲਾ ਤਬੇਲੇ 'ਚ ਵਣ ਦੇ ਨੇੜੇ ਹੀ ਪੰਜ ਸੱਤ ਮੰਜੀਆਂ ਜਿੰਨੀ ਥਾਵੇਂ ਕੁਮਾਰ ਦੇ ਬੂਝੇ ਸਨ। ਤੇਲ 'ਚ ਤੜਕ ਕੇ ਕੁਮਾਰ ਦੀ ਬਣਾਈ ਸਬਜ਼ੀ ਪਿੰਡ ਦੇ ਵੇਹਲੜ ਪੰਜ ਸੱਤ ਮੁੰਡੇ ਖਾਂਦੇ ਰਹਿੰਦੇ ਹਾਮਾ ਮਖੌਲ ਚਲਦਾ ਰਹਿੰਦਾ, ਇਕ ਵਾਰ ਕਿਸੇ ਨੇ ਵਿੱਚੋਂ ਆਖ ਦਿੱਤਾ, ਕੁਕੜ ਕੀ ਕਰੂ ਤੇ ਗੱਲ ਮੋਟੇ ਮੁਰਗੇ ਤੇ ਆ ਗਈ, ਬਰਜੀ ਮੋਟੀ ਸੀ, ਵਲੈਤੀ ਨੂੰ ਬੱਸ ਮੋਟੀ ਮੁਰਗੀ ਕਹਿ ਕੇ ਛੇੜ ਛਾੜ ਹੁੰਦੀ ਰਹਿੰਦੀ। ਸੂਰ ਵਰਗੀ ਬਰਜੀ, ਅੱਕ ਦੇ ਕਾਮੜੇ ਵਰਗਾ ਵਲੈਤੀ, ਘੰਟਿਆਂ ਬੱਧੀ ਸੁਰ ਸੁਰ ਕਰਦੇ ਰਹਿੰਦੇ। ਪਿੰਡ 'ਚ ਵਲੈਤੀ ਨੂੰ ਗੋਲੀਆਂ ਵਾਲਾ ਬਾਬਾ, ਬਾਬਾ ਬਾਲ ਭੋਗੀਆ ਭੀ ਆਖਿਆ ਜਾਂਦਾ ਸੀ। ਤਬੇਲੇ ਦੀ ਇਕ ਕੋਠੜੀ 'ਚ ਪੰਜ ਸੱਤ ਟੁੱਟੀਆ ਫੁੱਟੀਆਂ ਪੀਪੀਆਂ 'ਚ ਨਿਕੱੜ ਸੁੱਕੜ ਪਿਆ ਰਹਿੰਦਾ, ਕਦੇ ਕਦੇ ਵਲੈਤੀ ਸੁੰਬਾਂ ਵਰਗੀਆਂ ਮੋਟੀਆਂ ਸ਼ਾਖਾਂ ਵਾਲੀਆਂ ਗੁੜ ਦੀ ਚਾਸ਼ਨੀ ਦੀਆਂ ਜਲੇਬੀਆਂ ਬਣਾ ਲੈਂਦਾ। ਕਈ ਵਾਰ ਸ਼ਹਿਰੋਂ ਬੱਤਿਆਂ ਦੀ ਪੇਟੀ ਭਰ ਲਿਆਉਂਦਾ, ਵੀਹ ਸੇਰ ਬਰਫ਼ ਲਿਆ ਕੇ ਵੇਚ ਲੈਂਦਾ, ਕਈ ਵਾਰ ਪਹੋਏ ਵੱਲ ਤੁਰ ਜਾਂਦਾ। ਵੱਡੇ ਪਿੰਡ ਵਾਲੇ ਸਫ਼ਰੀ ਨਾਲ ਡੰਗਰਾਂ ਦੀ ਮੰਡੀ ਤੇ ਤੁਰ ਜਾਂਦਾ ਤੇ ਤੰਬੂ 'ਚ ਬੈਠਾ ਚਾਹ ਬਣਾ ਬਣਾ ਕੇ ਸਮੇਂ ਨੂੰ ਠੁੱਡੇ ਮਾਰਦਾ ਰਹਿੰਦਾ।

ਵਲੈਤੀ ਪਿੰਡ ਦਾ ਸ਼ੁਗਲ ਸੀ। ਬੱਚੇ ਵਲੈਤੀ ਤੋਂ ਗੋਲੀ, ਬਾਬਾ ਗੋਲੀ ਮੰਗ ਕੇ ਤੇ ਇੱਕ ਰਿਓੜੀ ਲੈ ਕੇ ਪਰਚਦੇ ਰਹਿੰਦੇ, ਨੌਜਵਾਨ ਉਸਦੇ ਤਬੇਲੇ 'ਚ ਚਾਹ ਦੀ ਘੁੱਟ ਪੀਕੇ, ਕੁਮਾਰ ਤੜਕ ਕੇ ਪਰਚਦੇ ਰਹਿੰਦੇ ਤੇ ਉਨ੍ਹਾਂ ਦਾ ਚੰਗਾ ਠਕ ਠਕਾ ਬੱਝਿਆ ਹੋਇਆ ਸੀ। ਬੁੱਢੇ ਠੇਰੇ ਨੂੰ ਜੀਹਨੂੰ ਘਰੋਂ ਕੋਈ ਤੱਤੇ ਸੁਭਾਅ ਵਾਲੀ ਨੂੰਹ ਟਾਹ ਦੇਂਦੀ, ਉਸ ਬਿਚਾਰੇ ਨੂੰ ਵਲੈਤੀ ਦੇ ਤਬੇਲੇ 'ਚ ਮੁੰਜ ਦੀ ਮੰਜੀ ਮਿਲ ਜਾਂਦੀ। ਵਲੈਤੀ ਕਈ ਵਾਰ ਮਿੱਠੀਆਂ ਖਿੱਲਾਂ ਦਾ ਖੀਸਾ ਭਰਕੇ ਗਲੀਏਂ ਹੋ ਲੈਂਦਾ। ਬਾਬਾ ਬਾਲ ਭੋਗੀਆਂ, ਗਲੀ ਗੁਆਂਢ ਦੇ ਨਿਆਣੇ ਦੜੰਗੇ ਮਾਰਦੇ ਵਲੈਤੀ ਦੁਆਲੇ ਹੋ ਜਾਂਦੇ। ਵਲੈਤੀ ਹਰ ਬੱਚੇ ਦੇ ਹੱਥ ਤੇ ਪੰਜ ਸੱਤ ਮਿੱਠੀਆਂ ਖਿੱਲਾਂ ਧਰ ਦੇਂਦਾ, ਜਦ ਕੋਈ ਬੱਚਾ ਦੂਹਰੀ ਵਾਰ ਬਾਲ ਭੋਗ ਲੈਣ ਦੀ ਕੋਸ਼ਿਸ਼ ਕਰਦਾ, ਵਲੈਤੀ ਆਪਣੀ ਗਭਲੀ ਉਂਗਲੀ ਨੂੰ ਇਕ ਵਿਸ਼ੇਸ਼ ਢੰਗ ਨਾਲ ਹਿਲਾ ਦੇਂਦਾ,

ਬੱਚਿਆਂ ਦਾ ਮਨੋਰੰਜਨ ਹੋ ਜਾਂਦਾ। ਬਾਬਾ ਬਾਲ ਭੋਗੀਆਂ ਆਖਦੀਆਂ, ਸੱਜ ਉਠਦੀਆਂ ਮੁਟਿਆਰ ਕੁੜੀਆਂ ਭੀ ਮੱਛਰ ਜਾਂਦੀਆਂ, ਭੋਗ ਮੰਗਦੀਆਂ।

ਬਾਬਾ ਬਾਲ ਭੋਗੀਆਂ ਘੜੂਕ ਨੂੰ ਬੇਹੇ ਕੜਾਹ ਵਾਂਗ ਲੈਂਦਾ ਸੀ। ਘੜੂਕ ਬਾਹਰਲੇ ਗੁਰਦੁਆਰੇ ਵਾਲਾ ਭਾਈ ਜੀ ਧਰਮਸ਼ਾਲਾ ਦੀਆਂ ਪੌੜੀਆਂ 'ਚ ਬੈਠਾ ਆਪਣੀਆਂ ਹੀ ਮਾਰਦਾ ਰਹਿੰਦਾ, "ਗਊ ਦੂਧ ਬਹੁਤ ਦੇਵੇਗੀ ਔਰ ਫਿਰ ਰੋਸ ਪੰਜਾਬੇ ਆਵੇ ਰੂਪ ਦਾ ਸੇਰ ਅੰਨ ਵਕਾਵੇ....ਜਬ ਜਾ ਜਾ ਕਰ ਤੱਤ ਖਾਲਸਾ ਉੱਠੇਗਾ ਔਰ ਜਬ ਜਾ ਜਾ ਕਰ ਉਸ ਕਾ ਨਾਸ਼ ਹੋਵੇਗਾ ਪਹਿਲਾਂ ਤਾਂ ਵਲੈਤੀ ਘੜੂੱਕ ਦੀਆਂ ਸੁਣਦਾ ਰਹਿੰਦਾ ਤੇ ਫੇਰ ਉਸ ਨੂੰ ਆਖਦਾ, "ਲਓ ਮਾਰਾਜ ਸਾਡਾ ਭੋਗ" ਤੇ ਬੱਸ ਚਾਰ ਮਿੱਠੀਆਂ ਖਿੱਲਾਂ ਉਸ ਦੇ ਹੱਥ ਤੇ ਧਰ ਕੇ ਘੜੂੱਕ ਨੂੰ ਵਲੈਤੀ ਗਾਜਰ ਦੇ ਬੁੰਡੇ ਵਾਂਗ ਲਾਹ ਦੇਂਦਾ, ਸਾਲਾ ਵੱਡਾ ਆਇਐ ਕਰ-ਮੀਕੀਆਂ ਕਰਨ ਵਾਲਾ, ਮਾਰੀ ਜਾਂਦੈ ਉੱਘ ਦੀਆਂ ਪਤਾਲ ਮਣ ਮਣ ਦੇ ਗੱਪ, ਗਊ ਦੂਧ ਬਹੁਤ ਦੇਵੇਗੀ, ਦੇਊਗੀ ਤੇਰੀ ਮਾਂ, ਭਲਾਂ ਦੱਸ ਵੰਡ ਵੜੇਮੇ ਤੋਂ ਬਿਨਾਂ ਦੁੱਧ ਕਿੱਧਰੋਂ ਆਊ, ਘੜੂਕ ਤੇ ਬਾਲ ਭੋਗੀਆਂ ਵਲੈਤੀ ਆਪਣੇ ਆਪ 'ਚ ਖਹਿਬੜ ਪੈਂਦੇ, ਲਲਾ ਲਲਾ ਹੋ ਜਾਂਦੀ, ਬਾਕੀ ਬੜਾ ਭਜਾਈ ਜਾਂਦਾ ਤੇ ਆਖਿਰ ਨੂੰ ਘੜੂੱਕ ਉਸ ਦੇ ਗੋਡੀਂ ਹੱਥ ਲਾ ਕੇ ਖਹਿੜਾ ਛੁਡਾਂਦਾ।

ਕੱਲਾ ਕਲਾਪਾ ਵਲੈਤੀ ਦੋ ਬੁਰਕੀਆਂ ਦਾ ਮੁਥਾਜ ਸੀ। ਦੋ ਛਿੱਲੜ ਬਣ ਜਾਂਦੇ, ਨਿਚਲਾ ਹੋ ਕੇ ਬੈਠ ਜਾਂਦਾ। ਇਕ ਵਾਰ ਵਲੈਤੀ ਵੱਡੇ ਪਿੰਡ ਵਾਲੇ ਸਫਰੀ ਨਾਲੋਂ ਦੋ ਮਹੀਨਿਆਂ ਪਿੱਛੋਂ ਵਾਪਿਸ ਪਿੰਡ ਮੁੜਿਆ। ਬੱਸ ਫੇਰ ਕੀ ਸੀ ਬਰਜੀ ਆਉਂਦੇ ਨੂੰ ਹੀ ਪੈ ਗੀ, ਤੇਰੇ ਉੱਥੇ ਆਂਡੇ ਦਿੱਤੇ ਸੀ, ਤੇਰਾ ਤਾਂ ਜਿਵੇਂ - ਕੋਈ ਪਿੱਛੇ ਹੁੰਦਾ ਹੀ ਨੀ...ਆਹ ਜਵਾਕ....ਵਲੈਤੀ ਲਿਪ ਲਿਪ ਕਰਦਾ ਸਬਾਤ 'ਚ ਹੀ ਮਿਜੀ ਤੇ ਡਿੱਗ ਪਿਆ। ਬਰਜੀ ਦਾ ਨਿੱਕਾ ਪੋਤਾ ਆ ਚੜ੍ਹਿਆ ਵਲੈਤੀ ਦੇ ਮੌਰੀਂ ਤੇ ਮੁਣਮੁਣੇ ਵਾਂਗ ਉਂਗਲਾ 'ਚ ਲੈ ਕੇ ਵਲੈਤੀ ਦੇ ਮੂੰਹ ਦੇ ਮੋਟੇ ਸਾਰੇ ਮੁਹਕੇ ਨਾਲ ਖੇਲਣ ਲੱਗ ਪਿਆ। ਆਹ ਤਾਂ ਤੇਰੇ ਬਿਨਾਂ, ਬਰਜੀ ਦੀਆਂ ਕੌਡੇ ਰਾਖਸ਼ਿਸ਼ ਵਰਗੀਆਂ ਅੱਖਾਂ 'ਚ ਪਾਣੀ ਆਉਂਦਾ-ਆਉਂਦਾ ਰੁਕ ਰਿਹਾ

ਸੀ ਜਿਵੇਂ ਪੋਤੇ ਦੀ ਥਾਂਵੇ ਬਰਜੀ ਦਾ ਆਪਣਾ ਚਿੱਤ ਹੀ ਨਾ ਲੱਗਿਆ ਹੋਵੇ। ਵਲੈਤੀ ਨੂੰ ਭੀ ਜਿਵੇਂ ਨੇਮੇਂ ਦਾ ਕਿਹਾ ਗੀਤ ਯਾਦ ਆ ਪਿਆ ਹੋਵੇ....

ਚਿੱਤ ਲੱਗੇ ਨਾ ਉਦਾਸਣ ਹੋਈ

ਕਰਦੀ ਦਿਨ ਕਟੀਆਂ

ਮਧਰੇ ਜਿਹੇ ਕੱਦ ਦਾ ਨੂਰਾ, ਵਲੈਤੀ ਬਾਣੀਏ ਦੇ ਤਬੇਲੇ ' ਅੱਜ ਬਕਰੀਦ ਨੂੰ ਬੱਕਰੇ ਦਾ ਮਾਸ ਦੇਣ ਆਇਆ ਸੀ। ਵਲੈਤੀ ਦਾ ਮੂੰਹ ਬੰਦ ਕਰਨ ਲਈ ਨੂਰਾ ਪਹਿਲਾਂ ਹੀ ਬੋਲ ਪਿਆ, “ਕਾਹਨੂੰ ਦੰਦ ਪੀਹਦੈ ਹੱਕਦੈ" ਭਾਵੇਂ ਵਲੈਤੀ ਵਾਸਤੇ ਨਾ ਕੋਈ ਹੱਕ ਦਾ ਅਰਥ ਸੀ ਨਾ ਹਲਾਲ ਦਾ। ਵਲੈਤੀ-ਬਾਣੀਏ ਦੀ ਗੱਲ ਬੜੀ ਵਿਚਿੱਤਰ ਸੀ। ਵਲੈਤੀ ਦਾ ਬਾਈ ਬਾਰਾ ਮੱਲ ਭੀ ਇਕ ਸ਼ੈਅ ਸੀ, ਖੱਦਰ ਦੇ ਦੁਪੱਟੇ 'ਚ ਇਸ ਸ਼ੀਸ਼ੀ ਸ਼ਰਾਬ ਦੀ ਬੰਨ੍ਹ ਕੇ ਕਸੀ ਦੇ ਪਾਣੀ 'ਚ ਸੁੱਟ ਦੇਂਦਾ, ਜਦੋਂ ਠੰਡੀ ਹੋ ਜਾਂਦੀ ਕੱਸੀ ਦੇ ਕੰਢੇ ਬੈਠ ਕੇ ਹੀ....ਸਿਰਹਾਣੇ ਸ਼ੀਸ਼ੀ ਤੇ ਗਲਾਸ, ਉੱਠਦਾ ਪੈੱਗ ਲਾ ਲੈਂਦਾ। ਵੈਦ ਦਿਆਨੰਦ ਨੇ ਜੋ ਆਖ ਦਿੱਤਾ ਸੀ, ਉਵੇਂ ਹੀ ਹਾਲੀ ਪਾਲੀ ਬਾਰਾ ਮੱਲ ਨੂੰ ਸ਼ਿਵਾ ਸੇਵਕ ਆਖਦੇ ਸਨ। ਬਾਰਾ ਮੱਲ, ਦੀ ਅੱਖ ਵੱਡੇ ਕੌਡੇ ਵਰਗੀ, ਢਿੱਡ ਛਿਉਰਾਂ ਦੀ ਮਸ਼ਕ ਵਰਗਾ। ਬਾਰਾ ਮੱਲ, ਬਾਰਾ ਮੱਲ ਹੀ ਸੀ। ਬਾਰਾ ਮੱਲ ਕੋਲ, ਪੰਜਾਹ ਸੱਠ ਕਿੱਲੇ ਧਰਤੀ ਦੇ ਸਨ ਗਹਿਣੇ ਹੁੰਦੇ ਗਏ। ਗਹਿਣਾ ਜਦ ਟੁੱਟਣ ਲੱਗ ਪਿਆ, ਬੈਅ ਵਾਲੇ ਪਾਸੇ ਵਾਢਾ ਧਰ ਲਿਆ। ਪਿੰਡ ਵਿਚ ਬਾਰਾ ਮੱਲ, ਬਾਰਾ ਮੱਲ ਹੀ ਹੁੰਦੀ ਪਈ ਸੀ। ਪਿੰਡ ਦੇ ਚੱਕਮੇ ਸੁਭਾਅ ਵਾਲੇ ਜੱਟਾਂ ਨੇ ਉਂਗਲਾਂ ਲਾ ਲਾ ਇੱਕ ਬਾਂਗਰੋਂ ਖਰੀਦਣ ਲਈ ਤੱਤਾ ਕਰ ਦਿੱਤਾ.

ਬਾਰਾ ਮੱਲ ਤੇ ਬਾਂਗਰੋਂ ਉਨ੍ਹਾਂ ਦਾ ਫਰ ਜਿੰਦੇ ਖਾਸ ਸ੍ਰੀ ਸ੍ਰੀ 108 ਮਹਾਰਾਜ ਧਿਰਾਜ ਹਜ਼ੂਰੇ ਖਾਸ ਵਲੈਤੀ ਮੱਲ ਮੌਜਾਂ ਮਾਣਦਾ ਰਿਹਾ, ਪਲਦਾ ਰਿਹਾ, ਵੱਡਾ ਹੁੰਦਾ ਰਿਹਾ, ਤਬੇਲੇ ਦਾ ਮਾਲਕ ਵਲੈਤੀ ਦੱਸੋ ਕਿਹੜੇ ਹੱਕ ਤੇ ਹਲਾਲ ਨੂੰ ਮਾਨ ਦੇਵੇ। ਹੱਕੀ ਜ਼ਿੰਦਗੀ 'ਚ ਹਲਾਲ ਹੋਏ ਮਨੁੱਖ ਕਿਸ ਧਰਮ ਦੀ ਹਮਾਇਤ ਕਰਨ।

ਵਲੈਤੀ ਨੂੰ ਨੇਮੋਂ ਪਿਆਰੀ ਪਿਆਰੀ ਲਗਦੀ। ਬਰਜੀ ਨਾਲੋਂ ਭੀ ਪਿਆਰੀ ਨੂਰੇ ਦੇ ਘਰ ਜਦ ਕਦੀ ਵਲੈਤੀ ਨੇਮੋਂ ਹੁੱਭ ਹੁੱਭ ਕਾਹੜਣੀ 'ਚੋਂ ਦੁੱਧ ਕੱਢ ਕੱਢ ਪਿਲਾਉਂਦੀ। ਜਿੱਦਣ ਵਲੈਤੀ ਨੇਮੋਂ ਦੇ ਹੱਥਾਂ ਦਾ ਦੁੱਧ ਪੀ ਕੇ ਆਉਂਦਾ ਓਦਣ ਉਹ ਆਪਣੇ ਤਬੇਲੇ 'ਚ ਕਿਸੇ ਨੂੰ ਬੈਠਣ ਨਾ ਦੇਂਦਾ। ਤਬੇਲੇ ਦਾ ਫ਼ਿੜਕਾ ਮਾਰ ਕੇ ਅੰਦਰ ਆਪਣੀ ਮੰਜੀ ਤੇ ਸੋਗੀ ਜਿਹਾ ਬਣ ਕੇ ਪੈ ਜਾਂਦਾ। ਪਾਣੀ ਦੀ ਲਹਿਰ ਵਾਂਗ ਨੇਮੋਂ ਉਸ ਦੀਆਂ ਅੱਖਾਂ ਸਾਹਮਣੇ ਹਿਲਦੀ ਰਹਿੰਦੀ। ਜਦੋਂ ਵਲੈਤੀ ਦਾ ਦਿਲ ਬਹੁਤ ਹੀ ਓਦਰ ਜਾਂਦਾ, ਉਹ ਘਰੋਂ ਚੱਲ ਪੈਂਦਾ ਪੈਲੀਆਂ 'ਚ, ਖੇਤਾਂ 'ਚ, ਉਨ੍ਹਾਂ ਪੈਲੀਆਂ 'ਚ, ਉਨ੍ਹਾਂ ਖੇਤਾਂ 'ਚ ਉੱਘੀਆਂ ਪੈਲੀਆਂ 'ਚ, ਜਿਨ੍ਹਾਂ ਨੂੰ ਉਸ ਦੇ ਪਿਓ ਬਾਰਾ ਮੱਲ ਨੇ ਬੈਅ ਕੀਤੀ ਸੀ, ਫਿਰਦਾ ਰਹਿੰਦਾ ਇਕ ਧਰਵਾਸ ਮਿਲਦਾ ਰਹਿੰਦਾ। ਜਦੋਂ ਕਦੇ ਵੈਦ ਦਿਆਨੰਦ ਵਲੈਤੀ ਨੂੰ ਆਖਦਾ ਬਾਰਾ ਮੱਲ ਕੀ ਯਾਦ ਮੇਂ ਮਮਟੀ ਬਣਾ ਦੋ ਬਹਿ ਤੋਂ ਸ਼ਿਵਾਂ ਕਵ ਭਗਤ ਥਾ...ਸ਼ਿਵਾਂ ਕਾ ਭਗਤ ਵਲੈਤੀ ਨੂੰ ਵੈਦ ਦੀ ਗੱਲ ਸੁਣ ਕੇ ਚੀਹ ਚੜ੍ਹ ਜਾਂਦੀ, ਤੇ ਉਹ ਦੰਦ ਚੱਬ ਕੇ ਗੱਲ ਆਖਦਾ, “ਮਮਟੀ ਬਣਾ, ਦੇਵਾਂ ਕੰਜਰ ਦੇ ਬੋਕੇ ਦੀ, ਮਰ ਗਿਆ ਚੰਗਾ ਹੋ ਗਿਆ ਉਸ ਤੋਂ ਬਿਨਾਂ ਤਾਂ ਕਿਤੇ ਜੱਗ ਨਾ ਸੁੰਨਾ ਹੋ ਗਿਆ ਹੋਵੇ ?"

ਨੂਰੇ ਨਾਲ ਵਲੈਤੀ ਦਾ ਯਾਰਾਨਾ ਪੁਰਾਣਾ ਸੀ, ਨੇਮੋਂ ਨੂੰ ਨੂਰਾ ਜਦ ਵਿਆਹ ਕੇ ਲਿਆਇਆ ਸੀ ਵਲੈਤੀ ਉਸ ਦਾ ਸਰਬਾਲਾ ਬਣਿਆ ਸੀ, ਕਿੰਨੀਆਂ ਪੁਰਾਣੀਆਂ ਪੈ ਚੁੱਕੀਆਂ ਯਾਦਾਂ ਸਨ ਇਹ ਸਭ...ਕਦੇ ਕਦੇ ਵਲੈਤੀ ਅੰਦਰ ਇਕ ਈਰਖਾ ਜਿਹੀ ਉੱਠਦੀ ਤੇ ਉਹ ਪਿੰਡ ਛੱਡ ਤੁਰਦਾ ਕਦੇ ਕੱਲਾ ਕਦੇ ਵੱਡੇ ਪਿੰਡ ਆਲੇ ਸਫਰੀ ਨਾਲ, ਜਾਂਦਾ ਹੋਇਆ ਤਬੇਲੇ ਦੀ ਕੁੰਜੀ ਨੂਰੇ ਨੂੰ ਫੜਾ ਜਾਂਦਾ। ਨੂਰਾ ਪਿੱਛੋਂ ਚਾਣੇ ਬਾਲਟੀਆਂ ਕੁਮਾਰ 'ਚ ਪਾ ਦੇਂਦਾ, ਵਣ-ਹੇਠ ਬੱਕਰੀਆਂ ਬੰਨ੍ਹ ਲੈਂਦੇ ਤੇ ਨੂਰੇ ਦੀ ਘਰ ਵਾਲੀ ਨੈਅਮਤੋਂ ਤਬੇਲੇ 'ਚ ਬੋਹਕਰ ਬੁਹਾਰੀ ਕਰ ਛੱਡਦੀ। ਬੋਹਕਰ ਬੁਹਾਰੀ ਕਰਦਿਆਂ ਨੇਮੋਂ ਨੂੰ ਵਲੈਤੀ ਦਾ ਮਿੱਠਾ ਮਿੱਠਾ ਚੇਤਾ ਇਉਂ ਉਠਦਾ ਜਿਵੇਂ ਸੁੱਜੇ ਫ਼ੋੜੇ ਤੇ ਹੱਥ ਫਿਰਦਾ ਹੁੰਦੈ। ਕਈ ਕਈ ਮਹੀਨੇ ਵਲੈਤੀ ਨਾ ਮੁੜਦਾ ਨੂਰੇ ਨੂੰ ਪੰਜ ਦਸ ਦਾ ਮਨੀਆਰਡਰ ਘੱਲ ਦੇਂਦਾ, ਜਿੱਦਣ ਮਨੀਆਰਡਰ ਆਉਂਦਾ ਡਾਕੀਏ ਨੂੰ ਇੱਕ ਆਨਾ ਦੇ ਕੇ ਨੂਰਾ ਦਸ ਫੜਦਾ, ਫੜ ਕੇ ਨੇਮੋਂ

ਦੀ ਹਥੇਲੀ ਤੇ ਰੱਖਦਾ ਹੱਸ ਲੈਂਦਾ, "ਆਹ ਲੈ ਤੇਰੇ ਲੋ ਦਿਓਰ...." ਨੇਮੋਂ ਅੰਦਰ ਜਿਵੇਂ ਅੱਗ ਦਾ ਦਰਿਆ ਤੁਰ ਪੈਂਦਾ। ਰਾਤ ਨੂੰ ਨੇਮੋਂ ਵਲੈਤੀ ਦੀ ਕਾਲੀ ਬੋਲੀ ਸੂਰਤ ਦੇ ਸੁਪਨੇ ਲੈਂਦੀ ਸਵੇਰ ਸਾਰ ਨੂਰਾ ਮਸੀਤ ਗਿਆ ਹੁੰਦਾ ਘਰੇ ਨੇਮੋਂ ਵਲੈਤੀ ਦੀ ਯਾਦ ਦੀ ਨਮਾਜ ਪੜ੍ਹ ਰਹੀ ਹੁੰਦੀ, ਯਾਦ ਦੀ ਨਮਾਜ਼ ਪੜ੍ਹ ਪੜ੍ਹ ਚੁੱਪ ਚੁੱਪ ਬਾਂਗਾਂ ਦੇਂਦੀ। 'ਖੁਦਾ ਕਰੀਮ ਜੇ ਅੱਜ ਵਲੈਤੀ ਆਜੇ ਪੀਰਾਂ ਦੇ ਪੰਜ ਪੈਸਿਆਂ ਦੇ ਪਤਾਸੇ ਵੰਡਾ।"

ਇਕ ਦੋ ਬਾਰ ਸੱਬਬ ਅਜਿਹਾ ਬਹੁੜਦਾ ਵਲੈਤੀ ਆ ਜਾਂਦਾ, ਪੰਜ ਪੈਸਿਆਂ ਦੇ ਪਤਾਸੇ ਵੰਡਦੀ। ਦੇ ਨੇਮੋਂ ਇਉਂ ਫਿਰਦੀ ਜਿਵੇਂ ਮੌੜਾਂ ਦੀ ਘੁੱਕਣੇ ਨੂੰ ਤੀਆਂ ਦਾ ਚਾਅ ਹੁੰਦਾ ਐ। ਧਰਤੀ ਤੇ ਪੱਬ ਖੜਕਾਉਂਦੀ ਨੇਮੋਂ ਨੂੰ ਨੂਰਾ ਛੇੜ ਜਾਂਦਾ।

ਵਲੈਤੀ ਉਸ ਦਿਨ ਬਰਜੀ ਵੱਲ ਜਾਂਦਾ ਨਾ । ਬਰਜੀ ਨੂੰ ਭੀ ਸੂਹ ਉੱਪੜ ਗਈ। "ਚੰਗਾ ਮੇਰੇ ਸਾਲੇ ਨੂੰ ਆਉਣ ਦੇ ਕੇਰਾਂ," ਬਰਜੀ ਬੱਕਲੀਆਂ ਦੇ ਪਾਣੀ ਵਾਂਗ ਉੱਬਲਦੀ ਰਹਿੰਦੀ, ਓਧਰ ਨੇਮੋਂ ਵਲੈਤੀ ਵਾਸਤੇ ਸੇਵੀਆਂ ਬਣਾਉਂਦੀ। ਨੂਰਾ ਤੇ ਵਲੈਤੀ ਪੁਚਾਕੇ ਮਾਰ ਮਾਰ ਸੇਬੀਆਂ ਖਾਂਦੇ। ਨਿੱਕਾ ਕਾਕੜ ਅੱਡ ਆਪਣੀ ਸੇਬੀਆਂ ਵਾਲੀ ਛੰਨੀ ਖੜਕਾਉਂਦਾ ਰਹਿੰਦਾ, ਸਵਰਗ ਦਾ ਹੂਟਾ ਸੀ ਨੂਰੇ ਜੁਲਾਹੇ ਦਾ ਘਰ।

ਖੁਦਾਈਆ ਬਾਗੀਂ ਬਹੁਤਾ ਸਮਾਂ ਮਸੀਤ ਦੇ ਮੌਲਵੀ ਦੇ ਹੁਜ਼ਰੇ 'ਚ ਹੀ ਬੈਠਾ ਰਹਿੰਦਾ। ਮੌਲਵੀ ਦਾ ਹੁਜ਼ਰਾ ਖੁਦਾਈਏ ਦਾ ਅੱਧਾ ਘਰ ਸੀ। ਖੁਦਾਈਆ ਬਾਗੀ ਗਊਆਂ ਨੂੰ ਇਉਂ ਚਰਾ ਕੇ ਲਿਆਉਂਦਾ ਜਿਵੇਂ ਗਊਆਂ ਨੂੰ ਚਰਾਉਣਾ ਉਸ ਦਾ ਇਸ਼ਕ ਹੋਵੇ। ਢਾਂਡੀ ਦੇ ਸੋਟੀ ਮਾਰਨ ਦੀ ਤਾਂ ਜਿਵੇਂ ਖੁਦਾਈਏ ਨੂੰ ਸਹੁੰ ਹੀ ਹੁੰਦੀ ਹੈ। ਮੰਡੀਓਂ ਮਣ ਦੇ ਮਣ ਸੁਲੇਮਾਨੀ ਲੂਣ ਦਾ ਡਲਾ ਮੰਗਾ ਕੇ ਵੱਗ ਵਿਚਾਲੇ ਬਰੋਟੇ ਦੀਆਂ ਜੜ੍ਹਾਂ 'ਚ ਰੱਖ ਦੇਂਦਾ। ਡੰਗਰ ਪਸ਼ੂ ਚੱਟਦੇ ਰਹਿੰਦੇ। ਪਿੰਡ 'ਚ ਅਜੇ ਤੱਕ ਕਦੇ ਭੀ ਪਸ਼ੂਆਂ ਦੀ ਕੋਈ ਬਿਮਾਰੀ ਨਹੀਂ ਸੀ ਪਈ। ਟੂਣਾ ਕਰਨ ਖਾਤਿਰ ਖੁਦਾਈਆ ਇਕ ਮੋਟੀ ਸਾਰੀ ਲਕੜ ਦਾ ਹਨੂਮਾਨ, ਮੁਕੰਦੇ ਤਰਖਾਣ ਤੋਂ ਹਨੂਮਾਨ ਘੜਾ ਕੇ ਸਰ੍ਹੋਂ ਦੇ ਤੇਲ ਦੀ ਪਲੀ ਮੋਟੀ ਮੁੰਨੀ ਦੇ ਸਿਰ 'ਚ ਪਾ ਕੇ ਸੰਧੂਰ ਛਿੜਕ ਦੇਂਦਾ ਤੇ ਰੱਬ ਦਾ ਸ਼ੁਕਰਾਨਾ ਕਰਦਾ ਖੁਦਾਈਆ ਇਉਂ ਮਹਿਸੂਸ

ਕਰਦਾ, ਜਿਵੇਂ ਹੁਣ ਉਸ ਦਿਨ ਤੋਂ ਬਾਅਦ ਉਸ ਦੇ ਵੱਗ ਦੀ ਹਰ ਗਊ ਪਿੰਡ ਦਾ ਹਰ ਪਸ਼ੂ ਸਵਾਸਥਾ ਰਹੇਗਾ। ਖੁਦਾਈਏ ਨੂੰ ਡੰਗਰਾਂ ਦੀਆਂ ਬਿਮਾਰੀਆਂ ਦੀ ਜਾਣਕਾਰੀ ਭੀ ਪੂਰੀ ਸੀ। ਇਕ ਦਿਨ ਵੈਦ ਦਿਆਨੰਦ ਦੀ ਸੱਜਰ ਸੂਈ ਹਜ਼ਾਰ ਰੁਪਏ ਦੀ ਝੋਟੀ ਨੂੰ ਪਰਲ ਪਰਲ ਮੋਕ ਪੈਂਦੀ ਸੀ। ਮੇਂਹਦੀ ਪੀਹ ਕੇ ਸ਼ੱਕਰ ਤੇ ਲੱਸੀ 'ਚ ਪਾ ਕੇ ਝੋਟੀ ਨੂੰ ਪਿਲਾ ਦਿੱਤੀ ਤਿੰਨ ਚਾਰ ਵਾਰ ਦਿਨ 'ਚ ਤੇ ਆਥਣ ਨੂੰ ਝੋਟੀ ਨੇ ਕੰਨ ਚੁੱਕ ਲਿੱਤੇ। ਵੈਦ ਬਿਟਰ ਬਿਟਰ ਵੇਖਦਾ ਰਹਿ ਗਿਆ।

ਮੌਲਵੀ ਦੇ ਹੁਜਰੇ ਦਾ ਕੁੰਡਾ ਖੜਕ ਰਿਹਾ ਸੀ । ਮਾਮਾ, ਓ ਮਾਮਾ, ਖੁਦਾਈਏ ਨੇ ਆਪਣੀ ਮਾਲਾ ਨੂੰ ਖੀਸੇ 'ਚ ਪਾਇਆ ਤੇ ਕੁੰਡਾ ਖੋਲ੍ਹਿਆ, ਕਾਕੜ ਹੱਥੋਂ ਛੱਨਾ ਫੜਕੇ ਰੱਬ ਦਾ ਸ਼ੁਕਰ ਕੀਤਾ, ਛੱਨੇ ਨੂੰ ਮੱਥੇ ਨਾਲ ਲਾਇਆ "ਰਿਜ਼ਕ ਭੀ ਰੱਬ ਹੀ ਹੁੰਦਾ ਹੈ" ਕਦੀ ਮੌਲਵੀ ਨੇ ਆਖਿਆ ਸੀ, ਖੁਦਾਈਏ ਨੇ ਗੱਲ ਪੱਲੇ ਬੰਨ੍ਹ ਛੱਡੀ ਸੀ। ਰਿਜ਼ਕ ਨੂੰ ਰੱਬ ਸਮਝਣ ਵਾਲਾ ਖੁਦਾਈਆ ਅਲਗੋਜ਼ਿਆਂ ਦਾ ਮਾਹਿਰ ਸੀ। ਪਹੇ ਦੀ ਪਵਿੱਤਰ ਚੁੱਪ 'ਚ ਜਦੋਂ ਕਦੇ ਅਲਗੋਜ਼ਿਆਂ ਦੀ ਆਵਾਜ਼, ਹਵਾ ਦੇ ਬੁੱਲਿਆਂ ਸਿਰ ਬੈਠ ਕੇ ਕਾਕੜ ਦੇ ਕੰਨੀਂ ਪੈਂਦੀ, ਕਾਕੜ, ਆਪਣੀ ਮਾਂ, ਨੇਮੋਂ ਕੋਲ ਜਾ ਕੇ 'ਆਖਦਾ ਬੇਬੇ, ਮਾਮਾ " ਜਦੋਂ ਕਦੇ ਪਿੰਡ ਦੇ ਪਹੇ ਦੀ ਪਵਿੱਤਰ ਚੁੱਪ 'ਚ ਖੁਦਾਈਆ ਆਪਣੇ ਅਲਗੋਜ਼ਿਆਂ ਨੂੰ ਛੇੜਦਾ, ਹਵਾ ਮੁਸਕਾ ਪੈਂਦੀ, ਅਲਗੋਜ਼ਿਆਂ ਦੀ ਮਿਸਰੀ ਆਵਾਜ਼, ਅਲਗੋਜ਼ਿਆਂ ਦੀ ਆਵਾਜ਼ 'ਚ ਇੱਕ ਕੰਬਣੀ ਹੁੰਦੀ, ਕੰਬਣੀ 'ਚ ਇੱਕ ਲੈਅ ਹੁੰਦੀ । ਲੈਅ 'ਚ ਹੁਲਾਰੇ ਲੈਂਦੇ ਲੋਕੀ, ਪਿੰਡ ਦੇ ਲੋਕੀ, ਖੁਦਾਈਏ ਤੇ ਬਾਰ ਬਾਰ ਜਾਂਦੇ ।

ਕਿਰਮੂ ਦੀ ਮੁਟਿਆਰ ਧੀ ਦਾਨੀ ਨੇ ਖੁਦਾਈਏ ਦੇ ਅਲਗੋਜ਼ਿਆਂ ਤੇ ਮੋਹਿਤ ਹੋ ਕੇ ਖੁਦਾਈਏ ਨਾਲ ਖਹਿਬੜਣਾ ਸ਼ੁਰੂ ਕਰ ਦਿੱਤਾ ਸੀ।

ਪਰ ਖੁਦਾਈਆ ਖੁਦਾ ਦੇ ਖ਼ੌਫ਼ ਦੀ ਗੱਲ ਕਰਦਾ, ਕਿਰਮੂ ਦੀ ਦਾਨੀ ਦੇ ਇਸ਼ਕ ਦਾ ਹੁੰਗਾਰਾ ਨਾ ਭਰ ਸਕਿਆ। ਢਲਦੀ ਸ਼ਾਮ, ਡਿੱਗਦਾ ਹਨੇਰਾ ਪਹੇ 'ਚ ਪਸ਼ੂਆਂ ਦੇ ਪੈਰਾਂ ਨਾਲ ਉਠੀ ਧੂੜ ਬੈਠ ਚੁੱਕੀ ਹੁੰਦੀ ਤੇ ਖੁਦਾਈਆ ਕਦੇ ਕਦੇ ਆਪਣੇ ਅਲਗੋਜ਼ਿਆਂ ਨੂੰ

ਜਦ ਛੇੜਦਾ। ਕਾਕੜ ਫੇਰ ਆਖਦਾ "ਬੇਬੇ ਮਾਮਾ..." ਨੇਮੇਂ ਦਾ ਅੰਦਰ ਝੁਲਸ ਜਾਂਦਾ, ਨੇਮੇ ਦਾ ਇਕੋ ਇੱਕ ਪੋਰੇ ਵਰਗਾ ਭਰਾ ਰੰਡਾ ਸੀ, ਨੇਮੇਂ ਦੀ ਭਰਜਾਈ ਨੂੰ ਇਕ ਵਾਰ ਜਦੋਂ ਪਹਿਲਾ ਬੱਚਾ ਹੋਇਆ ਧੁਨਖਵਾ ਹੋ ਗਿਆ ਸੀ, ਨੇਮੇਂ ਦੀ ਭਰਜਾਈ ਖੁਦਾਈਏ ਦੀ ਘਰ ਵਾਲੀ ਰਿਝ ਰਿਝ ਮਰ ਗਈ, ਵਲ੍ਹੂੰਗੜਾ, ਜਿਸ ਨੂੰ ਨੇਮੋਂ ਪੂਣੀ ਨਾਲ ਦੁੱਧ ਪਿਲਾਂਦੀ ਰਹੀ ਭੀ ਨਾ ਬਚ ਸਕਿਆ, ਤੁਰਦਾ ਲੱਗਿਆ। ਖੁਦਾਈਆ, ਸੁੰਨ ਪੱਥਰ, ਬਣਿਆ ਵੇਖਦਾ ਰਿਹਾ ਸੀ, ਕਿਵੇਂ ਉਸ ਦੀਆਂ ਅੱਖਾਂ ਸਾਹਮਣੇ ਦੱਸ ਦਿਨਾਂ ਦੇ ਵਿੱਚ ਵਿੱਚ ਉਸ ਦੇ ਟੋਟੇ ਕਬਰ ਦੀ ਮਿੱਟੀ ਹੇਠ ਮਿੱਟੀ 'ਚ ਮਿੱਟੀ ਹੋਣ ਲਈ ਦੱਬੇ ਜਾ ਚੁੱਕੇ ਸਨ। ਮਸੀਤ ਵਾਲਾ ਮੌਲ਼ਵਲੀ ਖੁਦਾਈਏ ਨੂੰ ਧਰਵਾਸ ਦੇਂਦਾ ਕਹਿੰਦਾ ਰਹਿੰਦਾ “ਕਿਆਮਤ ਵਾਲੇ ਦਿਨ ਇਹ ਸਭ ਉੱਠ ਖੜ੍ਹਣਗੇ" ਕਿੰਨੀਆਂ ਪੁਰਾਣੀਆਂ ਯਾਦਾਂ ਹੋ ਚੁੱਕੀਆਂ ਸਨ, ਇਹ ਗੱਲਾਂ। ਖੁਦਾਈਏ ਦੇ ਹੱਥਾਂ 'ਚ ਹੁਣ ਅਲਗੋਜ਼ਿਆਂ ਦੀ ਥਾਵੇਂ ਮਾਲਾ ਸੀ, ਲਾਲ ਪੱਥਰ ਦੇ ਮਣਕਿਆਂ ਦੀ ਛੋਟੀ ਜਿਹੀ ਮਾਲਾ ਪਰ ਹੁਣ ਭੀ ਕਦੇ ਕਦੇ ਜਦੋਂ ਸੋਗੀ ਸੁਰ 'ਚ ਖੁਦਾਈਆ ਕੱਸੀ ਦੀ ਵੱਟ ਤੇ ਬੈਠ ਕੇ ਅਲਗੋਜ਼ੇ ਛੇੜਦਾ, ਰੁੱਗ ਭਰ ਭਰ ਕਾਲਜਾ ਕੱਢਕੇ ਲੈ ਜਾਂਦੀ, ਖੁਦਾਈਏ ਦੇ ਅਲਗੋਜ਼ਿਆਂ ਦੀ ਸੋਗੀ ਆਵਾਜ਼।

ਖੁਦਾਈਏ ਦੇ ਅਲਗੋਜ਼ੇ, ਕਾਕੜ ਦੀਆਂ ਕਾਲੀਆਂ ਰੇਸ਼ਮੀ ਰੇਸ਼ਮੀ ਝਾਂਜਰਾਂ ਵਾਲੀਆਂ ਮੀਢੀਆਂ ਮੀਢੀਆਂ ਬੱਕਰੀਆਂ ਤੇ ਵਲੈਤੀ ਦਾ ਤਬੇਲਾ ਪਿੰਡ ਦੀਆਂ ਤਿੰਨ ਮਸ਼ਹੂਰ ਵਸਤਾਂ ਸਨ। ਪਟੜੀ ਫੇਰਦੇ ਪਿੰਡਾਂ 'ਚ ਭੀ ਇਨ੍ਹਾਂ ਦਾ ਜਿਕਰ ਹੁੰਦਾ ਰਹਿੰਦਾ। ਜਦੋਂ ਕਦੇ ਕਿਸੇ ਪਿੰਡ ਦੀ ਸੱਥ 'ਚ ਗੱਲ ਤੁਰਦੀ, "ਬਈ ਆਹ ਡੱਬਰਾ ਦੇ ਕੋਠੀ ਬੱਕਰੀਆਂ ਸੁਣੀ ਦੀਆਂ ਨੇ...ਅੱਗੋਂ ਉਹ ਅਲਗੋਜ਼ਿਆਂ ਵਾਲਾ ਬੁੱਢਾ ਕਿਹੜਾ ਘੱਟ ਐ....ਘੱਟ ਤਾਂ ਯਾਰ ਕੁਝ ਨੀ ਉੱਥੇ ਇੱਕ ਲਾਲਾ ਪਤਾ ਨੀ ਕੀ ਪਾ ਕੇ ਕੱਢਦੈ ਸੌਲਠ ਦੀ ਮਾਂ ਦੇ....

ਨੂਰੇ ਦਾ ਪੁੱਤ ਕਾਕੜ, ਕਾਕੜ ਦੀਆ ਬੱਕਰੀਆਂ, ਬੱਕਰੀਆਂ ਦੇ ਪੈਰਾਂ 'ਚ ਝਾਂਜਰਾਂ ਨਾਨਕੇ ਮੇਲ ਦੀਆਂ ਮੇਲਣਾ ਦੀਆਂ ਪਟੜੀਆਂ ਦੇ ਘੁੰਗਰੂਆਂ ਵਾਂਙ ਖੜਕਦੀਆਂ, ਕੋਈ ਗੱਲ ਬਣਦੀ ਸੀ। ਕਾਕੜ ਆਪਣੇ ਬਾਪੂ ਨੂਰੇ ਨੂੰ ਨਾਲ ਲੈ ਕੇ ਜਦੋਂ ਕਦੋਂ ਕਿਸੇ ਮੰਡੀ ਤੇ ਬੱਕਰੀਆਂ ਨੂੰ ਲੈ ਜਾਂਦਾ ਵੇਖਣ ਵਾਲੇ ਅਸ਼ ਅਸ਼ ਕਰ ਉੱਠਦੇ। ਮੰਡੀ ਦੀ ਸ਼ਾਨ ਹੁੰਦੀਆਂ

ਸਨ ਕਾਲੀਆਂ ਕਬੂਤਰੀਆਂ ਕਾਕੜ ਦੀਆਂ ਬੱਕਰੀਆਂ। ਕਾਕੜ ਦਾ ਜਨਮ ਭੀ ਨੂਰੇ ਘਰ ਰੱਬ ਦੀ ਨੈਅਮਤ ਸਮਝੀ ਜਾਂਦੀ ਸੀ । ਨੂਰੇ ਘਰ ਕਈ ਜਵਾਕਾਂ ਦਾ ਜਨਮ ਹੋਇਆ, ਪਰ ਕੋਈ ਸਤਮਾਹਾਂ ਹੋਣ ਕਰਕੇ, ਕੋਈ ਕਿਵੇਂ ਤੇ ਕੋਈ ਕਿਵੇਂ ਇੱਕ ਇੱਕ ਕਰਕੇ ਤੁਰਦੇ ਬਣਦੇ। ਨੇਮੋਂ ਨੂੰ ਕਾਕੜ ਨੌਵਾਂ ਬੱਚਾ ਸੀ। ਨੂਰੇ ਨੂੰ ਹੁਣ ਤਾਂ ਕੁੱਬ ਭੀ ਪੈ ਚੁੱਕਾ ਸੀ। ਕੁੱਬਾ ਨੂਰਾ ਕਾਕੜ ਨੂੰ ਵੇਖ ਕੇ ਸਿੱਧਾ ਹੋ ਬੈਠਾ ਜਾਂਦਾ। ਰੱਬ ਦਾ ਸ਼ੁਕਰ ਕਰਦਾ, ਨੂਰਾ ਆਪਣੇ ਸਾਰੇ ਪਿਛਲੇ ਦੁੱਖ ਦਰਦਾਂ ਨੂੰ ਭੁੱਲ ਬੈਠਦਾ। ਨੇਮੋਂ ਜਦ ਹਰ ਵਰ੍ਹੇ ਬੱਕਰੀ ਦੇ ਲੇਲੇ ਵਾਂਙ ਸਤਮਾਹਾਂ ਬੱਚਾ ਜੰਮਦੀ ਤਾਂ ਉਸਨੂੰ ਇੱਕ ਹਾਉਕਾ ਆਉਂਦਾ ਹਾਉਕੇ ਤੇ ਹਾਵੇ ਨੇਮੋਂ ਨੂੰ ਪੀਲੀ ਭੂਕ ਬਣਾ ਕੇ ਰੱਖ ਗਏ ਸਨ ਪਰ ਕਾਕੜ ਦੇ ਜਨਮ ਨਾਲ ਨੇਮੋਂ ਦੀ ਜ਼ਿੰਦਗੀ 'ਚ ਜਿਵੇਂ ਤਰੌਤੀ ਆ ਗਈ ਹੁੰਦੀ ਹੈ। ਕਾਕੜ ਦੇ ਮੱਥੇ ਤੇ ਨੇਮੋਂ ਕਾਲਖ ਦਾ ਟਿੱਕਾ ਲਾ ਕੇ ਰੱਖਦੀ, ਨੂਰਾ ਕਾਕੜ ਨੂੰ ਵੇਖਦਾ, ਵੇਖਕੇ ਆਪਣੇ ਤਾਣੇ ਤੇ ਕੁੱਚ ਨੂੰ ਫੇਰਦਾ ਫੇਰਦਾ ਤਰਾਰ 'ਚ ਹੋ ਜਾਂਦਾ। ਤਰੌਤੀਆਂ ਤੇ ਤਰਾਰ ਵਾਲਾ ਸਮਾਂ ਅਗਾਂਹ ਟੱਪਦਾ ਗਿਆ, ਕਾਕੜ ਦਸ ਕੁ ਵਰ੍ਹਿਆਂ ਦਾ ਹੋ ਚੱਲਿਆ। ਸੁਖਾਂ ਦਾ ਸਮਾਂ ਦੁੜੰਗੇ ਮਾਰਦਾ ਅਗਾਂਹ ਤੁਰਦਾ ਰਿਹਾ ਨੂਰੇ ਦਾ ਕਾਕੜ ਖੁੱਲਾ ਖਾਂਦਾ ਪੀਂਦਾ, ਉਡਦਾ, ਉੱਠਦਾ ਤੇ ਉਡਾਰ ਹੁੰਦਾ ਰਿਹਾ।

******

# 2.

ਕੁਵੜਿਆਂ ਦੀ ਗਲੀ, ਕਿਲ੍ਹੇ ਦੀ ਮਗਰਲੀ ਕੰਧ ਨਾਲ ਲਗਦੀ ਐ। ਗਲੀ ਦਾ ਅਖੀਰਲਾ ਪਾਸਾ ਬੰਦ ਹੈ। ਇਸ ਬੰਦ ਗਲੀ ਦੇ ਖੱਬੇ ਪਾਸੇ ਵਾਲੇ ਘਰ, ਘਰਾਂ ਦੀਆਂ ਮਗਰਲੀਆਂ ਕੰਧਾਂ, ਕਿਲ੍ਹੇ ਦੀ ਕੰਧ ਨਾਲ ਲਗਦੀਆਂ ਹਨ। ਕਿਲ੍ਹੇ, ਕਿਲ੍ਹੇ 'ਚ ਕਚਿਹਰੀਆਂ ਲਗਦੀਆਂ ਨੇ ਜਿਲ ਦੀ ਵੱਡੀ ਜੇਲ੍ਹ ਭੀ ਇਸ ਅੰਦਰ ਹੈ। ਕਚਿਹਰੀਆਂ 'ਚ ਇਨਸਾਫ਼ ਦਾ ਤਰਾਜੂ ਫ਼ੜ ਕੇ ਬੈਠਣ ਵਾਲੇ ਅਫਸਰ, ਵੀਸੀਆਂ ਵਰ੍ਹਿਆਂ ਤੋਂ ਆਉਂਦੇ ਨੇ ਤੇ ਬਦਲਦੇ ਰਹਿੰਦੇ ਨੇ। ਕਿਲੇ ਦੀਆਂ ਉੱਚੀਆਂ ਉੱਚੀਆਂ ਕੰਧਾਂ ਨਾਲ ਜੁੜੇ ਇਸ ਗਲੀ ਦੇ ਘਰ ਨਿਆਣੇ ਨਿਆਣੇ ਨਿੱਕੇ ਨਿੱਕੇ ਲਗਦੇ ਹਨ। ਗਲੀ 'ਚ ਕੋਈ ਵੀਹ ਕੁ ਘਰ ਹਨ। ਗਲੀ ਦੇ ਅਖੀਰ 'ਚ ਬਿਰਜ ਨੰਦਨ ਖੱਤਰੀ ਦਾ ਘਰ ਸੀ। ਬਿਰਜ ਨੰਦਨ ਖੱਤਰੀ ਦੀ ਜ਼ਿੰਦਗੀ ਦਾ ਪਹਿਲਾ ਪੱਤਰਾ ਇਉਂ ਹੈ। ਬਿਰਜ ਨੰਦਨ ਦਾ ਬਾਪ ਬਿਧੀ ਚੰਦ ਸਦਰ ਬਾਜ਼ਾਰ ਵਿਚ ਰੋਸ਼ਣ ਸੁਨਿਆਰੇ ਦੀ ਦੁਕਾਨ ਤੇ ਆਪਣਾ ਅੱਡਾ ਰੱਖ ਕੇ ਸੋਹਣੀਆਂ ਸੋਹਣੀਆਂ ਡੋਰੀਆਂ ਰੇਸ਼ਮੀ ਨਾਲੇ, ਕੰਠੇ ਕੰਠਿਆਂ ਦੀਆਂ ਡੋਰੀਆਂ ਬਣਾਉਂਦਾ ਰਹਿੰਦਾ। ਸਾਰੇ ਬਜ਼ਾਰ ਵਿੱਚ ਬਿਧੀ ਚੰਦ ਦਾ ਕੰਮ ਖ਼ੂਬ ਚੜ੍ਹਿਆ ਹੋਇਆ ਸੀ। ਬਿਧੀ ਚੰਦ ਦੇ ਹੱਥਾਂ 'ਚ ਕਲਾ ਸੀ, ਚੱਜ ਸੀ ਹੁਨਰ ਸੀ, ਕਰਾਮਾਤ ਸੀ, ਇਕ ਗੱਲ ਸੀ, ਉਹ ਆਪਣੀ ਕਲਾ 'ਚ ਹੁਸਨ ਕਰਕੇ ਜਦੋਂ ਕਿਸੇ ਇਸ਼ਕ ਮੱਤੀ ਮੁਟਿਆਰ ਨੂੰ ਡੋਰੀ ਵੇਚਦਾ ਇਸ ਵਿਓਪਾਰ 'ਚ ਸਰੂਰ ਆ ਜਾਂਦਾ । ਉਸਦਾ ਬਣਾਇਆ ਇਸ਼ਕ ਲੁੱਡਾ ਗੋਰੀ ਦੀ ਚਾਲ ਨਾਲ ਤੜਫਦਾ, ਇਕ ਰੰਗ ਪੈਦਾ ਕਰਦਾ ਹੁੰਦਾ ਸੀ। ਸਮੇਂ ਸਨ, ਠੰਢੇ ਠੰਢੇ ਸਮੇਂ, ਠੰਢੇ ਠੰਢੇ ਸਮਿਆਂ 'ਚ ਨਿੱਘਾ ਨਿੱਘਾ ਰੁਮਾਂਸ ਜ਼ਿੰਦਗੀ ਦੇ ਪੱਬਾਂ 'ਚ ਪਿਆਰ ਭਰ ਦੇਂਦਾ। ਨਿੱਘੀਆਂ ਨਿੱਘੀਆਂ, ਮਿੱਠੀਆਂ ਮਿੱਠੀਆਂ ਨਿੱਕੀਆਂ ਨਿੱਕੀਆਂ ਛੇੜਾਂ ਦਾ ਸਿਲਸਿਲਾ ਚਲਦਾ ਰਹਿੰਦਾ। ਆਹ, ਅੱਜ ਕੱਲ੍ਹ ਵਾਲੀ ਅਚਵੀ ਜਿਹੀ ਇਸ਼ਕ 'ਚ ਨਹੀਂ ਸੀ। ਇਸ਼ਕ ਤਾਂ ਚੰਦਣ ਦੇ ਬੂਟੇ ਦੀ, ਹੁਸਨ ਦੇ ਬੂਟੇ ਦੀ ਸੁਗੰਧ ਹੁੰਦੀ ਹੈ। ਜਿਸ ਦੀ ਸੁਗੰਧ ਭਰੀ ਸਮੀਰ ਉਨ੍ਹਾਂ ਦੇ ਸਾਹਾਂ ਨੂੰ ਮਸਤ ਬਣਾ ਕੇ ਰੱਖਦੀ ਹੈ। ਸਮੇਂ ਦੀਆਂ ਗੱਲਾਂ ਹਨ, ਆਉਣ ਵਾਲੇ ਸਮੇਂ ਤੇ ਅੱਖ ਹੈ ਬੀਤੇ ਦੀ ਯਾਦ ਟੱਪਦੀ ਹੈ, ਵਰਤਮਾਨ

ਦਾ ਸੰਘਰਸ਼ ਸ਼ੁਰੂ ਹੈ। ਬਿਧੀ ਚੰਦ ਦੀ ਘਰ ਵਾਲੀ ਜਦੋਂ ਆਈ, ਕੁਵੜਿਆਂ ਦੀ ਗਲੀ 'ਚ ਜਿਵੇਂ ਚੰਨ ਦੀ ਟੁਕੜੀ ਆ ਡਿੱਗੀ ਹੋਵੇ, ਪਰ ਦਿਆਵੰਤੀ ਕਿਸਮਤ ਦੀ ਮਾਰੀ ਤੇ ਕਿਸਮਤ ਦੀ ਹੌਲੀ ਨਿਕਲੀ, ਉੱਪਰੋਂ ਥੱਲੀ, ਪੰਜ ਕੁੜੀਆਂ ਦਿਆਵੰਤੀ ਦੇ ਢਿੱਡੋਂ ਜੰਮੀਆਂ ਤੇ ਫੇਰ ਜਦ ਬਿਰਜ ਨੰਦਨ, ਬਿਧੀ ਚੰਦ ਘਰ ਜੰਮਿਆ ਦਿਆਵੰਤੀ ਅਜਿਹੀ ਰੁੱਝੀ, ਰਿਝ ਰਿਝ ਦੋ ਢਾਈ ਸਾਲ ਮਗਰੋਂ ਰੱਬ ਨੂੰ ਪਿਆਰੀ ਹੋ ਗਈ' ਬਿਰਜਨੰਦਨ ਦੀਆਂ ਪੰਜ ਭੈਣਾਂ, ਆਪਣੇ ਵੀਰੇ ਦਾ ਪੈਰ ਧਰਤੀ ਤੇ ਨਹੀਂ ਲੱਗਣ ਦੇਂਦੀਆਂ ਸਨ।

ਬਿਧੀ ਚੰਦ ਸਿਰ ਸਾਰਾ ਬੋਝ ਆ ਪਿਆ, ਬਿਧੀ ਚੰਦ ਨੇ ਬਿਲਾਸਪੁਰ ਵਾਲੀ ਆਪਣੀ ਵਿਧਵਾ ਭੂਆ ਨੂੰ ਸੱਦ ਲਿਆ, ਕੱਲ੍ਹਮ ਕੱਲੀ ਬਿਧੀ ਚੰਦ ਦੀ ਵਿਧਵਾ ਭੂਆ ਕੁੜੀਆਂ ਦੀ ਦੇਖ ਰੇਖ ਕਰਦੀ ਰਹੀ। ਬਿਧੀ ਚੰਦ ਦੇ ਪੈਰਾਂ 'ਚ ਜੁੱਤੀ ਨਾ ਹੁੰਦੀ, ਆਏ ਮਾੜੇ ਦਿਨਾਂ ਦਾ ਮੁਕਾਬਲਾ ਸੀ, ਜਿੱਥੇ ਕਦੇ ਉਹ ਦਿਨ ਭੀ ਸਨ ਜਦ ਤਿੱਲੇ ਵਾਲੀਆਂ ਜੁੱਤੀਆਂ ਦੇ ਤਿੰਨ ਤਿੰਨ ਜੋੜੇ ਹੁੰਦੇ ਸਨ। ਕਲੀਆਂ ਵਾਲੇ ਰੇਸ਼ਮੀ ਕੁੜਤੇ ਦੀ ਥਾਂਵੇ ਹੁਣ ਉਸਦੇ ਗੱਲ 'ਚ ਮੈਲੇ ਲੱਠੇ ਦਾ ਛੀ ਆਨੇ ਗਜ ਦਾ ਕੁੜ੍ਹਤਾ ਹੁੰਦਾ। ਗਰੀਬੀ ਦੇ ਇਨ੍ਹਾਂ ਮੰਦੇ ਦਿਨਾਂ 'ਚ ਸਬਰ ਸੰਤੋਖ ਤੇ ਤੇਰੀ ਲੀਲਾ, ਤੇਰੀ ਲੀਲਾ ਆਖਦਾ ਬਿਧੀ ਚੰਦ ਚਾਰ ਛਿਲੜ ਜੋੜਦਾ, ਕੁੜੀਆਂ ਨੂੰ ਘਰ ਬਾਰ ਤੋਰ ਦੇਂਦਾ, ਆਖਿਰ ਇੱਕ ਗਰੀਬ ਜਿਹੇ ਸੁਨਿਆਰੇ ਨੇ ਬਿਰਜਨੰਦਨ ਨੂੰ ਭੀ ਪਰੁੱਣ ਦਿੱਤਾ। ਇਸ ਪਿੱਛੇ ਸਭ ਤੋਂ ਵੱਡੀ ਗੱਲ ਤਾਂ ਇਹ ਸੀ ਕਿ ਬਿਧੀ ਚੰਦ ਨੇ ਆਪਣੀਆਂ ਪੰਜੇ ਕੁੜੀਆਂ ਪੁੰਨ ਦੀਆਂ ਦਿੱਤੀਆਂ ਸਨ। ਬਿਰਜ ਨੰਦਨ ਦੇ ਘਰ ਵਾਲੀ ਕੁੰਤੀ ਪੀਲੀ ਪੀਲੀ, ਪਤਲੀ ਪਤਲੀ, ਹੱਡੀਆਂ ਦੀ ਇੱਕ ਮੁੱਠ ਸੀ। ਬਰੀਕ ਬਰੀਕ ਚੇਹਰੇ 'ਚ ਮੋਟੀਆਂ ਮੋਟੀਆਂ ਕੁੰਤੀ ਦੀਆਂ ਮਿਰਗ ਅੱਖਾਂ ਮਸ਼ਾਲ ਵਾਂਙ ਲਗਦੀਆਂ ਸਨ। ਬਿਰਜ ਨੰਦਨ ਆਪਣੇ ਬਾਪੂ, ਬੁੱਢੇ ਬਾਪੂ ਦੇ ਤਿਆਰ ਕੀਤੇ ਪਰਾਂਦੇ ਡੋਰੀਆਂ, ਕੰਠੇ ਕੰਠੀਆਂ, ਨਾਲੇ, ਸ਼ਹਿਰ ਦੇ ਬਾਜ਼ਾਰ 'ਚ ਪਿੰਡਾਂ 'ਚ ਬੱਸ ਅੱਡੇ ਤੇ ਵੇਚਦਾ ਰਹਿੰਦਾ। ਬਿਰਜ ਨੰਦਨ ਦੀ ਆਵਾਜ਼ ਦਾ ਹੋਕਾ ਇੱਕ ਗੱਲ ਸੀ। ਬੀਤੇ ਦਿਨਾਂ ਦਾ ਝੱਖੜ ਬਹਾਰਾਂ 'ਚ ਬਦਲ ਗਿਆ। ਬਿਰਜ ਨੰਦਨ ਦੀ ਪਤਨੀ ਕੁੰਤੀ ਨੂੰ ਇਕ ਬੂਜਾ ਹੋਇਆਂ, ਬੱਚਾ ਜੰਮਿਆ। ਇਹ ਕਿੰਨੀ ਪਿਆਰੀ ਸਵੇਰ ਸੀ, ਬੁੱਢੇ ਬਿਧੀ ਦੇ ਬੁਢਾਪੇ ਨੂੰ ਜੁਆਨੀ ਦੀ ਥਾਪੀ ਜਿਵੇਂ ਕੋਈ ਦੇ

ਗਿਆ ਹੁੰਦਾ ਐ, ਦੋ ਦਿਨਾਂ ਮਗਰੋਂ ਹੀ ਨਵਜਾਤ ਬੱਚਾ ਤੁਰਦਾ ਲੱਗਿਆ ਜੱਚਾ ਦੀ ਜਾਨ ਨੂੰ ਮਸਾਂ ਬਚਾਇਆ ਗਿਆ। ਉੱਪਰ ਥੱਲੀ ਤਿੰਨ ਬਾਰ ਇੰਞ ਹੋਇਆ ਤੇ ਟੀ.ਬੀ. ਦਾ ਸ਼ਿਕਾਰ ਹੋ ਕੇ ਕੁੰਤੀ ਚੱਲ ਵਸੀ। ਮੌਤ ਦੀ ਬਹੁਕਰ ਨੇ ਸਫਾਇਆ ਕਰ ਦਿੱਤਾ, ਕੁੰਤੀ, ਬਿਧੀ ਚੰਦ, ਬਿਧੀ ਚੰਦ ਦੀ ਵਿਧਵਾ ਭੂਆ ਸਭ ਕਿਨਾਰੇ ਲੱਗ ਚੁੱਕੇ ਸਨ। ਇਨ੍ਹਾਂ ਵਰ੍ਹਿਆਂ ਨੂੰ ਬੀਤਿਆਂ ਕਿੰਨੇ ਵਰ੍ਹੇ ਹੋ ਚੁੱਕੇ ਸਨ। ਬਿਰਜ ਨੰਦਨ ਗੋਟਾ ਕਿਨਾਰੀ ਦਾ ਹੋਕਾ ਲਾਂਦਾ ਰਿਹਾ, ਦੁਪੱਟਿਆਂ, ਚੀਰਿਆਂ ਸਿਰਕਿਆਂ, ਸਾੜੀਆਂ, ਘੱਗਰੇ, ਘੱਗਰੀਆਂ ਤੋਂ ਲਹੇ ਪੁਰਾਣੇ ਗੋਟੇ ਪੱਟੀਆਂ, ਲਾਹੇ ਹੋਏ, ਲੈਂਦਾ ਰਿਹਾ, ਸਮਾਂ ਬਦਲਿਆ, ਹੁਣ ਬਿਧੀ ਚੰਦ ਦਾ ਬਿਰਜ ਨੰਦਨ ਬਿਰਜੂ ਸੀ, ਬਿਧੀ ਚੰਦ ਦੀ ਸੌਕੀਨ ਰਹਿਣੀ ਬਹਿਣੀ ਦੀ ਜਦ ਕੋਈ ਗੱਲ ਛੇੜਦਾ ਬਿਰਜੂ ਦਾ ਸੀਤ ਨਿਕਲ ਜਾਂਦਾ। ਬਿਰਜੂ ਦੇ ਤੇੜ 'ਚ ਕਦੇ ਇੱਕ ਤਹਿਮਤ ਹੁੰਦਾ ਸੀ, ਟਸਰ ਦਾ ਤਹਿਮਤ, ਮੈਲਾ ਹੋ ਜਾਂਦਾ ਬਿਰਜੂ ਕੋਈ ਪਰਵਾਹ ਨਾ ਰੱਖਦਾ ਉਸਦੀਆਂ ਮੂਹਰੀਆਂ ਫੱਟ ਜਾਂਦੀਆਂ, ਫਟੀਆਂ ਰਹਿੰਦੀਆਂ, ਬਿਰਜੂ ਨੂੰ ਇਸ ਗੱਲ ਦੀ ਕੋਈ ਪਰਵਾਹ ਨਾ ਹੁੰਦੀ। ਬਿਰਜੂ ਦੇ ਗਲ 'ਚ ਇਕ ਜਾਕਟ ਹੁੰਦੀ। ਹੁਣ ਗੋਟਾ ਕਨਾਰੀ ਥਾਂਵੇ ਬਿਰਜੂ ਖਾਲੀ ਬੋਤਲ ਵਿਕਾਊ ਖਾਲੀ...." ਦਾ ਹੋਕਾ ਦੇਂਦਾ, ਕੋਈ ਖਾਲੀ ਪੀਪੀ, ਅਖਬਾਰਾਂ ਦੀ ਰੱਦੀ, ਰਸਾਲਿਆਂ ਦੀ ਕਾਪੀਆਂ ਦੀ, ਕਿਤਾਬਾਂ ਦੀ ਰੱਦੀ ਦਾ ਹੋਕਾ, ਬਿਰਜੂ ਦਾ ਹੋਕਾ ਉਹ ਪੁਰਾਣਾ ਹੋਕਾ ਨਹੀਂ ਸੀ। ਬਿਰਜੂ ਜੀ ਜਾਕਟ ਦੀਆਂ ਜੇਬਾਂ ਅੱਟੀਆਂ ਰਹਿੰਦੀਆਂ, ਕਿਸੇ 'ਚ ਲੀਰ ਲੱਪਾ, ਕਿਸੇ 'ਚ ਬਕਸੂਏ ਗਦਾਮ, ਹੁੱਕਾਂ ਜ਼ੰਜੀਰੀਆਂ ਭਰੀਆਂ ਰਹਿੰਦੀਆਂ। ਬਿਰਜੂ ਹੁਣ ਤਾਂ ਆਪਣੇ ਘਰ 'ਚ ਕਦੇ ਕਦੇ ਹੀ ਜਾਂਦਾ ਸੀ, ਘਰ 'ਚ ਇਕ ਪਤਲੀ ਜਿਹੀ ਸੰਗਲੀ ਨੂੰ ਜਿੰਦੀ ਲਾਕੇ, ਗਾਤਰਾ ਬਣਾ ਕੇ, ਆਪਣੇ ਲੱਕ ਨਾਲ ਲਟਕਾਈ ਰਖਦਾ। ਕਿੰਨਾ ਬਦਲ ਗਿਆ ਸੀ ਬਿਧੀ

ਚੰਦ ਦਾ ਬਿਰਜ ਨੰਦਨ, ਉਸ ਦੇ ਐਨਕ ਲੱਗ ਗਈ, ਮੋਟੇ ਮੋਟੇ ਸ਼ੀਸ਼ਿਆਂ ਵਾਲੀ ਐਨਕ, ਐਨਕ ਦੀ ਡੰਡੀ ਟੁੱਟੀ ਰਹਿੰਦੀ, ਟੁੱਟੀ ਡੰਡੀ ਥਾਵੇਂ ਰੱਸੀ ਹੀ ਬੰਨ੍ਹ ਲੈਂਦਾ, ਕੰਨ 'ਚ ਲਟਕਾਈ ਫਿਰਦਾ ਰਹਿੰਦਾ ਐਨਕ ਦੇ ਫਰੇਮ ਤੇ ਨੱਕ ਦੀ ਕੋਪਲੀ ਵਾਲੀ ਥਾਂ ਤੇ ਨਿੱਕੀ ਜਿਹੀ ਲੀਰ ਲਪੇਟ ਰੱਖੀ ਸੀ ਤਾਂ ਕਿ ਐਨਕ ਗੁਦਗੁਦੀ ਬਣ ਜਾਵੇ। ਹੁਣ ਤਾਂ ਬਿਰਜੂ

ਕਈ ਵਾਰ ਕਿਸੇ ਹਵੇਲੀ ਦੇ ਚਬੂਤਰੇ ਤੇ ਹੀ ਪੈ ਜਾਂਦਾ, ਹਵੇਲੀ ਵਾਲੇ ਸੇਠ ਦਿਆ ਧਰਮ ਦਾ ਮੂਲ ਦੀ ਤੁਕ ਦੇ ਅਸਰ ਅਧੀਨ ਬਿਰਜੂ ਨੂੰ ਰੋਟੀ ਭੀ ਦੇ ਜਾਂਦੇ। ਰਾਤ ਭਰ ਬਿਰਜੂ ਉੱਸਲਵੱਟੇ ਲੈਂਦਾ ਕੁਝ ਨਾ ਕੁਝ ਗੁਣ ਗੁਣਾਦਾ ਰਹਿੰਦਾ। ਬਿਰਜੂ ਚਾਰ ਛਿੱਲੜ ਦਿਨ ਭਰ 'ਚ ਜਿਹੜੇ ਬਣਾ ਲੈਂਦਾ ਉਸ ਨਾਲ ਕਦੇ ਕਦੇ ਪਊਆ ਸ਼ਰਾਬ ਦਾ ਤੇ ਇੱਕ ਕੌਲੀ ਮੀਟ ਦੀ ਲੈ ਕੇ ਸ਼ੁਲਗ ਮਨਾ ਲੈਂਦਾ।

ਬਿਰਜੂ ਦੀਆਂ ਭੈਣਾਂ, ਜਿਹੜੀਆਂ ਕਦੀ ਬਿਰਜੂ ਨੂੰ ਵੇਖ ਵੇਖ ਸਾਹ ਲੈਂਦੀਆਂ ਸਨ ਨਮੋਹਰੀਆ ਹੁੰਦੀਆਂ ਜਾ ਰਹੀਆਂ ਸਨ। ਉਨ੍ਹਾਂ ਦਾ ਆਪਣਾ, ਆਪਣਾ ਕੰਮ ਚੜ੍ਹਿਆ ਹੋਇਆ ਸੀ। ਏਧਰ ਬਿਰਜੂ ਨਰਕ ਦਾ ਕੀੜਾ। ਭੈਣਾਂ ਇੱਕ ਦੋ ਵਾਰ ਆਈਆਂ ਭੀ ਪਰ ਬਿਰਜੂ ਦੇ ਪੱਥਰ ਹਿਰਦੇ 'ਚ ਜਦੋਂ ਉਨ੍ਹਾਂ ਨੂੰ ਕੁਝ ਨਾ ਮਿਲਿਆ, ਆਉਣਾ ਜਾਣਾ ਰੁਕ ਗਿਆ। ਬਿਰਜੂ ਦਾ ਮੋਹ ਉਸ ਦੇ ਬੱਚਿਆਂ ਦੀ ਮੌਤ ਨਾਲ ਖੰਗਰ ਬਣ ਚੁੱਕਿਆ ਸੀ। ਬਿਰਜੂ ਨੇ ਆਪਣੀ ਘਰ ਵਾਲੀ ਕੁੰਤੀ ਦੀ ਬੀਮਾਰੀ ਤੇ ਸੌ ਔਹਰ ਪੌਹਰ ਕੀਤੇ, ਕੁੰਤੀ ਨਾ ਬਚੀ ਬਿਰਜੂ, ਬੇਹੇ ਪਾਣੀ 'ਚ ਬੈਠ ਗਿਆ। ਬਿਰਜੂ ਦੇ ਦਿਲ ਤੇ ਅਜਿਹੀ ਸੱਟ ਵੱਜੀ ਕਿ ਉਹ ਸੁੰਨ ਹੋ ਗਿਆ।

ਸ਼ਹਿਰ ਦੇ ਲੋਕਾਂ ਨੂੰ ਬਿਰਜੂ ਬਾਰੇ ਬੜੇ ਭੁਲੇਖੇ ਸਨ, ਕੋਈ ਕਹਿੰਦਾ ਇਸਦਾ ਵਿਆਜੂ ਚਲਦੈ, ਕੋਈ ਕਹਿੰਦਾ ਇਹ ਤਾਂ ਪਾਗਲ ਐ, ਕੋਈ ਕਹਿੰਦਾ ਇਸਦਾ ਇਹ ਫ਼ਰੇਬ ਹੈ, ਕੋਈ ਕਹਿੰਦਾ ਮੂਰਖ ਐ, ਇਸ ਦੀਆਂ ਭੈਣਾਂ ਦਾ, ਜਗਾਰਾਓਂ ਵਾਲੀਆਂ ਭੈਣਾਂ ਦਾ ਕੰਮ ਬੰਬਈ ਚਲਦੈ ਉੱਥੇ ਜਾ ਰਹੇ, ਏਥੇ ਠੇਡੇ ਖਾਂਦਾ ਫਿਰਦੈ.... ਨਵੇਂ ਆਏ ਪੁਲਸੀਏ ਤਾਂ ਬਿਰਜੂ ਨੂੰ ਖੁਫ਼ੀਆ ਹੀ ਸਮਝਦੇ ਸਨ, ਕਈ ਵਾਰ ਝੂਟਾ ਝਪਟਾ ਭੀ ਦੇ ਜਾਂਦੇ, ਪਰ ਜਦੋਂ ਉਨ੍ਹਾਂ ਨੂੰ ਪੁਰਾਣੇ ਸਿਪਾਹੀ ਤੋਂ ਪਤਾ ਲਗਦਾ ਬਿਰਜੂ ਦਾ ਖਹਿੜਾ ਛੱਡ ਜਾਂਦੇ, ਬਿਰਜੂ ਦੀ ਹਚਕੋਲੇ ਖਾਂਦੀ ਜ਼ਿੰਦਗੀ ਤੁਰਦੀ ਰਹੀ।

ਸਾਲ ਮਗਰੋਂ ਸ਼ਰਾਧ ਆਉਂਦੇ, ਬਿਰਜੂ ਆਪਣੇ ਬਾਪ ਬਿਧੀ ਚੰਦ ਦਾ ਸ਼ਰਾਧ ਕਰਦਾ। ਸ਼ਰਾਧ ਦੇ ਸਾਰੇ ਦਿਨਾਂ 'ਚ ਬਿਰਜੂ ਆਪਣੇ ਘਰ ਸੌਂਦਾ। ਘਰ ਦੀ ਸਫਾਈ

ਕਰਵਾਉਂਦਾ, ਅੱਕੀ ਚਮਿਆਰੀ ਤੋਂ ਸਾਰੇ ਵਿਹੜੇ 'ਚ ਪੀਲੀ ਮਿੱਟੀ ਦੀ ਤਲੀ ਦਵਾਉਂਦਾ, ਸਾਲਗ ਪਾਂਧੇ ਨੂੰ ਦਸ ਵੀਹ ਦੇ ਕੇ ਪੰਜ ਸੱਤ ਕੋਤਰੀਆਂ ਨਿੱਤ ਬਚਾਵਾਉਂਦਾ, ਪਰ ਸਾਰੇ ਸ਼ਰਾਧਾਂ ਦੀ ਹਰ ਰਾਤ ਨੂੰ ਪੀਂਦਾ। ਰੱਜ ਕੇ ਪੀਂਦਾ ਗੁੱਟ ਹੋ ਕੇ ਪੈ ਜਾਂਦਾ, ਕਦੇ ਕਦੇ ਕਿਸੇ ਕਿਸੇ ਗੁੱਟ ਹੋਏ ਬਿਰਜੂ ਦੇ ਮੂੰਹੋਂ ਸੁਣਿਆ ਸੀ "ਕੁੰਤੀਏ...." ਸ਼ਰਾਧਾਂ ਦੇ ਇਸ ਜਸ਼ਨ 'ਚ ਉਹ ਦੇ ਤਿੰਨ ਸੌ ਹੇਠ ਆ ਜਾਂਦਾ ਤੇ ਸਾਲ ਭਰ ਖਾਲੀ ਪੀਪੀਆਂ ਖਾਲੀ ਬੋਤਲਾਂ ਮੁੱਲ ਲੈ ਲੈ ਦੁਆਨੀ ਚੁਆਨੀ ਬਚਾ ਕੇ ਕਰਜ਼ਾ ਹੌਲਾ ਕਰਦਾ। ਸ਼ਰਾਧ ਆਉਂਦੇ, ਉਸ ਦੀ ਮਾਂ ਦਾ ਸ਼ਰਾਧ, ਉਸ ਦੇ ਬਾਪ ਦਾ ਸ਼ਰਾਧ, ਉਸ ਦੇ ਸਾਰੇ ਬੱਚਿਆਂ ਦਾ ਸ਼ਰਾਧ ਤੇ ਉਸ ਦੀ ਕੁੰਤੀ ਦਾ ਸ਼ਰਾਧ। ਇੱਕ ਲੰਮੀ ਸਾਰੀ ਗੁਫਾ ਸੀ, ਕਾਲੀ ਗੁਫਾ ਕੁੰਤੀ ਦਾ ਸ਼ਰਾਧ ਤੇ ਫੇਰ ਬਿਰਜੂ ਘੰਟਿਆਂਬੱਧੀ ਉਸ ਗੁਫਾ, ਕਾਲੀ ਗੁਫਾ 'ਚ ਤੁਰਦਾ ਕਿੰਨੀ ਵੱਡੀ, ਕੌੜੀ ਕੌੜੀ ਸੰਤੁਸ਼ਟਤਾ ਅਨੁਭਵ ਕਰਦਾ ਰਹਿੰਦਾ, ਸਵੇਰ ਸਾਰ ਜਦੋਂ ਕਦੇ ਬ੍ਰਹਮ ਮਹੂਰਤ ਸਮੇਂ ਸ਼ਰਾਧਾਂ ਦੇ ਦਿਨਾਂ 'ਚ ਸਾਲਗ ਪਾਂਧਾ ਕੰਨ 'ਚ ਜਨੇਊ ਟੰਗੀ, ਹੱਥ 'ਚ ਗੜਵੀ ਫੜੀ ਤੇ ਕੱਛ 'ਚ ਆਸਣ ਲਪੇਟੀ ਜਜਮਾਣ ਬਿਰਜੂ, ਸੇਠ ਬਿਰਜੂ, ਹਾਕ ਮਾਰਦਾ ਬਿਰਜੂ ਦਾ ਟੁੱਟਿਆ ਸਰੀਰ ਰਾਤ ਦੀ ਸ਼ਰਾਬ ਦਾ ਭੰਨਿਆ ਦਰਵਾਜ਼ਾ ਖੋਲ੍ਹ ਕੇ ਪੰਡਤ ਦੇ ਪੈਰੀਂ ਹੱਥ ਲਾਉਂਦਾ ਪੁੱਛਦਾ "ਵੇਖੀ ਬਾਬਾ ਮੈਨੂੰ ਬੁਖ਼ਾਰ ਐ" ਪਾਂਧਾ ਸਾਲਗ ਰਾਮ ਬਿਰਾਜੂ ਦੀ ਬਾਂਹ, ਭਖਦੀ ਬਾਂਹ ਨੂੰ ਫੜਕੇ ਹੈਰਾਨ ਰਹਿ ਜਾਂਦਾ ਤੇ.... ਜਜਮਾਣ ਤ੍ਰਿਫਲਾ ਪਾਨ ਕਰੋ ਆਖਦਾ ਗੜਵੀ ਦੇ ਪਾਣੀ ਨਾਲ ਸਾਲਗ ਰਾਮ ਆਪਣੇ ਹੱਥ ਨੂੰ ਧੋ ਕੇ, ਸ਼ੁੱਧ ਕਰਦਾ ਹੋਇਆ, ਮੰਤਰ ਜਿਹਾ ਪੜ੍ਹਦਾ, ਵਿਹੜੇ 'ਚ ਪਈ ਚੌਕੀ ਤੇ ਜਾ ਬੈਠਦਾ। ਬਿਰਜੂ, ਸਾਲਗ ਵੱਲ ਘੂਰ ਘੂਰ ਵੇਖਦਾ ਸੋਚਦਾ ਰਹਿੰਦਾ, "ਸਾਲਾ ਵੱਡਾ ਸ਼ੋਧੀ ਸਵਾ ਇੱਕੀਆਂ ਦਾ ਪਾਠ... ਸਵਾ ਇੱਕੀ ਸ਼ਰਾਬ ਦੀਆਂ ਖ਼ਾਲੀ ਬੋਤਲਾਂ ਵੇਚ ਵੇਚ ਇੱਕਠੇ ਕੀਤੇ ਸਰਾਬ ਦੀਆਂ ਖਾਲੀ ਬੋਤਲਾਂ ਦੇ ਮੁਨਾਫੇ ਦੀ ਦੱਛਣਾ ਲੈਣ ਵਾਲਾ... ਸ਼ਰਾਬੀ ਤੋਂ ਘਿਰਣਾ... ਨਹੀਂ ਨਹੀਂ ਇਹ ਮੇਰੀ ਕੁੰਤੀ ਲਈ ਭਜਨ ਕਰਦਾ ਹੈ, ਉਹ ਸੂਤਕ ਵਿਚ ਮਰ ਗਈ ਸੀ, ਕਚੀਲ ਬਣ ਗਈ, ਕੁੰਤੀ ਕਚੀਲ ਬਣ ਗਈ, ਕੁੰਤੀ ਕਚੀਲ ਬਣ ਗਈ, ਉਹ ਸੂਤਕ ਵਿਚ ਮਰੀ ਸੀ, ਕੀ ਕੁੰਤੀ ਮਰੀ ਸੀ...

? ਸਾਲਗ ਪਾਂਧਾ ਭਜਨ ਕਰਦਾ ਕਰਦਾ ਭੱਜ ਗਿਆ ਸੀ ਬਿਰਜੂ ਨੇ ਹਾਕਾਂ ਮਾਰੀਆਂ ਪਾਂਧਾ ਮੁੜਿਆ ਨਾ। ਕੌਣ ਕਹਿੰਦਾ ਹੈ ਕੁੰਤੀ ਮਰੀ ਹੈ ?

ਕਈ ਸਾਲਾਂ ਤੋਂ ਹੁਣ ਤਾਂ ਬਿਰਜੂ ਸ਼ਰਾਧਾਂ ਦੇ ਦਿਨਾਂ 'ਚ ਕੁਝ ਨਹੀਂ ਕਰਦਾ ਸੀ। ਨਾ ਅੱਕੀ ਤੋਂ ਪੀਲੀ ਮਿੱਟੀ ਦੀ ਤਲੀ ਦਵਾਉਂਦਾ ਸੀ, ਨਾ ਸਾਲਗ ਪਾਂਧੇ ਤੋਂ ਕੋਈ ਕੌਤਰੀ ਬਚਵਾਉਂਦਾ ਸੀ। ਸਿਰਫ 'ਰੱਜ ਕੇ ਪੀਂਦਾ, ਪੀ ਕੇ ਗੁੱਟ ਹੋ ਕੇ ਪਿਆ ਰਹਿੰਦਾ। ਕੁੰਤੀ ਦੀ ਯਾਦ ਦੇ ਸ਼ਰਾਧ ਸ਼ਰਾਬ ਦੇ ਅਰਘ ਨਾਲ ਮਨਾਉਂਦਾ। ਮਾਸ ਦੀਆਂ ਬੋਟੀਆਂ ਚੂਸਦਾ ਚੂਸਦਾ, ਸ਼ਰਾਬ ਦੇ ਪੈੱਗ ਮਾਰਦਾ ਮਾਰਦਾ ਅਟਕ ਜਾਂਦਾ ਤੋਂ ਬੋਤਲ ਨੂੰ ਲੱਤ ਮਾਰਦਾ। ਮੀਟ ਦੀ ਬਾਟੀ ਡੁੱਲ੍ਹ ਜਾਂਦੀ, ਬਿਰਜੂ ਲਿਟ ਜਾਂਦਾ ਨੀਂਦ ਆ ਜਾਂਦੀ ਤੜਪਦੀ ਰੂਹ ਦੀ ਨੀਂਦ। ਅਗਲੀ ਸਵੇਰ ਡੁੱਲ੍ਹੀ ਸ਼ਰਾਬ ਦੀ ਗਿੱਲ, ਡਿੱਗੀਆਂ, ਰੇਤੇ ਲਿੱਬੜੀਆਂ ਮੀਟ ਦੀਆਂ ਸ਼ਾਖਾਂ ਲਈ ਪਛਤਾਉਂਦਾ ਬਿਰਜੂ ਆਪਣੀ ਜਾਕਟ ਪਾਉਂਦਾ, ਹੱਥ 'ਚ ਡੰਡਾ ਜਿਸ ਦੇ ਸਿਰ 'ਚ ਗਲੀ ਕੱਢ ਕੇ ਉਸ ਰੱਸੀ ਪਰੋਈ ਹੋਈ ਸੀ ਲੈ ਕੇ ਤੁਰ ਪੈਂਦਾ...।" "ਖਾਲੀ ਬੋਤਲ ਵਿਕਾਊ ਖਾਲੀ, ਖਾਲੀ ਬੋਤਲ ਵਿਕਾਊ ਖਾਲੀ..." ਸਵੇਰ ਤੋਂ ਦੁਪਹਿਰ ਤਕ-ਖਾਲੀ ਬੋਤਲਾਂ ਖਰੀਦਦਾ ਧੁੱਪ ਤੋਂ ਦੋ ਘੜੀ ਛੁੱਟੀ ਲਈ ਬਿਸ਼ਣੂ ਲਾਲੇ ਦੀ ਹਵੇਲੀ ਦੇ ਛੱਜੇ ਹੇਠ ਆ ਬੈਠਦਾ । ਅੱਜ ਲਾਲਿਆਂ ਦੀ ਹਵੇਲੀ 'ਚ ਸ਼ਰਾਧ ਸੀ, ਸ਼ੰਖ ਬਜਾਉਂਦੀਆਂ ਬ੍ਰਹਮਚਾਰੀਆਂ ਦੀਆਂ ਕਤਾਰਾਂ ਹਵੇਲੀ 'ਚ ਜਾ ਰਹੀਆਂ ਸਨ, ਪੀਲੀਆਂ ਧੋਤੀਆਂ ਮੋਟੇ ਬੋਦਿਆਂ ਵਾਲੇ ਪੰਡਤ, ਚਿੱਟੀਆਂ ਰਾਮ ਨੌਮੀਆਂ, ਗਲੇ 'ਚ ਰੁੰਡ ਮੁੰਡ ਮਣਕਿਆਂ ਦੀ ਮਾਲਾ, ਇਨ੍ਹਾਂ ਵਿਚ ਸਾਲਗ ਪਾਂਧਾ ਵੀ ਸੀ।

ਉਸ ਨੇ ਬਿਰਜੂ ਵੱਲ ਇਉਂ ਤੱਕਿਆ ਜਿਵੇਂ ਉਹ ਬੱਕਰੇ ਦਾ ਹਲਾਲ ਮਾਸ ਹੁੰਦਾ ਹੈ। ਬਿਰਜੂ ਵੇਖਦਾ ਰਿਹਾ, ਕੋਠੇ ਉੱਤੇ ਕਾਂ ਕਾਂ ਕਰਦੇ ਕੌਅ ਕਾਂਗ ਗ੍ਰਾਹੀ ਲਈ ਝੁਰਮਟ ਘੱਤ ਕੇ ਫੰਗ ਫੜਕਾ ਰਹੇ ਸਨ, ਬਿਰਜੂ ਨੂੰ ਭੀ ਪੰਜ ਸੱਤ ਮਾਲ੍ਹ ਪੂੜੇ ਤੇ ਖੀਰ ਦਾ ਕੌਲਾ ਮਿਲ ਗਿਆ, ਕਿਉਂ ਭਾਈ ਕੀਹਦਾ ਸ਼ਰਾਧ ਐ...ਪਤਲੀ ਪਤੰਗ ਲਕੀਰ ਜਿਹੀ ਤ੍ਰੀਮਤ ਨੇ ਆਖਿਆ ਮੇਰੀ ਇਕ ਵਿਧਵਾ ਫੂਫਸ ਹੁੰਦੀ ਸੀ, ਬਿਰਜੂ ਨੂੰ ਆਪਣੇ ਬਾਪ ਦੀ ਵਿਧਵਾ ਭੂਆ ਦਾ ਚੇਤਾ ਪਿਆ ਤੇ ਫੇਰ ਬਿਰਜੂ ਤੁਰ ਪਿਆ। ਦੋ ਚਾਰ ਗਲੀਆਂ 'ਚ ਉਸ ਹੋਕਾ

ਦਿੱਤਾ, "ਕੋਈ ਪੀਪੀ ਵਿਕਾਊ ਖਾਲੀ ਬੋਤਲ-" ਅੱਜ ਰਾਤ ਉਸ ਪੀਤੀ, ਰੱਜ ਕੇ ਪੀਤੀ ਪਰ ਅੱਜ ਉਹ ਗੁੱਟ ਹੋ ਕੇ ਸੁੱਤਾ ਨਾ, ਬੇਹੋਸ਼ ਹੋ ਕੇ ਮੂਧਾ ਨਾ ਪਿਆ, ਉਸ ਨੂੰ ਖਿਆਲ ਆਇਆ ਜਿਵੇਂ ਪਤਲੀ ਪਤੰਗ ਲਕੀਰ ਜਿਹੀ ਤ੍ਰੀਮਤ ਉਸ ਨੂੰ ਮਾਲ੍ਹ ਪੂੜੇ ਫੜਾ ਰਹੀ ਐ ਤੇ ਉਹ ਆਖ ਰਿਹਾ ਹੈ...ਬੋਬੀ ਮੇਰੀ ਘਰ ਵਾਲੀ ਕੁੰਤੀ ਸੀ, ਕੁੰਤੀ ਦੇ ਪੇਟੋਂ ਤਿੰਨ ਮੁੰਡੇ, ਬਿਰਜੂ ਦਾ ਜਿਵੇਂ ਗਲਾ ਭਰ ਪਿਆ ਹੁੰਦਾ ਹੈ, ਬੋਬੀ ਡਾਕਟਰ ਆਖਦੇ ਸਨ, ਉਸ ਨੂੰ ਟੀ.ਬੀ. ਬੋਬੀ ਫੇਰ ਉਹ ਮਰ ਗਈ, ਮਰਦੇ ਦੇ ਅੱਥਰੂ....ਬੋਬੀ ਦਾ ਅੱਜ ਕੁੰਤੀ ਦਾ ਸ਼ਰਾਧ ਐ ਕੁੰਤੀ ਦਾ ਸ਼ਰਾਧ ਮਾਲ੍ਹ ਪੂੜੇ ਪਰ ਉੱਥੇ ਕੋਈ ਨਹੀਂ ਸੀ। ਕਿਹੜੀ ਬੋਬੀ....

ਸਵੇਰ ਹੋਈ, ਬਿਰਜੂ ਦਾ ਸਰੀਰ ਟੁੱਟਿਆ ਥੱਕਿਆ ਇੱਕ ਲੋਥ ਬਣਿਆ ਪਿਆ ਸੀ ਮੰਜੀ ਤੇ ਮੂੰਹ ਲਟਕਾਈ ਬਿਰਜੂ ਪਿਆ ਰਿਹਾ, ਤੇੜ ਵਾਲਾ ਤਹਿਮਤ ਉਸ ਦੇ ਉੱਤੇ ਸੀ, ਬਿਰਜੂ ਦੇ ਇਕ ਘੁਸਰ ਮੁਸਰ ਜਿਹੀ ਕੰਨੀਂ ਪਈ, ਰੋਣ ਦੀ ਆਵਾਜ਼ ਥੱਕ ਕੇ ਹਟਕੋਰਿਆਂ ਵਿੱਚ ਬਦਲ ਗਈ ਜਾਪਦੀ ਸੀ। ਕੌਣ ਹੈ, ਕੋਈ ਨੇੜੇ ਹੀ ਹੋ ਰਿਹਾ ਸੀ, ਬਿਰਜੂ ਨੇ ਤਹਿਮਤ 'ਚੋਂ ਮੂੰਹ ਕੱਢ ਕੇ ਵੇਖਿਆ, ਇਹ ਤਾਂ ਕੋਈ ਉਸ ਦੇ ਬੂਹੇ ਤੇ ਹੀ ਰੋ ਰਿਹਾ ਹੈ। ਬਿਰਜੂ ਨੂੰ ਉਸ ਦੇ ਬੂਹੇ ਤੇ ਰੋਣਾ ਬੜਾ ਪਿਆਰਾ ਲੱਗ ਰਿਹਾ ਸੀ। ਪਰ ਏਨੀ ਸਵੇਰ ਇਹ ਕੌਣ, ਕਿਵੇਂ, ਕਿਉਂ? ਹਟਕੋਰਿਆਂ ਦੀ ਚੀਸ ਬਿਰਜੂ ਨੂੰ ਬੜੀ ਪਿਆਰੀ ਲੱਗੀ। ਹਟਕੋਰਿਆਂ ਦੀ ਹਾਕ। ਵੇ ਬਿਰਜੂ ਵੇ ਬਿਰਜੂ। ਬਿਰਜੂ ਨੇ ਬੋਲ ਪਛਾਣੇ, ਇਹ ਤਾਂ ਜਿਵੇਂ ਉਸਦੀ ਨਿੱਕੀ ਭੈਣ ਪਾਰੋ ਹੁੰਦੀ ਐ। ਪਾਰੋ ਦਾ ਪਟਵਾਰੀ ਮਰ ਗਿਆ ਸੀ, ਚਿੱਠੀ ਭੀ ਆਈ ਸੀ ਇਹ, ਉਹ ਉਸਦੀ ਕੁੜੀ ਸ਼ਾਰਧਾ, ਐਨੀ ਵੱਡੀ ਹੋ ਗਈ। ਬਿਰਜੂ ਨੇ ਵੇਖਿਆ, ਬਿਰਜੂ ਉੱਠਿਆ ਤਹਿਮਤ ਬੰਨ੍ਹਿਆ, ਉਸ ਆਪਣੀ ਐਨਕ ਨੂੰ ਡਿਗਦੀ ਨੂੰ ਸੰਭਾਲਿਆ, ਦਰਵਾਜ਼ਾ ਖੁੱਲ੍ਹਿਆ ਫੇਰ ਕੀ ਸੀ ਬਿਰਜੂ ਤੇ ਪਾਰੋ....ਪਾਰੋ ਪਟਵਾਰੀ ਨੂੰ ਰੋ ਰਹੀ ਸੀ। ਬਿਰਜੂ ਕੁੰਤੀ ਨੂੰ, ਸ਼ਾਰਧਾ, ਸੁੰਨ ਵੇਖਦੀ ਰਹੀ, ਇਹ ਮੇਰਾ ਮਾਮਾ, ਬਿਰਜੂ ਮਾਮਾ ਐ।

******

# 3

ਕੱਟਾ ਵੱਢੀ ਮਗਰੋਂ, ਟਿਕੇ ਦਿਨਾਂ 'ਚ ਪਿੰਡ ਦੇ ਬਾਹਰਲੇ ਘਰਾਂ ਚੋਂ ਤੇਲੀਆਂ, ਰਾਈਆਂ, ਮਰਾਸੀਆਂ ਦੇ ਘਰਾਂ 'ਚੋਂ ਜਿਹੜੇ ਬੁੱਢੇ, ਬੁੱਢੀਆਂ, ਬੱਚੇ, ਬੱਚੀਆਂ ਬਚ ਗਏ ਸਨ, ਉਨ੍ਹਾਂ ਨੂੰ ਉਤਲੀ ਫਿਰਣੀ ਦੇ ਟਿੱਬੀਸਰ ਗੁਰਦੁਆਰੇ 'ਚ ਬਗਲ ਕੇ ਅੰਮ੍ਰਿਤ ਛਕਾ ਦਿਤਾ ਗਿਆ, ਨਵੇਂ ਨਵੇਂ ਨੀਲੇ ਨੀਲੇ ਪੱਗੜ, ਕਾਲੇ ਕਾਲੇ ਗਾਤਰੇ, ਚਿੱਟੇ ਚਿੱਟੇ ਕਛਹਿਰੇ, ਦਿਆ ਨੰਦ ਦੰਦ ਪੀਂਹਦਾ ਰਿਹਾ, ਸ਼ਾਇਦ ਉਸ ਦੇ ਅੰਦਰਲੇ ਮਨ 'ਚ ਕੁਝ ਹੋਰ ਸੀ, ਗਾਤਰਿਆਂ ਥਾਵੇਂ ਜਨੇਉ, ਕਛਹਿਰਿਆਂ ਥਾਵੇਂ ਧੋਤੀਆਂ, ਮੱਥੇ ਤਿਲਕ, ਪਰ ਉਸ ਦਾ ਜ਼ੋਰ ਨਾ ਚੜ੍ਹ ਸਕਿਆ, ਦਿਆ ਨੰਦ ਹੋਰ ਤਾਂ ਕੁਝ ਨਾ ਕਰ ਸਕਿਆ, ਕੇਵਲ ਇਉਂ ਆਖ ਕੇ ਆਪਣੇ ਅੰਦਰ ਦੀ ਅੱਗ ਨੂੰ ਜਲਦਾ ਰਖਦਾ "ਉਧਰ ਉਨ ਸਾਲੋਂ ਨੇ ਤੋ ਗਊ ਕਾ ਮਾਸ ਭੀ ਹਮ ਨੇ ਤੋ ਇਨ ਚਾਰ ਕੋ ਉਧਰ ਹਜ਼ਾਰੋਂ ਕੋ ਮੁਸਲਮਾਨ...." ਇਹ ਆਖ ਆਖ ਵੈਦ ਦਿਆਨੰਦ ਉੱਬਲਦੇ ਪਾਣੀ ਵਾਂਙ ਬੁੜ ਬੁੜ ਕਰਦਾ। ਸਮਾਂ ਅਗਾਂਹ ਤੁਰਿਆ। ਜਜ਼ਬਾਤੀ ਜਨੂਨ ਦਾ, ਧਾਰਮਿਕ ਸਰਮਾਏਦਾਰੀ, ਸਿਆਪਾ 1947 'ਚ ਹੋ ਕੇ ਮੱਠਾ ਪੈ ਗਿਆ। ਕਾਕੜ ਨੂੰ ਭੀ ਅੰਮ੍ਰਿਤ ਛਕਾ ਦਿੱਤਾ ਗਿਆ, ਅੱਠ ਦਸ ਵਰ੍ਹਿਆਂ ਦੇ ਕਾਕੜ ਨੂੰ ਧਰਮ ਬਾਰੇ ਤਾਂ ਕੀ ਪਤਾ ਹੋਣਾ ਸੀ, ਸਿਰਫ਼ ਉਸ ਨੂੰ ਮੌਲਵੀ ਦੇ ਹੁਜ਼ਰੇ 'ਚ ਬੈਠੇ ਆਪਣੇ ਖੁਦਾਈਏ ਮਾਮੇ ਦੀ ਮਾਲਾ ਦਾ ਚੇਤਾ ਸੀ, ਹਾਂ ਉਹ ਅੱਲਾ ਅੱਲਾ ਜ਼ਰੂਰ ਆਖਦਾ ਹੁੰਦਾ ਸੀ, ਚਾਹ ਪੀਂਦਾ ਤਾਂ ਅੱਲਾ ਆਖਦਾ, ਰੋਟੀ ਖਾਂਦਾ ਤਾਂ ਅੱਲਾ ਆਖਦਾ। ਟੁੱਕ ਨੂੰ ਸੌ ਵਾਰ ਮੱਥੇ ਨਾਲ ਲਾਉਂਦਾ, ਖੁਦਾ ਦਾ ਸ਼ੁਕਰ ਕਰਦਾ, ਰਿਜ਼ਕ ਭੀ ਖੁਦਾ ਐ, ਕਾਕੜ ਨੂੰ ਆਪਣੇ ਮਾਮੇ ਖੁਦਾਈਏ ਦਾ ਖੁਦਾ ਖੂਬ ਚੇਤੇ ਸੀ ਤੇ ਫੇਰ ਉਸ ਨੂੰ ਚੇਤੇ ਪਈ ਆਪਣੇ ਮਾਮੇ ਖੁਦਾਈਏ ਦੀ ਲੋਥ, ਲੋਥ ਫੁੱਲ ਕੇ ਕਿੰਨੀ ਮੋਟੀ ਹੋ ਚੁੱਕੀ ਸੀ, ਜਿਵੇਂ ਪਾਣੀ ਦੀ ਮਸ਼ਕ ਹੁੰਦੀ ਐ, ਖੁਦਾ ਖੁਦਾ ਕਹਿਣ ਵਾਲੇ ਖੁਦਾਈਏ ਦਾ ਭਿਆਨਕ ਬਣਿਆ ਭੂਤ ਮੂੰਹ ਕਾਕੜ ਨੇ ਵੇਖਿਆ ਸੀ। ਆਪਣੇ ਬਾਪੂ ਨੂਰੇ ਦੀ ਲੋਥ ਵੇਖੀ ਸੀ ਆਪਣੀ ਮਰੀ ਮਾਂ ਨੇਮੋਂ ਦਾ ਜਬਾੜਾ....ਕਾਕੜ ਕਿੰਨੇ ਦਿਨ ਬੀਮਾਰ

ਰਿਹਾ ਸੀ, ਤਾਪ ਚੜ੍ਹਦਾ ਰਿਹਾ, ਵਲੈਤੀ ਉਸ ਨੂੰ ਮੰਡੀਓ ਦਾਰੂ ਲਿਆ ਕੇ ਦੇਂਦਾ, ਵੈਦ ਤੋਂ ਡਰਦਾ ਮਾਰਾ, ਲੈਂਦਾ ਨਹੀਂ ਸੀ ਤੇ ਨਾ ਹੀ ਵਲੈਤੀ ਨੂੰ ਵੈਦ ਤੇ ਵਿਸ਼ਵਾਸ ਸੀ। ਦਿਨ ਬੀਤਦੇ ਗਏ ਕਾਕੜ ਹੁਣ ਕਰਮ ਸਿੰਘ ਸੀ, ਪਰ ਵਲੈਤੀ ਹੁਣ ਭੀ ਉਸ ਨੂੰ ਕਾਕੜ ਆਖਦਾ ਸੀ, ਇਕੱਲਾ ਵਲੈਤੀ ਹੀ ਨਹੀਂ ਸਾਰਾ ਪਿੰਡ ਹੀ ਉਸ ਨੂੰ ਕਾਕੜ ਆਖਦਾ ਰਹਿੰਦਾ, ਕੇਵਲ ਗੁਰਦੁਆਰੇ ਦਾ ਭਾਈ ਜੀ ਕਾਕੜ ਨੂੰ ਕਰਮ ਸਿੰਘ ਆਖ ਕੇ ਬੁਲਾਂਦਾ ਰਹਿੰਦਾ, ਕਾਕੜ ਨੂੰ ਕੁਝ ਭੀ ਬੁਰਾ ਨਾ ਲਗਦਾ, ਨਾ ਅੰਮ੍ਰਿਤ ਛਕਣਾ, ਨਾ ਬਾਬੇ ਦੀ ਸਵਾਰੀ ਨੂੰ ਮੱਥਾ ਟੇਕਣਾ, ਉਸ ਪਹਿਲਾਂ ਭੀ ਤਾਂ ਸੌ ਵਾਰ ਅਖੰਡ ਪਾਠ ਤੋਂ ਕੜਾਹ ਪ੍ਰਸ਼ਾਦ ਲੀਤਾ ਸੀ, ਪਰ ਹੁਣ ਜਦ ਕਦੇ ਕਾਕੜ ਦੀ ਥਾਵੇਂ ਭਾਈ ਜੀ ਉਸ ਨੂੰ ਕਰਮ ਸਿੰਘ ਆਖ ਕੇ ਬੁਲਾਂਦਾ, ਉਸ ਨੂੰ ਇਉਂ ਲਗਦਾ ਜਿਵੇਂ ਉਸ ਦੀ ਮਾਂ ਮਰ ਗਈ ਹੁੰਦੀ ਹੈ ਤੇ ਬਾਪੂ ਭੀ ਤੇ ਉਸ ਦਾ ਕੁਝ ਟੁੱਟ ਗਿਆ ਹੁੰਦਾ ਐ।

ਉਸ ਦੀ ਮਾਂ ਨੇ ਉਸ ਨੂੰ ਕਾਕੜ ਆਖਿਆ ਸੀ, ਉਸ ਦਾ ਅੱਬਾ ਉਸ ਨੂੰ ਕਾਕੜ ਆਖਦਾ ਹੁੰਦਾ ਸੀ, ਤੇ ਹੁਣ ਉਸ ਦਾ ਸਭ ਕੁਝ ਮਾਂ ਭੀ ਤੇ ਪਿਓ ਭੀ, ਵਲੈਤੀ ਉਸ ਨੂੰ ਕਾਕੜ ਹੀ ਤਾਂ ਆਖਦਾ ਸੀ, ਫੇਰ ਇਹ ਭਾਈ ਜੀ ਕੌਣ ਹੁੰਦੈ, ਨਾਂ ਬਦਲਣ ਵਾਲਾ, ਕਾਕੜ ਨੂੰ ਬੁਰਾ ਲਗਦਾ, ਪਰ ਉਹ ਬੱਚਾ ਤਾਂ ਸੀ ਹੀ। ਉਸ ਦੀ ਸੁਤਾ ਬਦਲ ਜਾਂਦੀ, ਉਹ ਇਹਨਾਂ ਗੱਲਾਂ ਨੂੰ ਬਚਪਨ ਕਰਕੇ ਟਿੱਚ ਹੀ ਸਮਝਦਾ ਸੀ, ਵਲੈਤੀ ਨੇ ਉਸ ਨੂੰ ਬੱਕਰੀ ਲੈ ਦਿੱਤੀ ਸੀ, ਬੱਕਰੀ ਦੇ ਦੋ ਪਠੋਰੇ। ਫ਼ਿਰਣੀ ਦੀ ਭੜੀ ਤੇ ਮਲਿਆਂ ਤੇ ਬੱਕਰੀ ਨੂੰ ਕਾਕੜ ਚਾਰਦਾ ਰਹਿੰਦਾ, ਦਿਨ ਅਗਾਂਹ ਤੁਰਦੇ ਗਏ ਕਾਕੜ ਵੱਡਾ ਹੁੰਦਾ ਗਿਆ। ਵਲੈਤੀ ਨਾ ਹੁਣ ਕਦੀ ਸਫਰੀ ਨਾਲ ਕਿਸੇ ਮੰਡੀ ਤੇ ਗਿਆ ਤੇ ਨਾ ਹੀ ਬਾਹਰ ਕਿਸੇ ਮੇਲੇ ਤੇ, ਪਹਿਲਾਂ ਤਾਂ ਪਹੋਏ ਦੇ ਮੇਲੇ ਤੋਂ ਦਸ ਦਸ ਦਿਨ ਨਹੀਂ ਮੁੜਦਾ ਸੀ। ਪਿੰਡ 'ਚ ਆਪਣੀ ਹੱਟੀ ਤੇ ਹੀ ਟਿਕਿਆ ਬੈਠਾ ਰਹਿੰਦਾ। ਹਟਵਾਣੀਏ ਕਰਿਆੜਾਂ ਵਰਗੀ ਉਸ ਦੀ ਆਦਤ ਨਹੀਂ ਸੀ, ਹੁਣ ਉਹ ਹਰ ਤਰ੍ਹਾਂ ਦਾ ਨਿਕ ਸੁਕ ਲਿਆ ਰੱਖਦਾ। ਪਿੰਡ ਵਾਲਿਆਂ ਨੂੰ ਵਲੈਤੀ ਦੀ ਦੁਕਾਨ ਦਾ ਬੜਾ ਫਾਇਦਾ ਸੀ। ਵੇਲੇ ਕੁਵੇਲੇ ਜੇ ਕਿਸੇ ਦੇ ਪਰਾਹੁਣਾ ਧਰੌਣਾ ਆ ਜਾਂਦਾ ਵਲੈਤੀ/ਪੂਰਾ ਕੰਮ ਸਾਰਦਾ। ਵਲੈਤੀ ਤੇ ਕਾਕੜ ਦੀ ਚੰਗੀ ਨਿਭ ਰਹੀ ਸੀ। ਕਾਕੜ ਜਦ, ਵਲੈਤੀ ਨੂੰ

ਚਾਚਾ ਕਹਿ ਕੇ ਬੁਲਾਂਦਾ ਤਾਂ ਵਲੈਤੀ ਦਾ ਜੀ ਭਰ ਜਿਹਾ ਜਾਂਦਾ। ਕਾਕੜ ਦੇਖਣ 'ਚ ਸੋਹਣਾ ਸੀ। ਗੋਰਾ ਰੰਗ, ਤਿਖੇ ਨਕਸ਼ ਹੱਡਾਂ ਦਾ ਮੋਕਲਾ, ਚਾਲ ਢਾਲ ਦਾ ਸ਼ੋਅਲਾ, ਬੜਾ ਪਿਆਰਾ ਬੱਚਾ ਲਗਦਾ ਸੀ। ਸਾਲ ਕੁ ਬਾਅਦ ਉਸ ਦੇ ਕੇਸ ਉਸ ਨੂੰ ਬੜੇ ਫੱਬਣ ਲੱਗ ਪਏ। ਸਵੇਰੇ ਹੀ ਵਲੈਤੀ ਚਾਰ ਗੁਲੀਆਂ ਘੜ ਲੈਂਦਾ ਗੰਢਿਆਂ ਨਾਲ ਡੋਲਿਆਂ ਨਾਲ ਜਾਂ ਤੁਕਿਆਂ ਦੇ ਆਚਾਰ ਨਾਲ ਛਕ ਕੇ ਕਾਕੜ ਆਪਣੀ ਬੱਕਰੀ ਤੇ ਪਠੋਰਿਆਂ ਨੂੰ ਬਾਹਰ ਫ਼ਿਰਣੀ ਦੀ ਭੜੀ ਤੇ ਲੈ ਜਾਂਦਾ ਤੇ ਵਲੈਤੀ ਦੋ ਚਾਰ ਜਿਹੜੀਆਂ ਚੁੰਗਾਂ ਆਉਂਦੀਆਂ ਜੋਖ ਛਡਦਾ ਦਿਨ ਟੁੱਟਦੇ ਗਏ, ਵਲੈਤੀ ਤੇ ਕਾਕੜ ਦਾ ਪਿਆਰ ਪਿੰਡ 'ਚ ਵਾਹਵਾ ਮਸ਼ਹੂਰ ਹੋ ਚਲਿਆ, ਕਾਕੜ 'ਚ ਅਪਣੱਤ ਤੇ ਤਿਉ ਭੀ ਪੂਰਾ ਸੀ। ਉਹ ਆਪਣੇ ਚਾਚੇ ਵਲੈਤੀ ਬਿਨਾ ਚਾਹ ਨਾ ਪੀਂਦਾ, ਰੋਟੀ ਨਾ ਖਾਂਦਾ, ਦਿਨ ਟੁੱਟਦੇ ਗਏ ਗੁਜ਼ਰ ਹੁੰਦੀ ਗਈ ਕਾਕੜ ਉਡਾਰ ਤੇ ਵਲੈਤੀ ਆਪਣੇ ਪੈਰਾਂ ਤੇ ਹੁੰਦਾ ਗਿਆ।

ਇਕ ਦਿਨ ਰਿਹਾੜ ਕਰਦੇ ਕਾਕੜ ਨੇ ਆਪਣੇ ਚਾਚੇ ਨੂੰ ਕਹਿ ਹੀ ਦਿਤਾ, 'ਚਾਚਾ ਮੈਂ ਨੀ ਬਕਰੀ ਲੈ ਜਾਣੀ ਚਾਰਣ, ਮੈਨੂੰ ਤਾਂ ਝੋਟੀ ਲੈ ਦੇ ਵਲੈਤੀ ਨੂੰ ਕਾਕੜ ਦੀ ਰਿਹਾੜ ਤੇ ਹਾੜੇ ਬੜੇ ਪਿਆਰੇ ਲਗਦੇ, ਤੇ ਆਖਿਰ ਉਹ ਗਲੀ ਮੁਹੱਲਿਆਂ 'ਚ ਝੋਟੀ ਵੇਖਣ ਲੱਗ ਪਿਆ। ਕਾਕੜ ਭੀ ਕਦੇ ਕਦੇ ਨਾਲ ਹੁੰਦਾ ਸੀ, ਕਾਕੜ ਮੱਝ ਜਾਂ ਝੋਟੀ ਵੇਖ ਕੇ ਇਕਦਮ ਸਿਰ ਮਾਰ ਦੇਂਦਾ, ਜਿਵੇਂ ਉਸ ਨੂੰ ਭੂਰੇ ਰੰਗ ਨਾਲ ਕੋਈ ਘਿਰਣਾ ਹੁੰਦੀ ਐ, ਆਖਿਰ ਨਾਗ ਦੇ ਪਿੰਡੇ ਵਾਂਗ ਲਿਸ਼ਕਦੀ ਝੋਟੀ ਕਾਕੜ ਨੂੰ ਵਲੈਤੀ ਨੇ ਲੈ ਦਿੱਤੀ। ਕਾਕੜ ਦੇ ਹੱਥ ਝੋਟੀ ਦਾ ਸੰਗਲ, ਵਲੈਤੀ ਮਗਰ ਛਮਕੀ ਨਾਲ ਹੱਕਦਾ ਆ ਰਿਹਾ ਸੀ, ਸੱਥ 'ਚ ਬੈਠੇ ਮੁਚਰ ਜਿਹੇ ਚੋਰ ਦਾੜੀਏ ਜੱਟਾਂ ਨੇ ਨਹੋਰੇ ਮਾਰੇ "ਇਉਂ ਪਾਲੀ ਦੇ ਨੇ ਪੁਤ...."

"ਓ ਯਾਰੋ ਮੜੰਗਾ ਤਾਂ ਜਮਾਂ ਵਲੈਤੀ ਤੇ"

'ਆਹੋ ਨੂਰੇ ਕਿਹੜਾ ਚਿੜੇ ਖਾਂਦਾ ਰਿਹੈ.... ਸਾਲੀ ਜੁਲਾਹੀ ਭੀ ਤਾਂ ਮਸ਼ਾਲ ਵਾਂਗੂ ਮੱਚਦੀ ਸੀ...ਹਾਰਨੀ, ਹਾਰ ਗਈ ਪਰ ਕੰਜਰਣੀ ਦੀ ਤੋਰ....।" ਵਲੈਤੀ ਸੁਣਦਾ, ਉਸ ਨੂੰ ਇਕ ਸੁਆਦ ਜਿਹਾ ਆਉਂਦਾ, ਸੁਆਦ ਲੈਂਦਾ ਲੈਂਦਾ ਚੁੱਪ ਜਿਹੀ ਧਾਰਦਾ,

ਮੁਸਕੜੀਏ ਹੱਸਦਾ ਰਹਿੰਦਾ। ਝੋਟੀ ਕਾਹਦੀ ਸੀ ਇਕ ਹਥਣੀ ਸੀ, ਹਥਣੀ ਨੇ ਦੁੱਧ ਦੀ ਛੱਬ ਲਾ ਦਿੱਤੀ। ਵਲੈਤੀ ਨੇ ਚਾਰ ਵੀਹਾਂ ਪੇਸ਼ਗੀ ਦਿੱਤੇ ਤੇ ਅੱਠ ਵੀਹਾਂ ਦਾ ਹਾੜ੍ਹੀ ਦਾ ਉਧਾਰ, ਸਿਆਲਾਂ ਦੇ ਠੰਢੇ ਦਿਨ ਘਰ 'ਚ ਦੁੱਧ ਦੀ ਨਹਿਰ, ਕਾਕੜ ਦੇ ਸ਼ੋਅਲੇ ਹੱਡਾਂ 'ਚ ਬਿਜਲੀ ਪਰਵੇਸ਼ ਕਰਨ ਲੱਗ ਪਈ, ਵਲੈਤੀ ਦੀ ਬੁਸੀ ਜ਼ਿੰਦਗੀ 'ਚ ਖ਼ੂਨ ਦਾ ਰੰਗ ਭਰਨ ਲੱਗ ਪਿਆ ਸੀ। ਰਾਤ ਨੂੰ ਜਦ ਛੰਨਾ ਛੰਨਾ ਦੁੱਧ ਦਾ ਪੀ ਕੇ ਢਿੱਡ ਤੇ ਹੱਥ ਫੇਰ ਸੁਰਾਲ ਵਾਂਗ ਦੋਨੋਂ ਜੀਅ ਸੌਂ ਜਾਂਦੇ ਤੇ ਤੜਕੇ ਉਠਣ ਸਾਰ ਦਹੀਂ ਦਾ ਛੰਨਾ, ਬਹਾਰਾਂ ਸਨ। ਵੱਧ ਸੇਰ ਕੁ ਦੁੱਧ ਨੂੰ ਦੁੱਧ ਪੀਣ ਲਗ ਗਿਆ, ਵਲੈਤੀ ਨੂੰ ਚੀਹ ਤਾਂ ਬੜੀ ਚੜ੍ਹਦੀ, "ਇਹ ਕੰਜਰ ਦਾ ਪੰਡਤ ਗਲੋਂ ਨਾ ਲੱਥਾ।" ਵੈਦ ਨੂੰ ਕਾਕੜ ਤੇ ਚੜ੍ਹਦੀ ਜਵਾਨੀ ਇਉਂ ਲਗਦੀ ਜਿਵੇਂ ਉਸ ਦੇ ਆਪਣੇ ਪਿੰਡੇ ਤੇ ਜ਼ਹਿਰ ਚੜ੍ਹ ਰਹੀ ਹੁੰਦੀ ਹੈ। ਕਾਕੜ ਆਪਣੇ ਕੇਸਾਂ ਨੂੰ ਕੰਘਾ ਕਰਕੇ ਰੱਖਦਾ, ਮਖਮਲ ਵਰਗੇ ਕੇਸਾਂ ਦੀ ਸ਼ੇਖੀ ਮਾਰਦਾ ਮਾਰਦਾ ਕਾਕੜ ਕਹਿੰਦਾ ਰਹਿੰਦਾ, ਕੇਸ ਨਹੀਂ ਇਹ ਤਾਂ ਰੇਸ਼ਮ ਦੀਆਂ ਡੋਰਾਂ ਨੇ ਰੇਸ਼ਮ ਦੀਆਂ ਡੋਰਾਂ। ਕਾਕੜ ਨੂੰ ਪਿੰਡ ਦੇ ਜੱਟਾਂ ਦੇ ਬਈਏ ਦੇ ਆਲ੍ਹਣੇ ਬਣੇ ਕੇਸ ਬੜੇ ਬੁਰੇ ਲਗਦੇ ਤੇ ਕਈ ਵਾਰ ਤਾਂ ਉਹ ਆਪਣੇ ਅੰਦਰ ਅੰਦਰ ਉਨ੍ਹਾਂ ਨੂੰ ਗਾਲ੍ਹ ਦੁੱਪੜ ਭੀ ਕੱਢਣ ਲਗ ਜਾਂਦਾ, "ਸਾਲੇ ਵੱਡੇ ਆਏ ਨੇ ਬਿਸਵਿਆਂ ਆਲੇ, ਊਂ ਨਾ ਬੋਲਣ ਦਾ ਪਤਾ ਨਾ ਖਾਣ ਦਾ, ਊਂ ਧੌਂਸ ਜਮਾਉਣ ਨੂੰ ਬੀਹਾਂ ਅਰਗੇ ਨੇ" ਕੇਸਾਂ ਦੇ ਰੇਸ਼ਮ ਵਰਗੇ ਕੂਲੇ ਕੂਲੇ ਅਨੁਭਵ ਨਾਲ ਕਾਕੜ ਨੂੰ ਫਿਰਣੀ ਵਾਲਿਆਂ ਦੀ ਰੇਸ਼ਮਾ ਯਾਦ ਪੈ ਜਾਂਦੀ। ਰੇਸ਼ਮਾ ਨਾਲ ਕਾਕੜ ਦੀ ਛੇੜ ਛਾੜ ਤਾਂ ਕੋਈ ਬਹੁਤੀ ਨਹੀਂ ਸੀ ਕੇਵਲ ਮੱਝ ਨੂੰ ਟੋਭੇ ਤੇ ਨਹਾਉਣ ਤੇ ਪਾਣੀ ਪਿਆਉਣ ਵੇਲੇ ਅਤੇ ਕਾਕੜ ਨੂੰ ਕਾੜ੍ਹਨੀ ਦਾ ਦੁੱਧ ਵਧਾਉਣ ਵੇਲੇ ਚੁੰਨੀ ਜਿਹੀ ਹਿਲਾ ਕੇ ਹਿਲਾ ਜਾਂਦੀ। ਕਾਕੜ ਨੂੰ ਅਚਵੀ ਆਉਂਦੀ, ਅਕੇਵਾਂ ਜਿਹਾ ਚੜ੍ਹ ਜਾਂਦਾ, ਜਦੋਂ ਉਸ ਨੂੰ ਨਾਮੇ ਨਾਲ ਪਾਲੀ ਬਣ ਕੇ ਕਟੇ ਦਿਨ ਦਿਹਾੜੇ ਚੇਤੇ ਪੈਂਦੇ ਤੇ ਫੇਰ ਉਸ ਨੂੰ ਵਲੈਤੀ ਚਾਚੇ ਦਾ ਤਿਹ ਜਾਗ ਪੈਂਦਾ, ਕਿਵੇਂ ਇਕ ਦਿਨ ਵਲੈਤੀ ਨੇ ਕਾਕੜ ਦੇ ਬੁਸਬੁਸੇ ਮੂੰਹ ਨੂੰ ਵੇਖ ਕੇ ਨਾਮੇ ਨਾਲੋਂ ਨਮਾਣੀ ਇਕਾਦਸ਼ੀ ਵਾਲੇ ਦਿਨ ਹਟਾ ਲਿਆ ਸੀ ਤੇ ਫੇਰ ਕਾਕੜ ਘਰ ਦੀਆਂ ਤਿੰਨ ਚਾਰ ਬੱਕਰੀਆਂ ਤੇ ਹੋ ਗਿਆ, ਬੱਕਰੀਆਂ ਵੇਚ ਦਿੱਤੀਆਂ ਝੋਟੀ ਲੈ ਲਿਤੀ ਸੀ ਤੇ ਝੋਟੀ ਵੇਚ ਕੇ ਕਾਕੜ ਛੱਜੂ ਕੇ ਭੱਠੇ ਤੇ

ਪਥੇਰ ਵਾਲਿਆਂ ਨਾਲ ਜਾਣ ਲੱਗ ਪਿਆ ਸੀ। ਆਵੇ ਤੇ ਕੰਮ ਕਰਦਿਆਂ ਕਰਦਿਆਂ ਅਕੇਰਾਂ ਅਜਿਹਾ ਅਕੇਵਾਂ ਆਇਆ ਕਿ ਨਿਹਾਲੇ ਨੰਬਰਦਾਰ ਨਾਲ ਸੀਰ ਕਰ ਲਿਆ, ਇੰਜ ਕਾਕੜ ਪਾਲੀ ਰਿਹਾ ਪਥੇਰ ਤੇ ਜਾਂਦਾ ਰਿਹਾ ਤੇ ਹੁਣ ਉਹ ਨਿਹਾਲੇ ਨੰਬਰਦਾਰ ਨਾਲ ਸੀਰੀ ਸੀ। ਨਿਹਾਲੇ ਦੇ ਵੱਡੇ ਮੁੰਡੇ ਜੰਗੀਰੇ ਨੂੰ ਕੱਬਡੀ ਦਾ, ਘੋਲ ਖੇਸ ਦਾ ਤੇ ਸੋਚੀ ਪੱਕੀ ਦਾ ਬੜਾ ਸ਼ੌਕ ਸੀ, ਕਾਕੜ ਨੂੰ ਇਨ੍ਹਾਂ ਸ਼ੌਕਾਂ ਦੀ ਚੇਟਕ ਲੱਗ ਗਈ।

ਕਾਕੜ ਦੇ ਮੁਦਗਰ ਵਰਗੇ ਪੱਟ, ਰੇਸ਼ਮ ਵਰਗੇ ਕੇਸ, ਸਨੈਰੀ ਮਿਰਚ ਵਰਗੀਆਂ ਪਤਲੀਆਂ ਪਤਲੀਆਂ ਮੁੱਛਾਂ ਰੇਸ਼ਮਾ ਲਈ ਇੱਕ ਖਿੱਚ ਬਣ ਗਈਆਂ। ਤੰਦਰੁਸਤੀ ਨਾਲ ਹੁਸਨ ਦਾ ਪੇਚਾ ਪੈ ਜਾਂਦਾ ਹੈ। ਰੇਸ਼ਮਾ ਨੂੰ ਵੇਖਣ ਦਾ ਤਰਲਾ ਕਰਦਾ ਕਰਦਾ, ਕਾਕੜ ਉਜਾਗਰ ਹੋ ਚਲਿਆ। ਕਾਕੜ ਨੇ ਵਿੱਚੋਂ ਸੀਰ ਛੱਡ ਦਿਤਾ, ਝੋਟੀ ਫੇਰ ਲੈ ਲਿੱਤੀ, ਛਪੜ ਤੇ ਮੱਝ ਨਹਾਉਣ ਦੇ ਪੰਜ ਬੈਠਾ, ਕਾਕੜ ਲੋਕਾਂ ਦੀਆਂ ਨਜ਼ਰਾਂ 'ਚ ਰੜਕਣ ਲੱਗ ਪਿਆ।

ਕਾਕੜ ਤੇ ਰੇਸ਼ਮਾ ਦੀ ਇਸ਼ਕ ਕਹਾਣੀ ਦਾ ਪਿੰਡ 'ਚ ਵਾਹਵਾ ਪ੍ਰਚਾਰ ਹੋ ਚਲਿਆ ਸੀ। ਕਾਕੜ ਨੂੰ ਕਦੇ ਕਦਾਈਂ ਜੱਦ ਪਿੰਡ ਵਾਲੇ ਤਿਹੁ ਨਾਲ ਵੇਖਦੇ ਹੁੰਦੇ ਸਨ। ਅਕੇਰਾਂ ਬਲਾਕ ਦੀਆਂ ਖੇਡਾਂ 'ਚ ਕਾਕੜ ਨੇ ਪਿੰਡ ਦੀ ਝੰਡੀ ਉਤਾਂਹ ਕਰ ਦਿੱਤੀ। ਪਿੰਡ 'ਚ ਆਏ ਕਾਕੜ ਨੂੰ ਪਿੰਡ ਵਾਲਿਆਂ ਨੇ ਘਿਉ ਦਾ ਪੀਪਾ ਇਕੱਠਾ ਕਰਕੇ ਦਿੱਤਾ। ਕਾਕੜ ਦਿਨ ਪ੍ਰਤੀ ਦਿਨ ਨਿੱਖਰਦਾ ਗਿਆ, ਹੱਡਾਂ ਦਾ ਸ਼ੋਅਲਾ ਕਾਕੜ, ਹੱਥ ਨਹੀਂ ਲਗਣ ਦੇਂਦਾ ਸੀ। ਕਬੱਡੀ 'ਚ ਕਾਕੜ ਦੀ ਪਟੜੀ ਫੇਰਦੇ ਪਿੰਡਾਂ 'ਚ ਝੰਡੀ ਹੋ ਗਈ। ਕਬੱਡੀ ਦੇ ਮੈਦਾਨ 'ਚ ਜਦ ਕਾਕੜ ਜਾਂਦਾ ਵਲੈਤੀ ਉਸ ਦੇ ਨਾਲ ਹੁੰਦਾ ਸੀ, ਵਲੈਤੀ ਤੋਂ ਬਿਨਾਂ ਜਿਵੇਂ ਕਾਕੜ ਤੋਂ ਖੇਡਿਆ ਹੀ ਨਾ ਜਾਂਦਾ ਹੋਵੇ। ਕਾਕੜ ਦਾ ਕਾਲਾ ਕੱਛਾ, ਗੋਰਾ ਸਰੀਰ, ਹਵਾ ਦੇ ਬੁੱਲ੍ਹਿਆਂ ਨਾਲ ਲੀਲਨ ਦਾ ਕੱਪੜਾ ਲਹਿਰਾ ਕੇ ਜਦ ਉਸ ਦੇ ਰੇਸ਼ਮ ਵਰਗੇ ਪੱਟਾਂ ਨੂੰ ਚੁੰਮਦਾ ਇੱਕ ਨਜ਼ਾਰਾ ਬੱਝ ਰਿਹਾ ਹੁੰਦਾ ਸੀ। ਪਹਿਲੀ ਕਬੱਡੀ ਪਾਉਣ ਲਗਿਆਂ, ਕਾਕੜ ਆਪਣੇ ਚਾਚੇ ਵਲੈਤੀ ਦੇ ਪੈਰੀਂ ਹੱਥ ਜ਼ਰੂਰ ਲਾਉਂਦਾ ਤੇ ਫੇਰ ਪਾਲੇ ਤੋਂ ਮਿੱਟੀ ਚੁੱਕ ਕੇ ਆਪਣੇ ਮੱਥੇ ਨੂੰ ਲਾਉਂਦਾ, ਹੱਥਾਂ ਦਾ ਕਰਾਸ ਜਿਹਾ ਬਣਾ ਕੇ ਦੋਹਾਂ ਕੰਨਾਂ ਨੂੰ ਲਾਉਂਦਾ ਤੇ ਫੇਰ ਬਿਜਲੀ ਦਾ ਕਰੰਟ

ਕਾਕੜ, ਧੂਹ ਧੂਹ ਰਖ ਦੇਂਦਾ। ਕਾਕੜ ਦੀ ਕਬੱਡੀ ਚੜ੍ਹਦੀ ਰਹੀ, ਕਬੱਡੀ ਦੇ ਨਾਲ ਨਾਲ ਉਸ ਦੀ ਜਵਾਨੀ ਭੀ ਲੋਹੜਾ ਬਣ ਗਈ। ਵਲੈਤੀ ਦਾ ਡਿੱਗਿਆ ਦਿਲ ਉੱਠਦਾ ਰਿਹਾ, ਵਲੈਤੀ ਦੇ ਤਬੇਲੇ ਦੀ ਗੱਲ ਹੁਣ ਕੁਝ ਹੋਰ ਸੀ। ਕਾਕੜ ਨੂੰ ਬਾਹਰਲੇ ਪਿੰਡਾਂ ਦੇ ਮੁੰਡੇ ਕਬੱਡੀ ਖੇਡਣ ਲਈ ਲੈਣ ਆਉਂਦੇ, ਕਾਕੜ ਦਾ ਇਕ ਸਿਦਕ ਸੀ। ਉਹ ਆਪਣੇ ਚਾਚੇ ਵਲੈਤੀ ਦੇ ਹੁਕਮ ਬਿਨਾ ਇਕ ਕਰਮ ਭੀ ਘਰੋਂ ਬਾਹਿਰ ਨਹੀਂ ਪੁਟਦਾ ਸੀ। ਵਲੈਤੀ ਖਾਤਿਰ ਕਾਕੜ ਅੰਦਰ ਬੜਾ ਵੱਡਾ ਥਾਂ ਸੀ। ਵਲੈਤੀ ਦੀ ਜਾਨ ਭੀ ਕਾਕੜ 'ਚ ਹੀ ਸੀ।

ਜਿੱਦਣ ਕਦੀ ਕਾਕੜ ਕੋਈ ਕੱਪ ਜਾਂ ਸ਼ੀਲਡ ਜਿੱਤ ਕੇ ਲਿਆਉਂਦਾ, ਆਉਣਸਾਰ ਉਹ ਉਸ ਨੂੰ ਆਪਣੇ ਚਾਚੇ ਦੇ ਪੈਰਾਂ ਚ ਰਖ ਕੇ ਨਮਸਕਾਰ ਕਰਦਾ। ਕਾਕੜ 'ਚ ਪੂਰੇ ਦਰਜੇ ਦੀ ਨਰਮਾਈ ਸੀ। ਕਾਕੜ ਨੂੰ ਉਸਦੀ ਮਸ਼ਹੂਰੀ ਨੇ ਮਗਰੂਰ ਨਹੀਂ ਸੀ ਕੀਤਾ। ਵਲੈਤੀ ਜਿੱਦਣ ਕਦੀ ਨਵਾਂ ਨਵਾਂ ਚਮਕਦਾ ਚਮਕਦਾ ਲਿਸ਼ਕਦਾ ਲਿਸ਼ਕਦਾ ਕੱਪ ਜਾਂ ਸ਼ੀਲਡ ਵੇਖਦਾ, ਉਸ ਨੂੰ ਆਪਣਾ ਚਿਹਰਾ ਆਪਣਾ ਨਾ ਲਗਦਾ ਸਗੋਂ... ਓਦਣ ਉਸ ਦਾ ਮਨ ਭਰ ਆਉਂਦਾ ਉਹ ਕਾਫੀ ਕਾਫੀ ਚਿਰ ਕਈ ਕਈ ਵਾਰ ਕੱਪ ਦੀ ਚਮਕਾਹਟ 'ਚ ਆਪਣਾ ਮੂੰਹ ਵੇਖਦਾ, ਉਸ ਨੂੰ ਉਸ ਦਾ ਆਪਣਾ ਚਿਹਰਾ ਕਈ ਕਈ ਰੰਗ ਬਦਲਾਉਂਦਾ ਨਜ਼ਰ ਆਉਂਦਾ, ਕਦੀ ਵਲੈਤੀ ਨੂੰ ਆਪਣੀ ਤਸਵੀਰ ਆਪਣੀ ਨਾ ਲਗਦੀ, ਨੇਮੋਂ ਦੀ ਮੂਰਤ ਜਾਪਦੀ। ਕਦੇ ਕਦੇ ਇਹ ਚਿੱਤਰ ਨੂਰੇ ਦਾ ਮੂੰਹ ਬਣ ਜਾਂਦਾ ਤੇ ਫੇਰ ਖੁਦਾਈਏ ਦਾ ਕਦਾਵਰ ਕੱਦ, ਖੁਦਾਈਆ ਆਪਣੇ ਅਲਗੋਜ਼ਿਆਂ ਦੀ ਆਵਾਜ਼ 'ਚੋਂ ਦਰਦ ਦੀਆਂ ਮਿੱਠੀਆਂ ਸੁਰਾਂ ਇਉਂ ਕੱਢਦਾ ਜਿਵੇਂ ਇਨ੍ਹਾਂ ਦਾ ਸਰੂਰ ਵਲੈਤੀ ਨੂੰ ਸ਼ਰਾਬ ਦਾ ਨਸ਼ਾ ਦੇ ਜਾਂਦਾ ਹੋਵੇ, ਕਿੰਨੇ ਪੱਕੇ ਪੇਚੇ ਹੁੰਦੇ ਸਨ ਜਿਗਰੀ ਦੋਸਤੀ ਦੇ....ਰਿਉੜੀਆਂ ਦੀ ਖੋਹਾ ਖਿੰਝੀ, ਇਕ ਪਾਸੇ ਖੁਦਾਈਆ ਤੇ ਨੂਰਾ ਤੁਰ ਗਏ ਸਨ, ਦੂਜੇ ਪਾਸੇ ਨੇਮੋ ਦੀ ਮਿੱਟੀ ਹੇਠੋਂ ਉਨ੍ਹਾਂ ਦਾ ਯਾਰਾਨਾ ਸਿਰ ਚੁੱਕ ਰਿਹਾ ਸੀ....ਤੇ ਫੇਰ ਵੈਦ ਦਾ ਚਿਹਰਾ, ਭਾਈ ਜੀ ਦਾ ਚਿਹਰਾ-ਸਮਾਂ ਕਿੰਨਾ ਬਦਲ ਗਿਆ ਸੀ....ਕਿੰਨੀਆਂ ਗੱਲਾਂ ਸਾਫ ਹੋ ਰਹੀਆਂ ਸਨ। ਭਾਈ ਜੀ ਤੇ ਵੈਦ ਵਰਗੀਆਂ ਲੱਛੇ ਬਾਂਦਰੀਆਂ ਲੋਕਾਂ ਨੂੰ....ਉਹ ਠੀਕ ਕਹਿੰਦਾ ਹੁੰਦੈ ਸ਼ਹਿਰੋਂ ਆਉਣ ਵਾਲਾ ਬਾਬੂ ਜੀ....ਤੇ ਬੱਸ ਫੇਰ ਵਲੈਤੀ ਨੂੰ ਮੋਟੀ ਬਰਜੀ ਦਾ ਬੁੱਥੜ ਨਜ਼ਰ

ਪੈਂਦਾ, ਕਿਥੇ ਉਹ ਨੇਮੇਂ ਕਿਥੇ ਇਹ ਬਰਜੀ....ਵਲੈਤੀ ਆਪਣੇ ਯਾਦ ਪਿੰਡੇ ਤੇ ਖੁਰਕਦਾ ਖਰਕਦਾ ਬਹੁਤ ਵੱਡਾ ਬਖਾਦ ਕਰ ਲੈਂਦਾ ਤੇ ਫੇਰ ਉਹ ਆਪਣਾ ਮੂੰਹ ਵੇਖਣੋਂ ਹਟ ਜਾਂਦਾ।

"ਕਿਉਂ ਪੁੱਤਰਾ ! ਆਹ ਕੀ ਗੱਲ ਐ।" "ਕੁਝ ਨਹੀਂ ਚਾਚਾ।" ਇਕ ਮੁੱਠੀ ਜਿਹੀ ਬਣ ਕੇ ਆਖਦਾ, ਕਾਕੜ ਬਾਹਰ ਨੂੰ ਤੁਰ ਜਾਂਦਾ। ਛੱਪੜ ਦੀਆਂ ਕਿੱਕਰਾਂ ਹੇਠ ਰੇਸ਼ਮਾਂ ਮਿਲਦੀ, ਵੇ ਕਾਕੜਾ ਕੀ ਗੱਲ ਐ, ਕਿਉਂ ਕਿਤੇ ਨਕੌੜਾ ਬਹੁਤ ਤਾਂ ਨਹੀਂ ਚੜ੍ਹ ਗਿਆ" ਕਾਕੜ ਚੁੱਪ ਚਾਪ ਬੈਠਾ ਰਹਿੰਦਾ, "ਕੀ ਗੱਲ ਐ ਬੁੱਝ ਪੱਥਰ ਬਣਿਆ ਬੈਠੈ ਕਿਤੇ ਹੋਰ.... " ਮੈਨੂੰ ਸਾਰਾ ਪਤੈ ਉਹ ਨਿਹਾਲੇ ਦੀ ਨੂੰਹ ਐਵੇਂ ਤਾਂ ਨੀ ਘੁੰਡ ਚੁੱਕ ਚੁੱਕ ਦੇਂਦੀ ਸੀ...ਦੁੱਧ ਕਾਕੜ ਸ਼ਾਇਦ ਅਜੇ ਭੀ ਨਾ ਬੋਲਦਾ ਪਰ ਉਸ ਤੋਂ ਇਹ ਰੇਸ਼ਮਾ ਦਾ ਨਹੋਰਾ ਸੁਣ ਕੇ ਨਾ ਰਿਹਾ ਗਿਆ।

"ਅਸੀਂ ਰੇਸ਼ਮਾ ਜਿਸ ਭਾਂਡੇ ਪਾਣੀ ਪੀਏ, ਉਸ ਭਾਂਡੇ ਛੇਕ ਨਹੀਂ ਕਰਦੇ।"

ਰੇਸ਼ਮਾ ਨੇ ਕਾਕੜ ਨੂੰ ਅੱਧੋਂ ਹੀ ਟੋਕ ਦਿੱਤਾ, 'ਵੇ ਗੱਲਾਂ ਤਾਂ ਤੇਰੀਆਂ ਉਹ ਪੁਚਾ ਕੇ ਮਾਰ ਮਾਰ ਕਰਦੀ ਹੁੰਦੀ ਐ "

ਕਾਕੜ ਨੇ ਰੇਸ਼ਮਾ ਨੂੰ ਆਖਿਆ, 'ਚੰਗਾ ਮੈਂ ਤਾਂ ਤੇਰੇ ਨਾਲ ਗੱਲ ਕਰਨ ਤੁਰਿਆ ਸੀ, ਆਪਾਂ ਹੁਣ ਪਿੰਡ ਦੀ ਬਦਨਾਮੀ, ਮੇਰਾ ਚਾਚਾ ਮੈਨੂੰ ਪੁਛਦਾ ਸੀ "

ਰੇਸ਼ਮਾ ਨੇ ਗੱਲ ਨੂੰ ਟੁਕ ਕੇ ਆਖਿਆ "ਬੱਸ ਭੱਜ ਚਲਿਆਂ ।"

ਗੱਲ ਕਾਕੜ ਨੇ ਭੀ ਪੂਰੀ ਨਾ ਹੋਣ ਦਿੱਤੀ, "ਵੇਖ ਲੈ ਕਾਹਨੂੰ ਹੱਥ ਤੇ ਹੱਥ ਧਰਾਉਣੀ ਐਂ....।

ਰੇਸ਼ਮਾ ਦੀਆਂ ਸਿੱਲ੍ਹੀਆਂ ਅੱਖਾਂ ਵੇਖਣ ਸਾਰ ਕਾਕੜ ਤਬੇਲੇ ਨੂੰ ਤੁਰ ਆਇਆ, ਅੱਗੇ ਵਲੈਤੀ ਮੁੰਜ ਦੇ ਮੰਜੇ ਤੇ ਬੈਠਾ ਬਾਣ ਨਾਲ ਆਲੂ ਘਸਾ ਘਸ ਆਲੂਆਂ ਦੇ ਫੋਲਕ ਲਾਹ ਰਿਹਾ ਸੀ।

"ਆ ਬਈ ਪੁੱਤਰਾ! ਕਿਧਰ ਜਾ ਆਇਆਂ।' ਇਹ ਆਖ ਕੇ ਵਲੈਤੀ ਆਪਣੀਆਂ ਮੁੱਛਾਂ ਵਿੱਚ ਮੁਸਕੜੀਏ ਜਿਹਾ ਹੱਸ ਪਿਆ।

ਕਾਕੜ ਨਹੀਂ ਚਾਹੁੰਦਾ ਸੀ, ਕੋਈ ਗੱਲ ਕਰੇ ਪਰ ਦੋ ਪੁੜਾਂ ਵਿਚਕਾਰ, ਕਾਕੜ ਨੇ ਤਿੰਨ ਚਾਰ ਵਾਰ ਹੀਆ ਕੀਤਾ। 'ਚਾਚਾ ਉਹ ਤਾਂ...."। ਕਹਿੰਦਾ ਕਹਿੰਦਾ ਰੁਕ ਜਾਂਦਾ ਤੇ ਆਖਿਰ ਕਾਕੜ ਨੇ ਆਪਣੀ ਹਿੱਕ ਨੂੰ ਹੱਥ ਲਾ ਕੇ ਆਪਣੇ ਹੱਥ ਤੇ ਥੁੱਕ ਲਿਆ ਬਸ ਫੇਰ ਕੀ ਸੀ, 'ਅੱਛਾ ਇਉਂ ਐਂ।"

ਵਲੈਤੀ ਬੁੜ੍ਹਕ ਪਿਆ, ਹੱਥ ਵਾਲਾ ਆਲੂ ਜਿਸ ਨੂੰ ਉਹ ਮੰਜੇ ਤੇ ਘਸਾ ਕੇ ਛਿੱਲ ਰਿਹਾ ਸੀ ਵਗਾਹ ਕੇ ਪਰ੍ਹਾਂ ਮਾਰਿਆ ਤੇ ਅੰਦਰੋਂ ਦੋ ਗੰਡਾਸੀਆਂ ਚੁੱਕ ਲਿਆਇਆ....'ਆਹ ਫੜ ਤੂੰ" ਤੇ ਇੱਕ ਉਸ ਆਪਣੇ ਹੱਥ ਹੇਠ ਕਰ ਲਿੱਤੀ। ਚੰਗਾ ਜੇ ਇੰਝ ਐ ਤਾਂ ਜਿਵੇਂ ਜੀ ਕਰਦੈ ਕਰ।" ਵਲੈਤੀ ਜਾਤ ਦਾ ਹੀ ਬਾਣੀਆ ਸੀ ਉਹ ਤਾਂ ਵੀਹ ਪੱਤਣਾਂ ਦਾ ਤਾਰੂ, ਇੱਕ ਮਹਾਨ ਤਜਰਬਾ ਸੀ, ਸਭ ਸਮਝ ਗਿਆ ਉਹ ਮੁੰਡੇ ਨੂੰ ਮਿਹਣਾ ਮਾਰਦੀ ਐ, ਬਈ ਤੂੰ ਮਰਦ ਨੀ, ਮਰਦ ਦੀ ਹਿੱਕ ਤੇ ਥੁੱਕਦੀ ਹੈ। ਬਸ ਉਸ ਦਿਨ ਤੋਂ ਕਾਕੜ ਹੱਥ ਗੰਡਾਸੀ ਰਹਿੰਦੀ ਤੇ ਵਲੈਤੀ ਭੀ ਦਿਨ ਦਿਹਾੜੇ ਘੁੱਟ ਮੂੰਹ ਨੂੰ ਲਾਈ ਰੱਖਦਾ।

ਵੈਦ ਨੂੰ ਬੜੀ ਚੀਹ ਚੜ੍ਹਦੀ ਜਦੋਂ ਕਾਕੜ ਦਾ ਪਿੰਡ 'ਚ ਮਾਣ ਹੁੰਦਾ, ਸਣੇ ਕੱਪੜੇ ਵੈਦ ਨੂੰ ਅੱਗ ਲੱਗ ਜਾਂਦੀ, ਕਈ ਬਾਰ ਅੱਕ ਕੇ ਉਹ ਵਲੈਤੀ ਨੂੰ ਭੀ ਬੜੀਆਂ ਖਰੀਆਂ, ਕੌੜੀਆਂ ਕੌੜੀਆਂ, ਕਮੀਣੀਆਂ ਆਖ ਜਾਂਦਾ, “ਓ ਕਰਿਆੜਾ ਕਿਉਂ ਤੇਰੀ ਮੱਤ ਮਾਰੀ ਐ ਇਹ ਖੁੱਲ੍ਹਾਂ....ਐਹ ਵੇਖ ਨਾ ਪੁੱਤਾਂ ਆਂਗੂ ਪਾਲਦੈਂ, ਜਿਵੇਂ ਸਹੁਰਿਆਂ ਆਲੀ ਦੇ ਢਿੱਡੋਂ.....।" ਹੁਣ ਤਾਂ ਵੈਦ ਨੂੰ ਹੋਰ ਸਮਾਂ ਮਿਲ ਗਿਆ ਸੀ, ਦੁੱਧ ਦੀ ਡੋਲੀ ਖੜਕਾਉਂਦਾ ਵੈਦ ਵਲੈਤੀ ਦਾ ਅੰਦਰ ਭੀ ਖੜਕਾ ਜਾਂਦਾ ਸੀ।

ਵਲੈਤੀ ਨੂੰ ਇਕ ਅੱਚਵੀ ਜਿਹੀ ਹੁੰਦੀ ਪਰ ਉਹ ਸੰਭਲ ਜਾਂਦਾ, "ਇਹ ਮੇਰਾ ਸਾਲਾ ਵੈਦ, ਹੁੰਦਾ ਕੌਣ ਐ....।"

ਉਂਝ ਵੈਦ ਭੀ ਕਾਕੜ ਤੋਂ ਤਹਿਕਦਾ ਤੇ ਤਹਿਕਦਾ ਕਾਕੜ ਦੀ ਤਾਰੀਫ਼ ਕਰ ਜਾਂਦਾ ਤੇ ਸ਼ਾਬਾਸ਼ ਕਹਿ ਦੇਂਦਾ, ਪਰ ਕਾਕੜ ਨੂੰ ਵੈਦ ਦੀ ਸ਼ਾਬਾਸ਼ ਭੀ ਫਿਟੇ ਮੂੰਹ ਵਰਗੀ ਲਗਦੀ।

ਪਿੰਡ 'ਚ ਕਾਕੜ ਤੇ ਰੇਸ਼ਮਾ ਦੀ ਗੱਲ ਨਾਲ ਕਾਫ਼ੀ ਗਹਿਰ ਪੈਦਾ ਹੋ ਚੁੱਕੀ ਸੀ। ਸੁਰੋ ਸੂਰੀ ਹੁੰਦੇ ਕੁਝ ਲੋਕੀ ਅੰਦਰੋ ਅੰਦਰੀ ਵਾਹਵਾ ਔਖੇ ਸਨ । ਗੱਲ ਬਾਹਰ ਆ ਕੇ ਭੀ ਬਹੁਤੀ ਜ਼ਹਿਰੀਲੀ ਨਾ ਬਣਦੀ ਜੇਕਰ ਵੈਦ ਉਸ ਨੂੰ ਚਕਦਾ ਨਾ ਤੇ ਜ਼ਹਰੀਲਾ ਜ਼ਹਿਰ ਮੋਹਰਾ ਰੰਗ ਨਾ ਦੇਂਦਾ। ਰੇਸ਼ਮਾ ਦੇ ਭਰਾ ਔਖੇ ਭਾਰੇ ਹੁੰਦੇ ਰਹੇ, ਕੱਲੇ ਅਕਹਿਰੇ, ਕਾਕੜ ਨੂੰ ਹੱਥ ਨਾ ਪੈਂਦਾ ਵੇਖ ਕੇ, ਜੁੰਡਲੀ ਜੋੜ ਬੈਠੇ। ਕਾਕੜ ਵੱਲ ਭੀ ਪੰਜ ਸੱਤ ਮੁੰਡੇ ਹੋ ਗਏ। ਕਾਕੜ ਬਹੁਤਾ ਚਾਸਕੂ ਤਾਂ ਨਹੀਂ ਸੀ ਪਰ ਰੇਸ਼ਮਾ ਨਾਲ ਉਸ ਦਾ ਤਿਹੁ ਤਾਂ ਇਕ ਇਸ਼ਕੀ ਖਿੱਚ ਸੀ। ਰੇਸ਼ਮ, ਨਾਲ ਗੱਲ ਕਰਦਿਆਂ ਕਾਕੜ ਬਹੁਤ ਕੁਝ ਭੁੱਲ ਜਾਂਦਾ ਜਿਵੇਂ ਉਸ ਦਾ ਅੰਦਰ ਭਰ ਗਿਆ ਹੁੰਦਾ ਹੈ। ਰੇਸ਼ਮਾ ਨੂੰ ਕਾਕੜ ਨੇ ਇਕ ਦਿਨ ਚੁੰਮ ਲਿਆ, ਇਸ ਚੁੰਮਣ 'ਚ ਜਿਵੇਂ ਡੂਮਣੇ ਦੇ ਸ਼ਹਿਦ ਵਰਗੀ ਮਿਠਾਸ ਹੁੰਦੀ ਹੈ, ਪਰ ਰੇਸ਼ਮਾ ਜਦੋਂ ਉਸ ਨੂੰ ਤਾਹਨਾ ਮਾਰਦੀ, ਕਾਕੜ ਫਸ ਜਿਹਾ ਜਾਂਦਾ, ਇਕ ਉਲਝਣ ਜਿਹੀ, ਇਕ ਕੰਧ ਜਿਹੀ ਉਸ ਦੇ ਅੱਗੇ ਖੜ੍ਹੀ ਹੋ ਜਾਂਦੀ। ਕੀ ਕਰੇ, ਕਿਵੇਂ ਕਰੇ? ਵੈਦ ਮਚਦੀ ਤੇ ਫੂਸ ਪਾ ਰਿਹਾ ਸੀ। ਕਾਕੜ ਦੀ ਜੱਦ ਪਿੰਡ 'ਚ ਸ਼ਲਾਘਾ ਸੀ, ਰੇਸ਼ਮਾ ਦੇ ਭਰਾਵਾਂ ਨੇ ਕਾਕੜ ਨੂੰ ਮਣ ਪੱਕਾ ਬੰਦਾ ਭੀ ਦਿੱਤਾ ਸੀ। ਲੰਬਰਦਾਰ ਨਿਹਾਲਾ ਭੀ ਕਾਕੜ ਦੀ ਰੇਸ਼ਮਾ ਵਾਲੀ ਗੱਲ ਤੋਂ ਨੱਕ ਵੱਟਦਾ ਸੀ। ਓਧਰ ਰੇਸ਼ਮਾ ਮੰਨਦੀ ਨਹੀਂ ਸੀ ਏਧਰ ਰੇਸ਼ਮਾ ਦਾ ਭਰਾ ਕਾਕੜ ਨੂੰ ਖੰਗੂਰਾ ਮਾਰ ਕੇ ਲੰਘਦਾ। ਕਾਕੜ ਭੀ ਜਵਾਬ 'ਚ ਖੰਘ ਪੈਂਦਾ, ਕੌੜ ਵਧਦਾ ਗਿਆ ਤਲਖੀ ਛਿੜਦੀ ਗਈ, ਵਲੈਤੀ ਦਾ ਤਬੇਲਾ ਉਲਾਂਭਿਆਂ ਨਾਲ ਭਰਨ ਲਗ ਪਿਆ, ਪਹਿਲਾਂ ਤਾਂ ਵੈਦ ਹੀ ਵਲੈਤੀ ਦਾ ਮੋਢਾ ਨਹੀਂ ਸੀ ਛਡਦਾ, "ਪਾਲ ਲੈ ਪੁੱਤਾਂ ਵਾਂਗ ਸੱਪ ਨਿੱਕਲਿਆ ਨਾ, ਸੱਪ ਨੂੰ ਚੂਲੀਏ ਦੁੱਧ ਪਿਆਉਣ ਨਾਲ....।"

ਵੈਦ ਕਈ ਵਾਰ ਜਜ਼ਬਾਤੀ ਹੋ ਕੇ ਇਹ ਭੀ ਆਖ ਜਾਂਦਾ, "ਤੂੰ ਬਾਣੀਆ ਹੀ ਨਹੀਂ। ਵੈਦ ਦੀ ਇਸ ਗੱਲ ਨਾਲ ਝੁਲਸਿਆ ਜਾਂਦਾ ਵਲੈਤੀ, ਤਿਲਕਦਾ ਤਿਲਕਦਾ ਹੱਥ

ਪਾਉਣ ਦੀ ਕੋਸ਼ਿਸ਼ ਕਰਦਾ ਪਰ ਉਸ ਦਾ ਜਦ ਹੱਥ ਨਾ ਪੈਂਦਾ ਕਚੂਚ ਹੋ ਬੈਠ ਜਾਂਦਾ, ਕਈ ਵਾਰ ਤਾਂ ਗੁੰਮ ਸੁੰਮ ਮਚਿਆ ਮਚਿਆ ਵੈਦ ਨੂੰ ਦੋ ਗੱਲਾਂ ਆਖ ਹੀ ਜਾਂਦਾ, "ਵੈਦਾ ਤੂੰ ਭੀ ਮੈਨੂੰ ਤਾਂ ਕੁਬੀਅ ਦੀ ਮਾਰ ਹੀ ਲਗਦੈਂ, ਜਦ ਦਾ ਪਿੰਡ ਆਇਆ ਕੋਈ ਨਾ ਕੋਈ ਸਲੰਘ ਖੜ੍ਹੀ ਕਰੀ ਰਖਦੈਂ "ਆਖਦਿਆਂ ਆਖਦਿਆਂ ਵਲੈਤੀ ਨੂੰ ਵੈਦ ਦਾ ਪਿਛੋਕੜ ਚੇਤੇ ਪੈ ਜਾਂਦਾ।

ਵੈਦ ਅੰਮ੍ਰਿਤਸਰ ਦੇ ਇਕ ਆਯੁਰਵੈਦਿਕ ਔਸ਼ਧਾਲੇ 'ਚ ਵਿਦਿਆਰਥੀ ਸੀ। ਸ਼ਹਿਰ 'ਚ ਅਸਰਤਾਈ ਦੀਆਂ ਰੋਟੀਆਂ ਮੰਗ ਕੇ ਵਿਦਿਆਰਥੀ ਉੱਥੇ ਪੜ੍ਹਦੇ ਰਹਿੰਦੇ। ਵੈਦ ਦਿਆ ਨੰਦ ਭੀ ਉਨ੍ਹਾਂ 'ਚ ਹੀ ਸੀ। ਅਸਰਤਾਈ ਦੀਆਂ ਰੋਟੀਆਂ ਮੰਗਦਿਆਂ ਮੰਗਦਿਆਂ ਵੈਦ ਦੀ ਇਕ ਖੱਤਰੀਆਂ ਦੀ ਛਮੱਕ ਛੱਲੋ ਨਾਲ ਗਿਟ ਮਿਟ ਹੋ ਗਈ, ਕੁੜੀ ਤੇ ਵੈਦ ਭਗੌੜਾ ਹੋ ਗਏ, ਤੁਰਦਿਆਂ ਫਿਰਦਿਆਂ ਬਠਿੰਡੇ ਜ਼ਿਲ੍ਹੇ ਦੀ ਇਕ ਮਾਰੂ ਮੰਡੀ 'ਚ ਜਾ ਹੱਟੀ ਪਾਈ।

ਮੰਡੀ 'ਚ ਕਿਰਪੇ ਆੜ੍ਹਤੀਏ ਦਾ ਬਾਪ ਸੰਗ੍ਰਹਿਣੀ ਨਾਲ ਕਈ ਸਾਲਾਂ ਤੋਂ ਬੀਮਾਰ ਸੀ। ਕਿਰਪਾ ਆਪਣੇ ਬਾਪ ਨੂੰ ਲੈ ਕੇ ਵੀਹ ਥਾਈਂ ਫਿਰਿਆ ਪਰ ਕੋਈ ਅਰਾਮ ਨਾ ਮਿਲਿਆ ਤੇ ਆਖਿਰ ਨੂੰ ਵੈਦ ਨੇ ਹੱਥ ਪਾ ਲਿਆ, ਨਵਾਂ ਨਵਾਂ ਮੰਡੀ 'ਚ ਆਇਆ ਸੀ। ਦਹੀਂ ਨਾਲ ਮੱਕੀ ਦੀ ਰੋਟੀ ਸਾਲ ਭਰ ਦੇਂਦਾ ਰਿਹਾ, ਦਹੀਂ ਵਿਚ ਇਕ ਪੁੜੀ ਝਾੜਣ ਲਈ ਦੇ ਦੇਂਦਾ। ਬੁੱਢਾ ਠੀਕ ਹੋ ਗਿਆ, ਵੈਦ ਦੀ ਚੜ੍ਹ ਮੱਚੀ। ਕਿਰਪੇ ਦੇ ਬਾਪ ਨੇ ਪਿੰਡ ਵਾਲਾ ਘਰ ਵੈਦ ਨੂੰ ਪੁੰਨ ਕਰਕੇ ਦੇ ਦਿੱਤਾ, ਵੈਦ ਦਾ ਇਹ ਪਿਛੋਕੜ ਜਦ ਬਾਹਰ ਆਇਆ ਖੱਤਰੀਆਂ ਦੀ ਕੁੜੀ ਨੂੰ ਪੰਜ ਸੱਤ ਬੱਚੇ ਹੋ ਚੁੱਕੇ ਸਨ ਗੱਲ ਪੁਰਾਣੀ ਹੋ ਗਈ ਸੀ । ਵਲੈਤੀ ਆੜ੍ਹਤੀਏ ਨੂੰ ਬੜੀਆਂ ਗਾਲ੍ਹਾਂ ਕੱਢਦਾ, "ਕਿਥੇ ਕੰਜਰ ਦਿਆਂ ਨੇ ਇਹ ਪਿੰਡ ਨੂੰ ਦੱਦ ਲਾ ਕੇ ਰੱਖਤਾ....। ਵਲੈਤੀ ਨੂੰ ਕਾਕੜ ਦੀ ਹਰ ਗੱਲ ਦਾ ਪਤਾ ਸੀ, ਉਹ ਕਹਿੰਦਾ ਭੀ ਰਿਹਾ ਸੀ, "ਚਾਚਾ ਮੈਂ ਤਾਂ....।" ਕੂਲਾ ਜਿਹਾ ਕਾਕੜ ਹੁਸਨ ਦੀ ਸੰਦਲੀ ਸੁਗੰਧ ਦਾ ਹੀ ਆਸ਼ਿਕ ਸੀ; ਪਰ ਏਥੇ ਤਾਂ ਗੱਲ ਨੇ ਖ਼ੂਨੀ ਰੂਪ ਧਾਰਨ ਕਰ ਲਿਆ ਸੀ। ਖ਼ੂਨੀ ਦੁਰਗੰਧ ਤੇ ਕਿੱਥੇ ਇਸ਼ਕ ਦੀ ਸੰਦਲੀ ਸੁਗੰਧ, ਬੜਾ ਵੱਡਾ ਫਰਕ ਸੀ। ਹਰ ਹੁਸਨ ਇਸ਼ਕ ਇਸ਼ਾਰੇ ਨਾਲ

ਟਹਿਕਦਾ ਹੈ। ਹਰ ਇਸ਼ਕ ਇਸ਼ਾਰਾ ਦਿਲ ਦੀ ਰੱਤ 'ਚ ਰੰਗਿਆ ਹੁੰਦਾ ਹੈ। ਖ਼ੂਨ ਦੇ ਦੋ ਰੰਗ, ਇਸ਼ਕ ਦਾ ਸੂਹਾ ਮਹਿੰਦੀ ਰੰਗ ਤੇ ਖ਼ੂਨ ਦਾ ਖਤਰਨਾਕ ਜ਼ਾਲਮ ਰੰਗ।

ਕਾਕੜ ਕੁਝ ਕੁ ਦਿਨਾਂ ਤੋਂ ਘਰੇ ਹੀ ਪਿਆ ਰਹਿੰਦਾ। ਬੱਸ ਕਦੇ ਕਦਾਈਂ ਨਿਹਾਲੇ ਨੰਬਰਦਾਰ ਦੇ ਘਰ ਜ਼ਰੂਰ ਗੇੜਾ ਮਾਰ ਆਉਂਦਾ। ਇਕ ਦਿਨ ਨਿਹਾਲੇ ਦੀ ਨੂੰਹ ਦਰਵਾਜ਼ੇ ਵਿਚ ਰੰਗੀਨ ਪੀੜ੍ਹੀ ਤੇ ਬੈਠੀ, ਤੱਕਲੇ ਦੇ ਤੜਪਦੇ ਮੂੰਹ ਤੇ ਪੂਣੀ ਦੀ ਹਿੱਕ 'ਚੋਂ ਤੰਦ, ਲੰਮਾ ਸਾਰਾ ਤੰਦ ਕੱਢਦੀ ਤੇ ਕੱਢ ਕੇ ਨਿਚਲੇ ਤੇ ਲਪੇਟ ਦੇਂਦੀ, ਨਿਚਲਾ ਗਲੋਟਾ ਬਣਦਾ ਜਾ ਰਿਹਾ ਸੀ, ਪੂਣੀ ਦਾ ਕਲੇਜਾ ਘਟਦਾ ਘਟਦਾ ਘਟ ਗਿਆ, ਪੂਣੀ ਖਤਮ ਹੋ ਗਈ ਸੀ, ਨਿਹਾਲੇ ਦੀ ਨੂੰਹ ਪਤਲੀ ਪਤਲੀ ਪੂਣੀ ਨੂੰ ਆਪਣੀਆਂ ਉਂਗਲਾਂ 'ਚ ਇਉਂ ਫੜਦੀ ਜਿਵੇਂ ਕਿਸੇ ਕਲਾਕਾਰ ਨੇ ਚਿੱਤਰ ਬਣਾਉਣ ਲਈ ਬੁਰਸ਼ ਚੁੱਕਿਆ ਹੁੰਦਾ ਹੈ। ਕਾਕੜ ਤਿੰਨ ਚਾਰ ਮਿੰਟ ਨਿਹਾਲੇ ਦੀ ਨੂੰਹ ਨੂੰ ਕਤਦਿਆਂ ਵੇਖਦਾ ਰਿਹਾ, ਸੋਚਦਾ ਰਿਹਾ, ਰੇਸ਼ਮਾ ਨੂੰ ਚੇਤੇ ਕਰਦਾ ਰਿਹਾ। ਕਾਕੜ ਜਿਵੇਂ ਸੋਚ ਰਿਹਾ ਹੋਵੇ।

ਰੇਸ਼ਮਾ ਇਕ ਪੂਣੀ ਹੈ, ਮੈਂ ਇਕ ਤੱਕਲਾ, ਤੇ ਇਸ਼ਕ ਦੇ ਧਾਗੇ, ਸਾਡੀ ਸਾਂਝ ਦੇ ਗਲੋਟੇ ਦੇ ਪਿੰਡੇ ਤੇ_ਪਰ ਕਾਕੜ ਨੂੰ ਕੁਝ ਭੀ ਸਮਝ ਨਹੀਂ ਪੈ ਰਿਹਾ ਸੀ, ਜਿਵੇਂ ਇਸ਼ਕ ਸੁੰਨ ਤੇ ਹੁਸਨ ਚੇਤਨ ਹੁੰਦਾ ਹੋਵੇ।

ਇਕ ਖੜਾਕ ਨਾਲ ਨਿਹਾਲੇ ਦੀ ਨੂੰਹ ਨੇ ਸਿਰ ਚੁੱਕਿਆ, ਉਸ ਦੀ ਸੁਤਾ ਉੱਠੀ, ਕਾਕੜ ਖੜ੍ਹਾ ਸੀ, ਕਾਕੜ ਵੱਲ ਵੇਖਣ ਸਾਰ ਨਿਹਾਲੇ ਦੀ ਨੂੰਹ ਤੋਂ ਰਿਹਾ ਨਾ ਗਿਆ, ਦੰਦ ਦਿਸ ਪਏ :-

'ਚਿੱਟੇ ਦੰਦ ਹੱਸਣੋਂ ਨਾ ਰਹਿੰਦੇ,

ਲੋਕੀ ਭੈੜੇ ਸ਼ੱਕ ਕਰਦੇ।

ਨਿਹਾਲੇ ਦੀ ਨੂੰਹ ਦੀ ਮੁਸਕਰਾਹਟ, ਅੱਖਾਂ 'ਚ ਆਇਆ ਚਾਨਣ ਕਾਕੜ ਦੇ ਡੌਲੇ ਫੜਕਾ ਗਿਆ, ਬਾਰੀਆਂ 'ਚ ਖੜ੍ਹੀਆਂ ਤੀਵੀਆਂ ਨੇ ਤਾੜੀ ਚੁੱਕ ਦਿਤੀ, ਕਾਕੜ

ਉਹਨੀਂ ਪੈਰੀਂ ਤਬੇਲੇ ਨੂੰ ਪਰਤ ਆਇਆ। ਗੁੰਮ ਸੁੰਮ ਕਾਕੜ ਜਿਸ ਦੇ ਡੌਲਿਆਂ 'ਚ ਨਿਹਾਲੇ ਦੀ ਨੂੰਹ ਦੀ ਮੁਸਕਣੀ ਨਾਲ ਥਿਰਕਣ ਆਈ ਸੀ, ਹੁਣ ਚੁੱਪ ਸਨ। ਆਥਣ ਨੂੰ ਵਲੈਤੀ ਆਇਆ, ਪਤਾ ਨਹੀਂ ਉਹ ਕੀ ਘੁਸਰ ਮੁਸਰ ਕਰਦੇ ਰਹੇ। ਰੋਟੀ ਖਾਣ ਵੇਲੇ ਵਲੈਤੀ ਨੇ ਰੋਟੀ ਨਾ ਖਾਧੀ, ਕਾਕੜ ਨੂੰ ਅੱਜ ਭੁੱਖ ਨਾ ਲੱਗੀ। ਵਲੈਤੀ ਦੇ ਤਬੇਲੇ 'ਚ ਅੱਜ ਅਜਿਹਾ ਪਹਿਲਾ ਦਿਨ ਸੀ, ਜਿਸ ਦਿਨ ਛਾਬੇ 'ਚ ਰੋਟੀਆਂ ਪਈਆਂ ਰਹੀਆਂ ਸਨ। ਕਾਕੜ ਭੀ ਤੇ ਵਲੈਤੀ ਭੀ ਇਸ ਨੂੰ ਕੁਸਗਣੀ ਮੰਨਦੇ ਸਨ। ਘਰੂਟ ਵਰਗੇ ਮੂੰਹ ਕਰੀ, ਕਾਕੜ ਤੇ ਵਲੈਤੀ ਇਉਂ ਪਏ ਸਨ, ਜਿਵੇਂ ਉਹਨਾਂ ਦਾ ਕੋਈ ਮਰ ਗਿਆ ਹੁੰਦਾ ਹੈ। ਪਰ ਉਨ੍ਹਾਂ ਦਾ ਇਸ ਸੰਸਾਰ 'ਚ ਹੋਰ ਕੌਣ ਸੀ, ਸ਼ਾਇਦ ਕਾਕੜ ਨੂੰ ਵਲੈਤੀ ਲਈ ਮਾਰ ਕੇ ਕਾਕੜ ਦੀ ਲੋਥ ਉਸ ਸਾਹਮਣੇ ਰੱਖ ਗਿਆ ਹੋਵੇ। ਨਿਹਾਲਾ ਜੋ ਆਇਆ ਸੀ ਤੇ ਫੇਰ ਵੈਦ ਨੇ ਭੀ ਆਪਣਾ ਜ਼ਹਿਰ ਮੋਹਰਾ ਰੰਗ ਚਾੜ੍ਹਿਆ ਸੀ।

ਤਬੇਲੇ 'ਚ ਛਾਈ ਮੁਰਦਾਹਿਟ ਨੂੰ ਇਕ ਆਵਾਜ਼ ਨੇ ਤੋੜਿਆ, "ਕਿਉਂ ਸੇਠ ਜੀ....।" ਵਲੈਤੀ ਅਗਾਂਹ ਵਧਿਆ, ਵਿਟਰਿਆ ਵਿਟਰਿਆ ਵਲੈਤੀ, ਸਾਹਮਣੇ ਖੜ੍ਹੇ ਅਜਨਬੀ ਨੂੰ ਵੇਖਦਾ ਰਿਹਾ, 'ਆਓ ਮਹਾਰਾਜ।"

"ਕਿਉਂ ਪਹਿਚਾਣਿਆ ਨਹੀਂ....।" ਵਲੈਤੀ ਨੇ ਗਹੁ ਨਾਲ ਤੱਕਿਆ, ਬਾਹਰੋਂ ਆਉਣ ਵਾਲਾ ਉਸ ਨੂੰ ਸਿਆਣ 'ਚ ਆ ਰਿਹਾ ਸੀ।

'ਅੱਛਾ ਅੱਛਾ ਜੀ ਤੁਸੀਂ, ਤੁਹਾਡਾ ਮਹਾਰਾਜ ਆਉਣ ਦਾ ਟੈਮ....।"

"ਨਹੀਂ ਸੇਠ ਜੀ ਮੈਂ ਅੱਜ ਤੁਹਾਡੇ ਕੋਲ ਹੀ ਰਹਾਂਗਾ, ਸਾਰੀ ਗੱਲ ਫੇਰ ਦੱਸਾਂਗਾ, ਪਹਿਲਾਂ ਜੇ ਰੋਟੀ ਦਾ ਛੰਨਾ ਪਿਆ ਹੈ ਤਾਂ....।" ਛਾਬੇ ਦੀ ਅੱਖ ਨੇ ਖੁਸ਼ ਹੋ ਕੇ ਤੱਕਿਆ, ਬਾਹਰੋਂ ਆਇਆ ਬੰਦਾ ਪੰਜ ਸੱਤ ਪਰਸ਼ਾਦੇ ਪਾਣੀ ਵਾਂਗ ਪੀ ਗਿਆ, ਸੇਠ ਦਾ ਧੰਨਵਾਦ ਕਰਦਿਆਂ ਅੰਦਰੋਂ ਜਦ ਮੰਜਾ ਲੈਣ ਗਿਆ, ਤਾਂ ਕੀ ਵੇਖਦਾ ਹੈ, ਫੰਨੇ ਖਾਂ ਦੇਹ ਸੂਰਜਮੁਖੀ ਦੇ ਮੁਰਝਾਏ ਫੁੱਲ ਵਾਂਗ ਫੈਲਰੀ ਪਈ ਹੈ।

ਆਉਣ ਸਾਰ ਅਜਨਬੀ ਨੇ ਪੁਛਿਆ, "ਸੇਠ ਸਾਹਿਬ ਮੁੰਡਾ ਕੀ ਕਰਦੈ?

ਵਲੈਤੀ ਅੰਦਰਲੇ ਕਚੂਚ ਮਨ ਤੋਂ ਸੰਭਲ ਨਾ ਹੋਇਆ, "ਕਰਦੈ ਆਪਣੇ ਜਣਦਿਆਂ ਦਾ ਸਿਰ....।

ਕਾਕੜ ਨੂੰ ਆਪਣੇ ਚਾਚੇ ਵਲੈਤੀ ਦੇ ਇਹ ਸ਼ਬਦ ਤਿੱਖੀਆਂ ਬਰਛੀਆਂ ਵਾਂਗ ਜ਼ਖਮੀ ਕਰ ਗਏ।

******

# 4.

'ਸਾਡਾ ਘਰ ਜਾਨਕੀ ਦੇ ਡੇਰੇ ਦੀ ਪਿੱਠ ਨਾਲ ਲਗਦਾ ਸੀ, ਮੇਰਾ ਪਿਤਾ ਗਰਦਾਵਰ ਸੀ, ਪਰ ਆਮ ਤੌਰ ਤੇ ਲੋਕ ਗਦੋਰ ਸਾਹਿਬ ਗਦੋਰ ਸਾਹਿਬ ਆਖ ਕੇ ਬੁਲਾਉਂਦੇ ਹੁੰਦੇ ਸਨ। ਕਦੇ ਕਦੇ ਜਦੋਂ ਮੇਰੇ ਪਿਤਾ ਜੀ ਪੀ ਕੇ ਸਿਗਰਟ ਸੁਲਘਾਂਦੇ ਤੇ ਉਹ ਬੁੜ ਬੁੜ ਕਰਦੇ ਕਹਿੰਦੇ ਰਹਿੰਦੇ, "ਇਹ ਮੂਰਖ ਜੱਟ ਇਨ ਸਾਲੋਂ ਕੋ ਪਤਾ ਨਹੀਂ ਮੈਂ ਮੈਂ ਗਰਦਾਵਰ ਹੂੰ, ਯਹ ਗਦੋਰ ਗਦੋਰ ਕਿਆ ਹੋਤਾ ਹੈ" ਤੇ ਫੇਰ ਸਿਗਰਟ ਦਾ ਧੂੰਆਂ ਲਹਿਰੀਆਂ ਬਣਾਂਦਾ ਕਮਰੇ 'ਚ ਚੱਕਰ ਮਾਰਦਾ ਰਹਿੰਦਾ। ਸਵੇਰੇ ਕਾਫ਼ੀ ਸਵੇਰੇ ਉੱਠ ਕੇ ਗੀਟੀ ਬਾਬੇ ਦੇ ਡੇਰੇ ਮੰਦਰ 'ਚ ਸ਼ਿਵਾਂ ਤੇ ਪਾਣੀ ਚੜ੍ਹਾਉਣ ਜਾਂਦੇ ਮੇਰੇ ਪਿਤਾ ਜੀ ਇਕ ਪਵਿੱਤਰ ਮਨੁੱਖ ਲਗਦੇ ਪਰ ਜੇਕਰ ਆਉਂਦਿਆਂ, ਆਉਣ ਸਾਰ ਚਾਹ ਤਿਆਰ ਨਾ ਹੁੰਦੀ ਤਾਂ ਮੇਰੀ ਮਾਂ ਦੀ ਸ਼ਾਮਤ ਆ ਜਾਂਦੀ, ਆਉਣ ਸਾਰ ਚੜ੍ਹ ਜਾਂਦੇ, ਬੁਕ ਕੇ ਚੜ੍ਹ ਜਾਣ ਵੇਲੇ, ਬੜੀਆਂ ਲੁੱਚੀਆਂ ਲੁੱਚੀਆਂ ਗਾਲਾਂ ਕੱਢਦੇ। ਜਦੋਂ ਮੈਂ ਆਪਣੀ ਹੋਸ਼ ਸੰਭਾਲੀ ਸੀ, ਓਦੋਂ ਦਾ ਮੈਂ ਘਰ 'ਚ ਅਜਿਹਾ, ਕੁੱਤੀ ਚੀਕਾਂ ਸੁਣਦੀ ਆ ਰਹੀ ਸੀ। ਇਸ ਲਈ ਮੈਨੂੰ ਇਹ ਸਭ ਕੁਝ ਓਪਰਾ ਨਹੀਂ ਲਗਦਾ ਸੀ। ਅਸੀਂ ਘਰ ਵਿਚ ਪੰਜ ਭੈਣਾਂ ਸਾਂ, ਵੱਡੀਆਂ ਦੋ ਆਪਣੇ ਘਰੋ ਘਰੀ ਤੁਰ ਗਈਆਂ ਸਨ। ਦੋਨੋਂ ਚੜ੍ਹ ਰਹੀ ਉਮਰ 'ਚ ਵਿਆਹੀਆਂ ਗਈਆਂ ਸਨ। ਮੈਂ ਆਪਣੇ ਬਚਪਨ 'ਚ ਆਪਣੀ ਮਾਂ ਨੂੰ ਕਿੰਨੀ ਵਾਰ ਕਹਿੰਦਿਆਂ ਸੁਣਿਆ ਸੀ, ਆਪਣੀਆਂ ਵਡੀਆਂ ਭੈਣਾਂ ਨੂੰ । "ਵੇਖ ਲਓ ਧੀਏ ਸਾਡੀ ਇੱਜ਼ਤ ਤੁਹਾਡੇ ਹੱਥ ਐ...."ਪਰ ਮੇਰੀਆਂ ਦੋਨੋਂ ਵੱਡੀਆਂ ਭੈਣਾਂ ਨੇ ਕਦੇ ਭੀ ਇਸ ਦਾ ਜਿਵੇਂ ਖਿਆਲ ਨਾ ਕੀਤਾ ਹੋਵੇ, ਮੇਰਾ ਬਾਪ ਤਾਂ ਕਿੰਨੇ ਵਰ੍ਹਿਆਂ ਤੋਂ ਸ਼ਰਾਬ ਪੀਂਦਾ ਆ ਰਿਹਾ ਸੀ ਤੇ ਮੇਰੀ ਵੱਡੀ ਭੈਣ ਵੰਤੀ ਦਾ ਰੰਗ ਜਿਵੇਂ ਰਾਤ ਨੂੰ ਟਟਿਆਣਾ ਚਮਕਦਾ ਹੁੰਦਾ ਹੈ, ਕਿੰਨੀ ਦੇਰ ਤੱਕ ਕਸਾਈਆਂ ਦੀ ਬੀਹੀ 'ਚ ਮੁਸਲਮਾਨਾਂ ਦੇ ਖਾਲੀ ਘਰਾਂ 'ਚ ਸੁਆਹ ਖੇਹ ਖਾਂਦੀ ਰਹੀ ਸੀ, ਵੰਤੀ ਸ਼ਹਿਰ ਦੀ ਮਸ਼ਹੂਰ ਕੁੜੀ ਬਣ ਗਈ ਸੀ। ਸਮਾਂ ਅਗਾਂਹ ਤੁਰਦਾ ਗਿਆ, ਮੈਨੂੰ ਹਰ ਗੱਲ ਨਿੱਖਰੀ ਨਿੱਖਰੀ ਦਿਸਦੀ ਆਖਰ ਇਕ ਦਿਨ ਵੰਤੀ ਨੂੰ ਮਾਰੂ ਪਿੰਡਾਂ ਦਾ ਨਾਥਾ ਸੇਹਰੇ ਬੰਨ੍ਹ ਕੇ ਲੈ ਗਿਆ।

ਗਿਲਜ ਵਰਗਾ ਕਿੱਕਰ ਦਾ ਜਾਤੂ, ਮਖਮਲ ਵਰਗੀ ਬੀਰ ਵਹੁਟੀ ਵੰਤੀ ਸ਼ਹਿਰਣ ਵੰਤੀ ਦੋ ਤਿੰਨ ਸਾਲ ਤੱਕ ਨੱਕ ਬੁੱਲ੍ਹ ਚੜ੍ਹਾਉਂਦੀ ਰਹੀ ਪਰ ਹੁਣ ਤਾਂ ਵੰਤੀ ਦੇ ਚਾਰ ਪੰਜ ਜੁਆਕ ਸਨ, ਹੁਣ ਨਾਥਾ ਵੰਤੀ ਨੂੰ ਭਾਅ ਗਿਆ ਸੀ ਜਾਂ ਹੁਣ ਵੰਤੀ ਹਿਲ ਭੀ ਨਹੀਂ ਸਕਦੀ ਸੀ, ਸੋਨ ਮੱਖੀ ਮਖਿਆਲ 'ਚ ਜੋ ਫਸ ਗਈ ਸੀ, ਮੋਹ ਭੀ ਤਾਂ ਮਖਿਆਲ ਜਿੰਨਾ ਮਿੱਠਾ ਹੁੰਦਾ ਹੈ। ਆਹ ਜਿਹੜਾ ਬਾਬੂ ਪੰਡਤ ਦਾ ਵੱਡਾ ਐ, ਉਸ ਨੂੰ ਭੀ ਤਾਂ ਬੱਚਾ ਬਣਾ ਲਿਆ ਉਸ ਦੀ ਘਰਵਾਲੀ ਨੇ, ਜਦ ਕਦੇ ਸਾਲ ਛਿਮਾਹੀ ਵੰਤੀ ਏਥੇ ਆਉਂਦੀ, ਓਦਣ ਤਾਂ ਬਾਬੂ ਪੰਡਤ ਦਾ ਮੁੰਡਾ ਜਿਵੇਂ ਸ਼ਹਿਰ 'ਚ ਹੁੰਦਾ ਹੀ ਨਾ ਹੋਵੇ, ਕਿਤੇ ਪਰਦੇਸ ਤੁਰ ਗਿਆ ਹੁੰਦੈ। ਇਕ ਬਾਰ ਉਸ ਦੀ ਘਰ ਵਾਲੀ ਨੂੰ ਥੋੜ੍ਹਾ ਜਿੰਨਾ ਕੁ ਪਤਾ ਲੱਗ ਗਿਆ ਸੀ, ਤੇ ਫੇਰ ਉਸ ਦੀ ਘਰ ਵਾਲੀ ਨੇ ਉਸ ਦਾ ਉਹ ਮੱਕੂ ਬੰਨ੍ਹਿਆ, ਰਹੇ ਰੱਬ ਦਾ ਨਾਂ ਵੰਤੀ ਭੀ ਕਿਹੜਾ ਹੁਣ ਮੋਢਿਆਂ ਉਤੋਂ ਦੀ ਥੁੱਕਦੀ ਸੀ, ਹੁਣ ਤਾਂ ਉਸ ਤੋਂ ਭੀ ਬਹਿ ਕੇ ਉੱਠਿਆ ਨਹੀਂ ਜਾਂਦਾ ਸੀ, ਪੱਪੂ ਉੱਠ ਖੜ੍ਹਿਆ, ਧੱਤੂ ਦੇ ਚਿੱਤੜ ਧੋ ਦਿੱਤੇ, ਮੀਨਾ ਬਾਹਰੋਂ ਮਿੱਟੀ 'ਚ ਲਿੱਬੜ ਕੇ ਆ ਗਈ ਉੱਪਰ ਥਲੀ ਦੇ ਜੁਆਕਾਂ ਨੇ ਵੰਤੀ ਦਾ ਨਾਸ ਕਰ ਛੱਡਿਆ ਸੀ। ਹਾਂ, ਪਰ ਮੇਰੀ ਦੂਜੀ ਭੈਣ, ਰਾਣੋ ਬੜੀ ਸੁਖੀ ਸੀ, ਉਸ ਦਾ ਘਰ ਵਾਲਾ ਸ਼ੁਕੀਨ ਹੈ, ਰਹਿੰਦਾ ਭੀ ਸ਼ਹਿਰ ਹੈ, ਸਿਨਮੇ 'ਚ ਮਸ਼ੀਨ ਮੈਨ ਐ, ਰਾਣੋ ਤਾਂ ਬਣ ਕੇ ਭੀ ਸਰ੍ਹੋਂ ਦਾ ਫੁੱਲ ਰਹਿੰਦੀ ਹੈ। ਪਹਿਲਾਂ ਪਹਿਲ ਜਦੋਂ ਉਹ ਜਲੇਬੀ ਜੂੜਾ ਕਰਕੇ ਜਗਦੀਸ਼ ਨਾਲ ਬਜ਼ਾਰ ਗਈ ਸੀ, ਪੁਰਾਣੀਆਂ ਬੁੱਢੀਆਂ ਠੇਰੀਆਂ ਨੇ ਮੇਰੀ ਮਾਂ ਨੂੰ ਕਿੰਨਾ ਕੁਝ ਕਿਹਾ ਸੀ, ਜਦੋਂ ਮੇਰੀ ਮਾਂ ਨੇ ਆਖਿਆ ਪੁੱਤ ਸਾਉ ਜਗਦੀਸ਼ ਤੇ ਜਗਦੀਸ਼ ਨੇ ਉੱਤਰ ਦਿੱਤਾ ਸੀ, ਨਹੀਂ ਬੇਜੀ ਇਹ ਤਾਂ ਪੁਰਾਣੇ ਵਿਚਾਰ ਨੇ, ਗੱਲ ਦੋ ਚਾਰ ਵਾਰ ਹੋਈ ਬਸ ਹੁਣ ਤਾਂ ਜਗਦੀਸ਼ ਤੇ ਰਾਣੋ ਆਜ਼ਾਦ ਜੋੜਾ ਸੀ, ਉਨ੍ਹਾਂ ਦੇ ਘਰ ਇਕ ਬੱਚਾ ਹੈ, ਬੜਾ ਪਿਆਰਾ ਪਿਆਰਾ ਸੋਹਣਾ ਜਿਹਾ। ਰਾਣੋ ਆਪਣੇ ਕਾਕੇ ਨੂੰ ਬਿੱਬ ਬੰਨ੍ਹ ਕੇ ਰੱਖਦੀ। ਤਿਤਲੀ ਦੇ ਫੰਗਾਂ ਵਰਗਾ ਰੰਗ ਬਿਰੰਗੇ ਕੱਪੜੇ ਭੋਲੂ ਕਾਕੇ ਜਿਹਾ ਬੜਾ ਸੋਹਣਾ ਸੋਹਣਾ ਸਾਫ ਸਾਫ। ਮੈਂ ਜਦੋਂ ਕਦੇ ਉਸ ਨੂੰ ਆਪਣੇ ਉੱਤੇ ਲਿਟਾ ਕੇ ਖਿਡਾਉਂਦੀ, ਜਗਦੀਸ਼ ਆਖਦਾ, ਤੈਨੂੰ ਲੈ ਦੇਈਏ, ਅਜਿਹਾ ਕਾਕਾ ਤੇ ਫੇਰ ਉਹ ਆਪਮੁਹਾਰੇ ਹੀ ਗਾਉਣ ਲੱਗ ਪੈਂਦਾ ਇਕ ਲੁੱਚਾ ਲੁੱਚਾ ਗਾਣਾ :-

'ਜੀਜਾ ਅੱਖੀਆਂ ਨਾ ਮਾਰ ਵੇ ਮੈਂ ਕੱਲ੍ਹ ਦੀ ਕੁੜੀ। ਉਸ ਦੇ ਇਹ ਗੀਤ ਗਾਉਂਦਿਆਂ ਗਾਉਂਦਿਆਂ, ਮੈਨੂੰ ਇਹ ਮਹਿਸੂਸ ਹੋਣ ਲੱਗ ਪਿਆ ਜਿਵੇਂ ਮੈ ਕੱਲ੍ਹ ਦੀ ਕੁੜੀ ਨਾ ਰਹੀ ਹੋਵਾਂ ਮੈਂ ਜਿਵੇਂ ਇਕ ਮੁਟਿਆਰ ਲੋਥ ਬਣ ਰਹੀ ਹੋਵਾਂ। ਜਿਸ ਅੰਦਰ ਕੁਝ ਨਾ ਕੁਝ, ਕੋਈ ਨਾ ਕੋਈ ਅੱਗ ਬਲਦੀ ਹੋਵੇ ਤੇ ਜਦੋਂ ਇਸ ਅੱਗ ਦੀ ਤਪਸ਼ ਤੇਜ਼ ਹੁੰਦੀ ਮੈਂ ਸ਼ੁਕੀਨ ਬਣ ਕੇ ਬਾਜ਼ਾਰ ਨੂੰ ਤੁਰ ਪੈਂਦੀ। ਭੀੜੀ ਗਲੀ ਦੇ ਤੰਗ ਮੋੜ ਤੇ ਕੋਈ ਨਾ ਕੋਈ ਕਿਸੇ ਨਾ ਕਿਸੇ ਦੀ ਉਡੀਕ ਕਰ ਹੀ ਰਿਹਾ ਹੁੰਦਾ ਸੀ। ਗਲੀ ਦਾ ਮੋੜ ਕਿਸੇ ਨਾ ਕਿਸੇ ਦਾ ਕੁਝ ਨਾ ਕੁਝ ਮੈਨੂੰ ਆਖਿਆ ਜਾਣਾ ਬੜਾ ਪਿਆਰਾ ਲਗਦਾ। ਮਿੱਠਾ ਮਿੱਠਾ ਸੁਆਦ ਆਉਂਦਾ, ਤੇ ਮੈਂ ਕਿਤਾਬ ਖਰੀਦਣ ਦੇ ਬਹਾਨੇ ਜਿਵੇਂ ਆਪਣੇ ਅੰਦਰ ਉੱਠੀ ਅੱਗ ਨੂੰ ਬੁਝਾਉਣ ਆਈ ਹੋਵਾਂ। ਉਹ ਦਿਨ ਬੀਤ ਗਏ ਮੇਰਾ ਬਾਪੂ ਗਰਦਾਵਰ ਬਿਸ਼ਨ ਦਾਸ ਮਰ ਗਿਆ। ਮੇਰੇ ਬਾਪੂ ਦੀ ਮੌਤ ਕਿੰਨੀ ਭਿਆਨਕ ਸੀ। ਰਾਤ ਨੂੰ, ਕਾਲੀ ਰਾਤ ਨੂੰ ਜਦੋਂ ਅਸੀ ਸਾਰੇ ਸੁੱਤੇ ਪਏ ਸਾਂ, ਮੌਜ ਦੀ ਨੀਂਦ, ਉਸ ਸ਼ਾਮ ਮੇਰੇ ਪਿਤਾ ਗਰਦਾਵਰ ਬਿਸ਼ਨ ਦਾਸ ਬਾਹਰੋਂ ਨਿਤ ਵਾਂਗ ਪੀ ਕੇ ਆਏ, ਰੱਜਿਆ ਸ਼ਰਾਬ ਦਾ ਮੇਰਾ ਬਾਪੂ ਆਉਣ ਸਾਰ ਮੇਰੀ ਮਾਂ ਨੂੰ ਕੁੱਟਣ ਲੱਗ ਪਿਆ। ਮੇਰੀ ਮਾਂ ਦਾ ਪਿੰਡਾ ਜਿਵੇਂ ਹੁਣ ਇਸ ਕੁਟਾਪੇ ਦਾ ਆਦੀ ਹੋ ਗਿਆ ਹੁੰਦਾ ਐ।

ਮੇਰਾ ਬਾਪੂ ਪੰਜ ਸੱਤ ਧੌਲ ਧੱਫੇ ਲਾ ਕੇ ਆਪਣੀ ਮੰਜੀ ਤੇ ਜਾ ਡਿੱਗਿਆ। ਰੋਟੀ ਵਾਲੀ ਥਾਲੀ ਲਈ ਮੇਰੀ ਮਾਂ ਉਸ ਰਾਤ ਬਾਪੂ ਦੇ ਸਿਰਹਾਣੇ ਬੈਠੀ ਰਹੀ, ਧਰਤੀ ਤੇ ਥਾਲੀ ਰੱਖ ਕੇ ਮੰਜੇ ਦੇ ਪਾਵੇ ਤੇ ਮੱਥਾ ਟਿਕਾ ਕੇ ਮੇਰੀ ਊਂਘ ਰਹੀ ਮਾਂ ਨੂੰ ਨੀਂਦ ਆ ਗਈ, ਟੱਲਾ ਆਇਆ ਸੀ ਉਹ ਸੌਂ ਗਈ ਸੀ, ਸੁੱਤੀ ਰਹੀ, ਅੱਧੀ ਰਾਤ ਜਦੋਂ ਮਾਂ ਦੀ ਨੀਂਦ ਖੁੱਲ੍ਹੀ ਉਸ ਨੇ ਬਾਪੂ ਦੇ ਮੰਜੇ ਨੂੰ ਖਾਲੀ ਤੱਕਿਆ, ਉਸ ਦੀਵਾ ਵਾਲਿਆ, ਬਾਪੂ ਆਪਣੇ ਮੰਜੇ ਤੇ ਨਹੀਂ ਸੀ। ਬਾਪੂ ਦਾ ਖਾਲੀ ਮੰਜਾ ਜਿਵੇਂ ਮੇਰੀ ਮਾਂ ਅੰਦਰ, ਸਾਡੇ ਘਰ ਦਾ ਅੰਦਰ ਖਾਲੀ ਕਰ ਗਿਆ ਹੁੰਦਾ ਹੈ। ਬਾਪੂ ਨੂੰ ਦੀਵੇ ਦੇ ਲਾਲ ਲਾਲ ਚਾਨਣ 'ਚ ਮੇਰੀ ਮਾਂ ਨੇ ਵੇਖਿਆ, ਬਾਪੂ ਮੇਰੀ ਮਾਂ ਦੇ ਮੰਜੇ ਤੇ ਮੂਧਾ ਡਿਗਿਆ ਪਿਆ ਹੈ। ਮੰਜੇ ਦੁਆਲੇ ਲਹੂ, ਲਹੂ ਬਾਪੂ ਦਾ ਮੂੰਹ ਲਹੂ ਨਾਲ ਭਰਿਆ ਪਿਆ ਸੀ, ਬਾਪੂ ਮਰ ਗਿਆ ਸੀ। ਉਹ ਭਿਆਨਕ ਰਾਤ ਜਦੋਂ

ਯਾਦ ਪੈਂਦੀ ਹੈ, ਇਉਂ ਲਗਦਾ ਹੈ, ਜਿਵੇਂ ਕੋਈ ਜਿੰਨ ਮੈਨੂੰ ਚਿੰਬੜ ਰਿਹਾ ਹੁੰਦਾ ਹੈ। ਹੁਣ ਮੈਨੂੰ ਭੀੜੀ ਗਲੀ ਵਾਲਾ ਤੰਗ ਮੋੜ ਰੁੱਖਾ ਰੁੱਖਾ ਲਗਣ ਲੱਗ ਪਿਆ। ਸਾਰਾ ਸ਼ਹਿਰ-ਸ਼ਹਿਰ ਦਾ ਸਜਿਆ ਸਜਿਆ ਬਾਜ਼ਾਰ, ਬਾਜ਼ਾਰ ਵਿਚ ਘੁੰਮਦੀਆਂ ਕਾਰਾਂ ਇਉਂ ਜਾਪਦੀਆਂ ਜਿਵੇਂ ਇਹ ਲੋਥਾਂ ਨਾਲ ਭਰੀਆਂ ਹੋਈਆ ਹੁੰਦੀਆਂ ਹਨ। ਇਸ ਸ਼ਹਿਰ 'ਚ ਹੁਣ ਮੈਨੂੰ ਸਭ ਤੋਂ ਵੱਧ ਹਮਦਰਦ ਸਿਆਣਾ ਮਿੱਠਾ ਆਦਮੀ ਡੇਰੇ ਆਲਾ ਜਾਨਕੀ ਲਗਦਾ ਸੀ। ਮੇਰੇ ਬਾਪੂ ਦੀ ਮੌਤ ਤੇ ਜਾਨਕੀ ਦਾਸ ਨੇ ਸਾਡੀ ਕਿੰਨੀ ਮਦਦ ਕੀਤੀ ਸੀ। ਮੈਨੂੰ ਇਉਂ ਲਗਿਆ ਜਿਵੇਂ ਇਸ ਬੰਦੇ ਦਾ ਬਹੁਤ ਵਡਾ ਸਹਾਰਾ ਹੁੰਦਾ ਹੈ, ਮੇਰੀ ਮਾਂ ਦਾ ਪੀਲਾ ਪੀਲਾ ਮੂੰਹ ਸਫੈਦ ਸਫੈਦ ਚੁੰਨੀ, ਇਕ ਸੋਗੀ ਤਸਵੀਰ, ਮੈਂ ਹੈਰਾਨ ਸਾਂ ਮੇਰੀ ਮਾਂ ਨੂੰ ਮੇਰੇ ਸ਼ਰਾਬੀ ਬਾਪ ਦੀ ਮੌਤ ਦਾ ਕਿੰਨਾ ਦੁਖ ਹੋਇਆ। ਉਹ ਬਾਪ ਜਿਹੜਾ ਲੁੱਚੀਆਂ ਲੁੱਚੀਆਂ ਗਾਲ੍ਹਾਂ ਕਢਦਾ ਹੁੰਦਾ ਸੀ।

ਮੈਨੂੰ ਫੇਰ ਸਭ ਕੁਝ ਸਾਫ ਸਾਫ਼ ਹੁੰਦਾ ਦਿਸਿਆ, ਕੀ ਹੋਇਆ ਮੇਰਾ ਬਾਪੂ ਲੁੱਚੀਆਂ ਲੁੱਚੀਆਂ ਗਾਲ੍ਹਾਂ ਕੱਢਦਾ, ਮੇਰੀ ਮਾਂ ਦਾ ਭੁੱਗਾ ਕੁੱਟ ਦੇਂਦਾ, ਸ਼ਰਾਬ ਪੀਂਦਾ, ਸ਼ਰਾਬ ਪੀ ਕੇ ਸਾਰੇ ਘਰ ਨੂੰ ਬਾਂਸ ਤੇ ਟੰਗ ਦੇਂਦਾ ਹੁੰਦਾ ਸੀ। ਪਰ ਜ਼ਿੰਦਗੀ ਜਿਉਣ ਲਈ ਉਸ ਦੀ ਰਿਸ਼ਵਤ, ਉਸ ਦੀ ਤਨਖਾਹ, ਉਸ ਦੇ ਲਿਆਂਦੇ ਦਾਣੇ, ਠੀਕ ਹੀ ਤਾਂ ਸੀ ਮੇਰੀ ਮਾਂ ਦਾ ਦੁਖੀ ਹੋਣਾ। ਫੇਰ ਇਕ ਦਿਨ ਮੇਰੀ ਮਾਂ ਨੇ ਸਵੇਰੇ ਸਵੇਰੇ ਸ਼ਿਵਾਂ ਤੇ ਪਾਣੀ ਪਾ ਕੇ ਮੰਦਰ 'ਚੋਂ ਆਉਣ ਸਾਰ ਫੁਰਮਾਨ ਜਿਵੇਂ ਕਰ ਦਿੱਤਾ, 'ਚੱਲ ਕੁੜੀਏ, ਘਰ ਦਾ ਸਮਾਨ ਸੰਭਾਲ," ਇਸ ਦਿਨ ਤੋਂ ਬਾਅਦ ਮੈਂ ਤੇ ਮੇਰੀ ਮਾਂ ਛੇ ਸੱਤ ਦਿਨ ਨਿੱਕ ਸੁੱਕ ਸਾਂਭਦੀਆਂ ਰਹੀਆਂ। ਮੰਜੇ, ਮੰਜੀਆਂ, ਪੀਹੜੇ, ਪੀਹੜੀਆਂ, ਦੋ ਸੇਰਵੇ, ਬਾਹੀਆਂ ਉਖਾੜ ਲਿੱਤੇ। ਮੇਰੀ ਮਾਂ ਨੇ ਆਖਿਆ, "ਕੱਲ੍ਹ ਐਤਵਾਰ ਨੂੰ ਟਰੱਕ ਆਉਂਗਾ।" ਐਤਵਾਰ ਦਸ ਵਜੇ ਟਰੱਕ ਆ ਗਿਆ, ਮੇਰੀਆਂ ਨਿੱਕੀਆਂ ਭੈਣਾਂ ਖੁਸ਼ ਸਨ ਟਰੱਕ ਦੇ ਆਲੇ ਦੁਆਲੇ ਚਾਂਬੜਾਂ ਪਾ ਰਹੀਆਂ ਸਨ। ਟਰੱਕ ਦਾ ਡਰਾਈਵਰ ਜਦੋਂ ਮੇਰੀਆਂ ਨਿੱਕੀਆਂ ਭੈਣਾਂ ਨੂੰ ਘੂਰਦਾ, ਮੈਂ ਬੱਚਿਆਂ ਨੂੰ ਹਟਾਉਣ ਜਾਂਦੀ, ਡਰਾਈਵਰ ਘੂਰ ਘੂਰ ਵੇਖਦਾ, ਤੇ ਫੇਰ ਆਪਣੀਆਂ ਮੁੱਛਾਂ ਨੂੰ ਮਰੋੜਦਾ, ਖੁੰਘਾਰਦਾ, ਮੁਸਕਾਅ ਜਿਹਾ ਪੈਂਦਾ। ਮੈਨੂੰ ਉਹ ਇਉਂ ਕਰਦਾ ਜ਼ਹਿਰ ਵਰਗਾ ਲਗਦਾ।

ਆਖਰ ਤੀਜੇ ਕੁ ਪਹਿਰ ਅਸੀ। ਆਪਣਾ ਸਮਾਨ ਲੱਦ ਕੇ ਸ਼ਹਿਰ ਛੱਡ ਕੇ ਚੱਲਣ ਲੱਗੇ। ਘਰ ਛੱਡਣ ਲੱਗਿਆਂ ਆਂਢਣਾਂ-ਗੁਆਂਢਣਾਂ ਰੋਈਆਂ, ਕੁਰਲਾਈਆਂ। ਮੇਰੀਆਂ ਨਿੱਕੀਆਂ ਭੈਣਾਂ ਨੂੰ ਨਿੱਕੇ ਨਿੱਕੇ ਬਚੇ ਮਿਲਦੇ, ਪਿਆਰੀਆਂ ਪਿਆਰੀਆਂ ਭੋਲੀਆਂ ਭੋਲੀਆਂ ਗੱਲਾਂ ਕਰਦੇ, ਇੰਝ ਇਉਂ ਗੱਲਾਂ ਕਰਦੇ ਉਹ ਬੱਚੇ ਲਾਲੇ ਭੋਲੇ ਜਾਪਦੇ ਸਨ। ਗਲੀ ਦੀ ਮੁਖਤਿਆਰਨ ਨਿਹਾਲੋ ਜੱਟੀ ਭੱਜੀ ਬਾਹਰ ਨੂੰ ਗਈ ਤੇ ਫੇਰ ਹਫਦੀ ਹਫਦੀ ਮੇਰੀ ਮਾਂ ਦੇ ਕੋਲ ਦੀ ਲੰਘ ਕੇ ਆਪਣੇ ਘਰ ਵਲ ਚਲੀ ਗਈ। ਮੇਰੀ ਮਾਂ ਨੇ ਨਿਹਾਲੋ ਨੂੰ ਹਾਕਾਂ ਮਾਰੀਆਂ : 'ਬੇਬੇ ਨੀ ਨਿਹਾਲੋ ਬੇਬੇ ਹੁਣ ਤਾਂ ਕ੍ਰੋਧ ਛੱਡ ਦੇ, ਮੈਂ ਤਾਂ ਹੁਣ ਸ਼ਹਿਰ ਈ ਛੱਡ ਚਲੀ ਆਂ। ਨਿੱਕੀ ਜਿਹੀ ਕਿਸੇ ਗੱਲ ਤੇ ਨਿਹਾਲੋ ਦਾ ਮੇਰੀ ਮਾਂ ਨਾਲ ਵਹਿੱਟ ਪੈ ਗਿਆ ਸੀ।

ਨਿਹਾਲੋ ਦਾ ਇਕ ਅਜੀਬ ਜਿਹਾ ਪਿਛੋਕੜ ਸੀ। ਨਿਹਾਲੋ ਸੀ ਤੇ ਇਕ ਉਸ ਦਾ ਦਿਓਰ ਸੀ, ਕੰਨਾਂ ਤੋਂ ਬੋਲਾ। ਪਿਆਰਾ ਪਿਆਰਾ ਬੋਲਾ ਤੇ ਨਿਹਾਲੋ ਕਈ ਸਾਲਾਂ ਤੋਂ ਏਥੇ ਹੀ ਸੀ। ਜਾਨਕੀ ਦੇ ਡੇਰੇ ਨਿਹਾਲੋ ਦਾ ਆਮ ਆਉਣਾ ਜਾਣਾ ਸੀ। ਜਾਨਕੀ ਨਿਹਾਲੋ ਨਾਲ ਖੇਲ ਤਮਾਸ਼ਾ ਕਰ ਲੈਂਦਾ ਤੇ ਇਸ ਖੇਲ ਤਮਾਸ਼ੇ ਖਾਤਰ ਨਿਹਾਲੋ ਦੀ ਜ਼ਮੀਨ ਭੀ ਡਰੇ ਦੇ ਟਰੈਕਟਰ ਨਾਲ ਹੀ ਵਾਹ ਆਉਂਦਾ, ਨਿਹਾਲੋ ਨੂੰ ਘਰ ਬੈਠੀ ਨੂੰ ਪੰਜ ਸੱਤ ਹਜ਼ਾਰ ਦਾ ਮਾਲ ਮੱਤਾ ਮਿਲ ਜਾਂਦਾ। ਸਾਲ 'ਚ ਖੇਲ ਤਮਾਸ਼ੇ ਕਰਦਿਆਂ ਦਸ ਵੀਹ ਬਾਰਾਂ ਸਾਹ ਚੜ੍ਹਾ ਲੈਣ ਨਾਲ ਆਖਰ ਉਸ ਨੂੰ ਕਿਹੜੀ ਮੌਤ ਆਉਂਦੀ ਸੀ, ਅਸਲੀ ਪਿੰਡ ਤਾਂ ਨਿਹਾਲੋ ਦਾ ਕਿਤੇ ਹੋਰ ਸੀ, ਪਿਆਰਾ ਬੋਲਾ ਜਾਨਕੀ ਦੇ ਡੇਰੇ ਧਾਰਾਂ ਚੋਂਦਾ, ਲੰਗਰ ਬਣਾਉਂਦਾ, ਸਮਝੋ ਡੇਰੇ ਦਾ ਸਭ ਕੁਝ ਹੀ ਸੀ, ਇਹ ਸਭ ਕੁਝ ਕਰਦਿਆਂ ਉਸ ਨੇ ਆਪਣਾ ਹਿੱਸਾ ਇਕ ਟਰੱਕ 'ਚ ਭੀ ਪਾ ਲਿਆ ਸੀ। ਨਿਹਾਲੋ ਆਪਣੇ ਸਮੇਂ ਢਾਈਆਂ 'ਚ ਭੀ ਪੈਰ ਰੱਖਦੀ ਰਹੀ ਸੀ, ਤੇ ਅਕੇਰਾਂ ਅਜਿਹੀ ਟਿਕੀ ਸੀ ਕਿ ਬੜੀ ਭਗਤਣੀ ਬਣ ਕੇ ਗੁਜ਼ਾਰਾ ਕਰਦੀ। ਰਾਮਨੌਮੀ ਓੜਦੀ, ਗਲ ਵਿੱਚ ਤੁਲਸੀ ਦੇ ਮਣਕਿਆਂ ਦੀ ਬਣੀ ਮਾਲਾ ਪਾ ਕੇ ਰੱਖਦੀ।

ਗਲੀ ਗੁਆਂਢ ਦੇ ਮਜਬੂਰ ਕਬੀਲਦਾਰ, ਪੰਜ ਸੱਤ ਤੋਂ, ਜਦ ਆਜੀ ਹੁੰਦੇ, ਨਿਹਾਲੋ ਦੇ ਪੈਰੀਂ ਹੱਥ ਲਾ ਕੇ ਆਪਣੇ ਮਤਲਬ ਸਾਰਦੇ ਸਨ। ਸਾਰੇ ਮੁਹੱਲੇ 'ਚ ਨਿਹਾਲੋ

ਦੀ ਗੱਲ ਖੁੱਲ੍ਹ ਚੁੱਕੀ ਸੀ, ਪਰ ਉਸ ਤੋਂ ਡਰਦੇ ਖੁਦਗਰਜ਼ੀ ਅਧੀਨ ਕੁਝ ਆਖਦੇ ਨਹੀਂ ਸਨ। ਆਖਰ ਇਕ ਦਿਨ ਮੇਰੀ ਮਾਂ ਨੇ ਬੜੇ ਸਖਤ ਸ਼ਬਦਾਂ 'ਚ ਨਿਹਾਲੋ ਦੀ ਝੰਡ ਕਰ ਦਿੱਤੀ ਤੇ ਇਸ ਨਿੱਕੀ ਜਿਹੀ ਗੱਲ ਤੋਂ ਅਜਿਹਾ ਵਵਿੱਟ ਪੈ ਗਿਆ ਕਿ ਗੱਲ....।

ਨਿਹਾਲੋ ਦੀ ਈਨ ਮੰਨਣ ਵਾਲੇ ਖੁਸ਼ੀਆਂ 'ਚ ਰਹਿੰਦੇ ਸਨ, ਈਨ ਮੰਨ ਕੇ ਖਰੀਦੀਆਂ ਖੁਸ਼ੀਆਂ ਮੇਰੀ ਮਾਂ ਨੂੰ ਲਲਚਾ ਨਾ ਜਿਵੇਂ ਸਕੀਆਂ ਹੋਣ ਤੇ.... ਨਿਹਾਲੋ ਆਪਣੀ ਕੁੜਤੀ ਕਿੰਨੀ ਖੁੱਲ੍ਹੀ ਕਿਉਂ ਨਾ ਸਿਲਾ ਲੈਂਦੀ ਫੇਰ ਭੀ ਉਸ ਦਾ ਢਿੱਡ ਤੁਰਦਿਆਂ, ਥਲ ਥਲ ਕਰਦਾ ਇਕ ਮੋਟੀ ਛਲਕਦੀ ਮਸ਼ਕ ਲਗਦਾ ਹੁੰਦਾ ਸੀ। ਨਿਹਾਲੋ ਨੂੰ ਕਿਸ਼ਨ ਛਿਊਰ ਇਸ਼ਕ 'ਚ ਛੇੜਦਾ, 'ਆਹ ਤੇਰੀ ਮਸ਼ਕ.... ਅਸੀਂ ਤਾਂ ਕਦੇ ਆਪਣੀ ਮਸ਼ਕ ਲਾਹ ਭੀ ਲੈਂਦੇ ਆਂ" ਤੇ ਅਗਿਓਂ ਨਿਹਾਲੋ ਜਦ ਆਪਣੀ ਖੱਬੀ ਅੱਖ ਦੱਬ ਕੇ ਆਖਦੀ, "ਵੇ ਟੁੱਟ ਪੈਣਿਆਂ ਤੈਨੂੰ ਕਿੱਥੇ ਨਸੀਬ ਇਸ ਮਸ਼ਕ ਦੀਆਂ ਲਹਿਰਾਂ" ਮੈ ਆਪਣੇ ਦੰਦਾਂ 'ਚ ਜੀਭ ਲੈ ਲੈਂਦੀ ਜੀਭ ਕਾਹਦੀ ਮੈਨੂੰ ਤਾਂ ਇਕ ਸੁਆਦ ਜਿਹਾ ਭੀ ਆਉਂਦਾ.... ਤੇ ਫੇਰ ਨਿਹਾਲੋ ਜਿਵੇਂ ਆਪਣੇ ਉੱਤੇ ਲਿੱਤੀ ਰਾਮਨੌਮੀ ਦੀ ਇਜ਼ਤ ਰੱਖਣ ਲਈ ਆਖਦੀ, 'ਆਹੋ ਕ੍ਰਿਸ਼ਨਿਆਂ ਇਹ ਤਾਂ ਡੰਡ ਐ, ਉਮਰ ਭਰ ਦਾ ਡੰਡ....

....ਤੇ ਫੇਰ ਇਕ ਦਿਨ ਮੇਰੀ ਮਾਂ ਨੇ ਅੱਗ ਵਰਗੀ ਹੋ ਕੇ ਆਖਿਆ ਸੀ, 'ਅਸੀਂ ਕੀ ਤੇਰੇ ਖਾਣ ਆਉਨੇ ਆਂ" ਬਸ ਉਸ ਦਿਨ ਪਿੱਛੋਂ ਮੇਰੀ ਮਾਂ ਤੇ ਨਿਹਾਲੋ ਵਿਚਕਾਰ ਵਟਿੱਟ ਵਧਦਾ ਵਧਦਾ ਬੇਹੱਦ ਵੱਧ ਗਿਆ। ਮੇਰੀ ਮਾਂ, ਮੇਰੇ ਬਾਪੂ ਤੋਂ ਭਾਵੇਂ ਵੀਹ ਵਾਰ ਗਾਲ੍ਹਾਂ ਖਾਂਦੀ ਪਰ ਕੀ ਮਜਾਲ ਬਾਹਰਲਾ ਕੋਈ ਉਂਗਲ ਰੱਖ ਜਾਵੇ। ਹੁਣ ਤਾਂ ਜਿਵੇਂ ਮੇਰੀ ਮਾਂ ਦਾ ਅਕੜੇਵਾਂ ਕਾਫ਼ੀ ਢਿੱਲਾ ਹੋ ਗਿਆ ਹੋਵੇ ਤੇ ਆਖਿਰ ਨੂੰ ਸ਼ਹਿਰ ਛੱਡਣ ਲਈ ਅਸੀਂ ਪੂਰੀ ਪੂਰੀ ਤਿਆਰੀ ਕਰਕੇ ਟੱਰਕ 'ਚ ਬੈਠਣ ਵਾਲੇ ਹੀ ਸਾਂ ਕਿ ਭੱਜਿਆ ਭੱਜਿਆ ਮਹੰਤ ਆ ਕੇ ਮੇਰੀ ਮਾਂ ਦੇ ਮੌਰੀਂ ਚੜ੍ਹ ਗਿਆ.... ਸ਼ਹਿਰ ਨਿਕਾਲਾ ਕਰ ਲਿਆ ਤੇ ਜਿਹੜਾ ਲੈਣ ਦੇਣ...." ਜਾਨਕੀ ਦਾਸ ਨੇ ਆਨੀਂ ਬਹਾਨੀਂ ਮੇਰੀ ਮਾਂ ਨੂੰ ਮੇਰੇ ਬਾਪ ਦੇ ਮਰਨੇ ਤੇ ਹੋਏ ਚਾਰ ਸੌ ਦਾ ਦੇਤਾ ਕਰਵਾ ਦਿੱਤਾ, ਪੱਥਰ ਦੀ ਮੂਰਤ ਬਣੀ ਮੇਰੀ ਮਾਂ ਜਿਵੇਂ ਲੇਲਕੜੀਆਂ ਕੱਢ ਰਹੀ ਹੁੰਦੀ ਐ....। ਮੈਂ ਵੇਖਿਆ ਜਿਵੇਂ ਨਿਹਾਲੋ ਭੀ ਕੁਝ ਆਖ ਰਹੀ ਹੁੰਦੀ

ਐ....ਮੁਹੱਲੇ ਵਾਲੇ ਬਿਟਰ ਬਿਟਰ ਵੇਖ ਰਹੇ ਸਨ ਹਮਦਰਦੀ ਜਿਵੇਂ ਸੁੰਨ ਹੋ ਗਈ ਹੁੰਦੀ ਐ। ਜਿਉਂ ਜਿਉਂ ਮੇਰੀ ਮਾਂ ਲੇਲਕੜੀਆਂ ਕੱਢਦੀ ਤਿਉਂ ਤਿਉਂ ਮਹੰਤ ਭੁੱਸਰਦਾ ਜਾਂਦਾ। ਮੈਨੂੰ ਇਉਂ ਲਗਦਾ ਜਿਵੇਂ ਅੱਗ ਦੀਆਂ ਲਾਟਾਂ ਮੇਰੀ ਮਾਂ ਦੇ ਨੇੜੇ ਹੋਰ ਨੇੜੇ ਆਉਂਦੀਆਂ ਜਾ ਰਹੀਆਂ ਸਨ ਤੇ ਮੈਂ ਕੁਝ ਨਹੀਂ ਕਰ ਸਕਦੀ ਸਾਂ। ਪਾਣੀ ਦੀ ਕੋਈ ਬਾਲਟੀ, ਮਿੱਟੀ ਦਾ ਕੋਈ ਬੱਠਲ ਅੱਗ ਨੂੰ ਬੁਝਾਉਣ ਲਈ ਮੇਰੇ ਪਾਸ ਜਿਵੇਂ ਨਹੀਂ ਹੁੰਦਾ। ਹੁਣ ਤਾਂ ਮੈਨੂੰ ਇਉਂ ਲੱਗ ਰਿਹਾ ਸੀ ਜਿਵੇਂ ਅੱਗ ਨੇ ਮੇਰੇ ਵੱਲ ਵੱਧਣਾ ਸ਼ੁਰੂ ਕਰ ਦਿਤਾ ਹੈ। ਮਹੰਤ ਮੇਰੇ ਵੱਲ ਵੇਖਦਾ ਜਿਵੇਂ ਮੈਨੂੰ ਤਾੜ ਰਿਹਾ ਹੁੰਦੈ। ਮੇਰੀਆਂ ਛੋਟੀਆਂ ਦੋਨੋਂ ਭੈਣਾਂ ਜਿਹੜੀਆਂ ਅੱਜ ਆਮ ਦਿਨਾਂ ਨਾਲੋਂ ਕੁਝ ਵੱਧ ਸਾਫ ਸੁਥਰੀਆਂ ਸਨ, ਬੇਖਬਰ ਬੇਖੌਫ ਖੇਲ ਰਹੀਆਂ ਸਨ। ਮੇਰੀ ਜ਼ਿੰਦਗੀ 'ਚ ਅਜਿਹੇ ਨਾਮੁਰਾਦ ਦਿਨ ਕਦੀ ਨਹੀਂ ਆਏ। ਬਾਪੂ ਮੇਰਾ ਭਾਵੇਂ ਗਰਦਾਵਰ ਸੀ ਪਰ ਤਸੀਲਦਾਰ ਜਿੰਨੀ ਤਨਖਾਹ ਮਾਰ ਕੇ ਲਿਆਉਂਦਾ ਸੀ। ਅਜਿਹਾ ਕੋਈ ਨਕਾਰਾ ਦਿਨ ਹੀ ਸੀ ਜਿੱਦਣ ਉਹ ਦਸ ਵੀਹ ਨਾ ਮਾਰ ਕੇ ਲਿਆਉਂਦਾ ਹੋਵੇ। ਇਕ ਸ਼ੀਸ਼ੀ ਸ਼ਰਾਬ ਤਾਂ ਉਹ ਆਪਣੇ ਲਈ ਹਮੇਸ਼ਾਂ ਬਣਾ ਹੀ ਲੈਂਦਾ ਸੀ। ਬਾਪੂ ਤੁਰ ਗਿਆ, ਬਾਪੂ ਦੇ ਮਰਨ ਮਗਰੋ, ਪੰਜ ਸੱਤ ਮਹੀਨੇ, ਜਿਵੇਂ ਤਿਵੇਂ ਗੁਜ਼ਾਰਾ ਹੋਇਆ, ਕਰਦੇ ਰਹੇ। ਮਰਨੇ ਦਾ ਚਾਰ ਪੰਜ ਸੌ ਮਹੰਤ ਦਾ ਖੜ੍ਹੇ ਪੈਰ ਉਤਾਰਨਾ ਪਿਆ। ਮਹੰਤ ਦੀ ਵਿੱਚੋਂ ਬੜੀ ਚਾਲ ਸੀ....ਮੇਰੀ ਮਾਂ ਨੂੰ ਸ਼ਿਵਾਂ ਤੇ ਪਾਣੀ ਪਾਉਂਦੀ ਨੂੰ ਕੁਝ ਛਾਉਲਾ ਪਿਆ ਤਾਂ ਸੀ ਪਰ ਉਸ ਨੇ ਆਪਣੇ ਅੰਦਰ ਹੀ ਰੱਖਿਆ ਹੁੰਦੈ। ਮੈਨੂੰ ਜਦ ਮਹੰਤ ਨੇ ਤਾੜਣਾ ਸ਼ੁਰੂ ਕੀਤਾ ਮੈਂ ਸਮਝ ਗਈ ਤੇ ਹੁਣ ਸਭ ਕੁਝ ਸਾਫ ਹੋ ਰਿਹਾ ਸੀ। ਇਹ ਕਾਰਾ ਕਿਵੇਂ ਹੋਇਆ, ਸਾਰੀ ਕਾਰ ਸ਼ੈਤਾਨੀ ਤਾਂ ਨਿਹਾਲੋ ਦੀ ਸੀ, ਮਹੰਤ ਜਿਸ ਨੂੰ ਮੈਂ ਕਦੀ ਦੇਵਤਾ ਸਰੂਪ ਸਮਝਿਆ ਸੀ, ਆਖਰ ਨਿਉਜੇ ਕਾਜੂ ਅਖਰੋਟ ਖਾਣ ਵਾਲਾ ਮਹੰਤ....। ਚੱਲ ਚਾਲ ਜ਼ਿੰਦਗੀ ਦੇ ਉਹ ਦਿਹਾੜੇ, ਕਾਨਾਂ ਮਕਾਨਾਂ 'ਚ ਖਰਚ, ਘਰ ਦਾ ਕਿਰਾਇਆ....ਮੈਨੂੰ ਮਹੰਤ ਦੇ ਬੋਲਦਿਆਂ ਖਿਆਲ ਆਇਆ ਬਾਹਰਲੇ ਸਰਦਾਰਾਂ ਦੇ ਕਾਕੇ ਦਾ, ਕਾਕਾ ਜਗਵਿੰਦਰ ਸਿੰਘ, ਕੂਲਾ ਕੂਲਾ ਮਖਮਲ ਵਰਗੇ ਪਿੰਡੇ ਵਾਲਾ ਫੁੱਟ ਵਾਂਗ ਨਿੱਖਰਿਆ ਨਿੱਖਰਿਆ, 'ਮੈਂ ਮਰਦਾ ਆਂ ਤੇਰੇ ਤੇ....।" ਮੇਰੀਆਂ ਤੇ ਜਗਵਿੰਦਰ ਦੀਆਂ ਗੱਲਾਂ ਹੁੰਦੀਆਂ ਸਨ।

ਮੈਂ ਜਿਉਣੀ ਆਂ ਤੇਰੇ ਵਾਸਤੇ....।" ਇਹ ਖਿਆਲ ਟੁੱਟੇ ਜਦ ਟਰੱਕ ਦੇ ਡਰਾਈਵਰ ਨੇ ਆਖਿਆ ਤੇ ਕੰਡਕਟਰ ਹਲਕਿਆਂ ਵਾਂਗ ਪਿਆ, ਲਿਆ ਮਾਈ ਇਕ ਸੌ ਦਸ....।' ਤੇ ਫੇਰ ਕਿੰਨਾ ਕਰੜਾ ਤਕਰਾਰ ਹੋਇਆ ਸੀ। ਕਰੜੇ ਤਕਰਾਰ ਮਗਰੋਂ ਕੰਡਕਟਰ ਤੇ ਡਰਾਈਵਰ ਸਾਡੇ ਸਮਾਨ ਨੂੰ ਟਰੱਕ 'ਚੋਂ ਕੱਢ ਕੱਢ ਇਉਂ ਬਾਹਰ ਸਿਟ ਰਹੇ ਸਨ, ਜਿਵੇਂ ਉਹ ਸਾਡੇ ਪਰਿਵਾਰ ਦੇ ਪ੍ਰਾਣ ਕੱਢ ਰਹੇ ਹੋਣ। ਮੇਰੀ ਮਾਂ ਦੀ ਅਵਸਥਾ ਕਿੰਨੀ ਪਤਲੀ ਸੀ। ਮੈਂ ਹੀ ਜਾਣਦੀ ਸਾਂ। ਮੇਰੀਆਂ ਛੋਟੀਆਂ ਦੋ ਭੈਣਾਂ ਦੇ ਨਾਲ ਖੇਡਣ ਵਾਲੇ ਜੁਆਕ ਸਮਝ ਗਏ ਸਨ, ਹੁਣ ਇਹ ਜਾਂਦੇ ਨਹੀਂ, 'ਚੰਗਾ ਬਈ ਹੁਣ ਆਪਾਂ ਫੇਰ ਖੇਡਿਆ ਕਰਾਂਗੇ, ਚੰਗਾ ਬਈ, 'ਹਾਂ ਸਮਾਨ ਸੁੱਟਦੇ ਡਰਾਈਵਰ ਨੇ ਸਾਡਾ ਇਕ ਮਟਕਣਾ ਭੀ ਵਗਾਹ ਮਾਰਿਆ, ਡਿਗਦਿਆਂ ਹੀ ਠੀਕਰੀਓ ਠੀਕਰੀ ਹੋਇਆ ਮਟਕਣਾ, ਮੈਨੂੰ ਭਲੀ ਭਾਂਤ ਯਾਦ ਐ, ਮੇਰੇ ਬਾਪ ਦੇ ਮਰਨੇ ਤੇ ਭੀ ਤੌੜਾ, ਪਾਣੀ ਦਾ ਭਰਿਆ ਤੌੜਾ, ਮੇਰੇ ਬਾਪ ਦੀ ਅਰਥੀ ਦੁਆਲੇ ਘੁੰਮਾ ਕੇ ਸੁੱਟਿਆ ਸੀ, ਤੇ ਲੋਕਾਂ ਨੇ ਕਿੰਨਾ ਬੁਰਾ ਤੇ ਮਾੜਾ ਗਿਣਿਆ ਸੀ, ਬਾਬੂ ਬ੍ਰਾਹਮਣ ਨੂੰ ਜਿਹਨੇ ਆਖਿਆ ਸੀ, 'ਪਾਣੀ ਦਾ ਭਰ ਕੇ ਕਾਹਨੂੰ ਸ਼ਰਾਬ ਦਾ ਭਰ ਕੇ ਭੰਨਣਾ ਸੀ।" ਇਹ ਤਾਂ ਕੰਜਰ ਹੈ ਹੀ ਅਜਿਹਾ, ਰੰਨ ਨਾ ਕੰਨ ਕੱਟੇ ਦੀ ਪੂਛ ਵਰਗਾ-ਖਿਆਲ ਭੱਜੇ ਫ਼ਿਰਦੇ ਸਨ ਮੇਰੇ ਦਿਮਾਗ ਵਿਚ। ਡਰਾਈਵਰ ਨੇ ਟਰੱਕ ਮੋੜਿਆ, ਗਾਲ੍ਹਾਂ ਕੱਢਦਾ ਮਹੰਤ ਆਪਣੇ ਡੇਰੇ ਜਾ ਪੁੱਜਿਆ, ਨਿਹਾਲੋ ਟੀਸ ਟੀਸ ਕਰਦੀ ਸਾਡੇ ਅੱਗੇ ਪਿੱਛੇ ਤੂੰ ਤੂੰ ਕਰਦੀ ਗੇੜੇ ਮਾਰਦੀ ਰਹੀ।

ਰਾਤ ਪੈ ਰਹੀ ਸੀ, ਹਨੇਰਾ ਹੋਣ ਵਾਲਾ ਸੀ, ਕਿਹੋ ਜਿਹਾ ਬਦਤਮੀਜ਼ ਦਿਨ ਸੀ। ਝਿਊਰਾਂ ਦਾ ਸ਼ਿਵੂ ਜਿਸ ਵੱਲ ਮੈਂ ਕਦੀ ਅੱਖ ਚੱਕ ਕੇ ਭੀ ਵੇਖਿਆ ਨਹੀਂ ਸੀ, 'ਤਾਈ ਮੇਰੇ ਬਾਪੂ ਨੇ ਮੈਨੂੰ ਭੇਜਿਐ" ਉਸ ਦੇ ਮਗਰ ਹੀ ਦੋ ਬਾਣ ਬੱਟੂਆਂ ਦੇ ਝੋਟੇ ਜੋੜੀ ਦੋ ਗੱਡੇ ਸਨ, "ਤਾਈ ਰੁਪੈ ਵੀਹ ਵੀਹ ਕੀਤੇ ਨੇ, ਸਵੇਰ ਹੁੰਦੀ ਨੂੰ ਤੈਨੂੰ ਧੁਰ ਪੁਜਾ ਦੇਣਗੇ" ਸੁੰਗੜਿਆ ਸ਼ਿਵੂ ਆਪਣੇ ਬਾਪੂ ਦਾ ਆਪਣੀ ਤਾਈ ਨੂੰ ਹੁਕਮ ਦਸਦਾ ਦਸਦਾ ਜਿਵੇਂ ਮੇਰੇ ਤੇ ਕੋਈ ਇਹਸਾਨ ਕਰ ਰਿਹਾ ਹੋਵੇ ਤੇ ਮੈਨੂੰ ਯਾਦ ਪਏ ਲਖਪਤੀਆਂ ਦੇ ਆਸ਼ਿਕੀ ਮੁੰਡੇ, ਲਿਸ਼ਕਦਾਰ ਕੱਪੜਿਆਂ, ਲਟਕਦੇ ਰੇਸ਼ਮ ਵਾਲਾਂ ਵਾਲੇ ਆਸ਼ਿਕ....ਤੇ ਇਹ ਕਿਸ਼ਨੇ

ਛਿਊਰ ਦਾ ਸ਼ਿਵੂ ਰੱਬ ਦਾ ਰੂਪ....ਰੱਬ ਰੁੱਬ ਕਿਹੜਾ ਜਿਹੜਾ ਮਹੰਤ ਜਾਨਕੀ ਦੇ ਡੇਰੇ ਦੇ ਮੰਦਿਰ 'ਚ ਵਸਦਾ ਹੈ, ਮੈਨੂੰ ਜਿਵੇਂ ਕੋਈ ਕੁੜਕੁੜੂ ਚੱਬਣਾ ਪੈ ਗਿਆ ਹੋਵੇ। ਬਾਣ ਬੱਟੂਆਂ ਦੇ ਗੱਡੇ ਤੁਰ ਪਏ, ਅਸੀਂ ਸ਼ਹਿਰ ਛੱਡ ਦਿਤਾ, ਅਗਲਾ ਸ਼ਹਿਰ। ਰਾਤ ਪੈ ਗਈ ਗੱਡੇ ਤੁਰਦੇ ਰਹੇ, ਟਿਕੀ ਟਿਕੀ ਰਾਤ, ਦੁਖਦਾ ਦੁਖਦਾ ਦਿਲ, ਗੱਡੇ ਦੇ ਹਚਕੋਲੇ ਅਲਸਾਈ ਦੇਹ, ਮੈਨੂੰ ਆਪਣੇ ਕਾਲਜ ਦਾ ਅੰਗਰੇਜ਼ੀ ਦਾ ਮੁਸਕਮੀਨਾ ਜਿਹਾ, ਪਰੋਫੈਸਰ ਯਾਦ ਆਇਆ ਜਿਹੜਾ ਉਤੋਂ ਉਤੋਂ ਦੀ ਹੱਥ ਸਾਫ ਕਰਨਾ ਚਾਹੁੰਦਾ ਸੀ। ਠੰਢੀ ਠੰਢੀ ਕੂਲੀ ਕੂਲੀ ਹਵਾ ਦੇ ਨਿੱਕੇ ਨਿੱਕੇ ਬੁੱਲ੍ਹੇ। ਬੁੱਲ੍ਹਿਆਂ ਦੀ ਸੋਗੀ ਸ਼ਾਂਤ ਆਵਾਜ਼ ਵਿਚ ਬਾਣ ਬੱਟੂਆਂ ਦੇ ਪੰਜਾਹ ਕੁ ਵਰ੍ਹਿਆਂ ਦੇ ਪੱਟ ਬੈਠੇ ਅਧਖੜ ਆਦਮੀ ਦੀ ਕਹਾਣੀ ਤੇ ਮੇਰੀ ਮਾਂ ਦਾ ਸੋਗੀ ਹੁੰਗਾਰਾ, ਮੈਂ ਉਨ੍ਹਾਂ ਦੀ ਕਹਾਣੀ ਅਰਧ ਜਾਗਰਿਤ ਅਵਸਥਾ 'ਚ ਸੁਣਦੀ ਰਹੀ। ਕਹਾਣੀ ਦਾ ਕਦੇ ਕਦੇ ਮੁਹਾਂਦਰਾ ਮੈਂ ਆਪਣੀਆਂ ਅੱਖਾਂ ਅੱਗੇ ਬਣਾ ਕੇ ਵੇਖਦੀ ਜਦ ਮੈਨੂੰ ਮੁਹਾਂਦਰੇ ਤੋਂ, ਕਹਾਣੀ ਦੇ ਮੁਹਾਂਦਰੇ ਤੋਂ ਘਿਰਣਾ ਜਿਹੀ ਹੋ ਜਾਂਦੀ, ਮੈਂ ਖਿਆਲੀ ਤੌਰ ਤੇ ਭੱਜ ਕੇ, ਮੈਂ ਰੇਲਵੇ ਪਲੇਟ ਫਾਰਮ ਤੇ ਚਲੀ ਜਾਂਦੀ। ਇਕ, ਇਸ ਪਲੇਟ ਫਾਰਮ ਤੇ ਜਦ ਦੁਰਗਾ ਦੀ ਤਸਵੀਰ ਆਈ ਸੀ ਤੇ ਅਸੀਂ ਕਿੰਨੀਆਂ ਮੁਟਿਆਰ ਕੁੜੀਆਂ ਗਲੀ ਦੀਆਂ ਮੁਟਿਆਰ ਕੁੜੀਆਂ ਗਲੀਆਂ ਵਿੱਚੋਂ ਝੰਡੇ, ਝੰਡੀਆਂ, ਬਾਜੇ, ਛੈਣੇ, ਖੜਤਾਲਾਂ ਗਲੀਆਂ ਦੀਆਂ ਬੁੱਢੀਆਂ ਨਾਲ ਲੈ ਕੇ ਗਈਆਂ ਸਾਂ ਤੇ ਫੇਰ ਸਾਡੀ ਸੂਹ ਲੈ ਕੇ ਕਿੰਨੇ ਕਾਲਜੀਏਟ ਸਾਡੇ ਪਿੱਛੇ ਵਹੀਰਾਂ ਬੰਨ੍ਹ ਤੁਰੇ ਸਨ। ਪਲੇਟ ਫਾਰਮ ਤੇ ਦੁਰਗਾ ਦੀ ਮੂਰਤੀ ਦੀ ਉਡੀਕ 'ਚ ਅਸੀ ਕਿੰਨੀਆਂ ਜਿਉਂਦੀਆਂ ਦੇਵੀਆਂ ਤੇ ਕਿੰਨੇ ਕਾਲਜੀਏਟ ਮੁੰਡੇ ਇਉਂ ਵੇਖਦੇ ਸਨ ਜਿਵੇਂ ਉਹ ਸਾਨੂੰ ਖਾ ਜਾਣਾ ਚਾਹੁੰਦੇ ਹੋਣ। ਤੀਵੀਆਂ ਦੇ ਪਿੰਡਿਆਂ ਤੇ ਚੂੰਢੀਆਂ ਵੱਢਣ, ਰੁੱਗ ਭਰਨ ਲਈ ਅਜਿਹਾ ਇਕੱਠ ਇਕ ਵਰਦਾਨ ਹੁੰਦਾ ਹੈ। ਕਈ ਮੁੰਡੇ ਤਾਂ ਸੇਵਾ ਦਲੀਏ ਤੇ ਵਲੰਟੀਅਰ ਬਣ ਕੇ ਇਸ ਕੰਮ ਦੀ ਝੱਟ ਲਾ ਜਾਂਦੇ, ਪੱਟ ਤੇ ਬੈਠਾ ਬਾਣ ਵੱਟੂ ਆਪਣੀ ਕਹਾਣੀ ਸੁਣਾ ਰਿਹਾ ਸੀ, ਕਹਾਣੀ ਬਹੁਤੀ ਪੁਰਾਣੀ ਨਹੀਂ ਸੀ, ਸ਼ਾਇਦ ਸੰਤਾਲੀ ਦੇ ਸਾਕੇ ਦੀ ਹੀ ਸੀ। ਬਾਣ ਵੱਟੂ ਜੋ ਉਸ ਵੇਲੇ ਇਕ ਭਰਵਾਂ ਜੁਆਨ ਹੋਵੇਗਾ, ਮੈਂ ਕਹਿੰਦਿਆਂ ਸੁਣਿਆ ਅਸੀਂ ਲੈਲਪੁਰੋਂ ਜਦ ਕਾਫਲਾ ਬਣਾ ਤੁਰੇ ਫੇਰ ਸਾਡੇ ਗੱਡੇ ਲੋਥਾਂ ਮਿੱਧਦੇ ਅਗਾਂਹ ਵਧਦੇ

ਰਹੇ। ਭੈਣਾਂ ਫੇਰ ਅਸੀਂ ਘੇਰੇ 'ਚ ਆ ਗਏ, ਗੱਡੀ ਦਾ ਫਾਟਕ ਸੀ ਅੱਗੇ ਭੈਣਾਂ ਤੇ ਮੁਸਲਮਾਨਾਂ ਨੇ ਗੱਡੀ ਦਾ ਫਾਟਕ ਬੰਦ ਕਰ ਤਾ, ਤੇ ਅੱਗੇ ਅਗੇਤਰੇ ਉਹ ਆਪ ਹਥਿਆਰ ਲੈ ਕੇ ਛੁਪ ਗਏ। ਹੁਣ ਮੇਰੀ ਮਾਂ ਨੇ ਹੁੰਗਾਰਾ ਨਾ ਭਰਿਆ ਸਗੋਂ ਆਖਿਆ ਆਹੋ ਭਾਈ ਠੋਕਰ ਵਾਲੀ ਥਾਵੇਂ ਹੀ ਠੋਕਰ ਲਗਦੀ ਐ।' ਮੇਰੀ ਮਾਂ ਦੀ ਕਹੀ ਗੱਲ ਜਿਵੇਂ ਮੇਰੀ ਨੀਂਦ ਨੂੰ ਚੱਟ ਗਈ ਹੁੰਦੀ ਐ ਕੱਲ੍ਹ ਦੀ ਲੱਗੀ ਤਾਜ਼ੀ ਠੋਕਰ ਦਾ ਚੇਤਾ ਪਿਆ, ਨਿਹਾਲੋ, ਨਿਹਾਲੋ ਦਾ ਮਹੰਤ, ਮੁਹੱਲੇ ਵਾਲੇ ਸਭ ਦੈਂਤ ਬਣ ਬਣ ਅੱਖਾਂ ਅੱਗੇ ਆਉਂਦੇ ਰਹੇ। ਬੁੱਢਾ ਆਪਣੀ ਗੱਲ ਕਹੀ ਜਾ ਰਿਹਾ ਸੀ, ਭੈਣਾਂ, ਫੇਰ ਸਾਡੇ ਕਾਫਲੇ ਨੂੰ ਉੱਥੇ ਰੁਕਣਾ ਪੈ ਗਿਆ। ਪੀਣ ਨੂੰ ਪਾਣੀ ਨਾ ਮਿਲੇ, ਖਾਣ ਨੂੰ ਰੋਟੀ, ਭੈਣਾਂ ਅਸੀਂ ਗੰਦੇ ਨਾਲੇ ਦਾ ਪਾਣੀ, ਪੁਣ ਪੁਣ ਆਪਣੇ ਬੱਚਿਆਂ ਨੂੰ ਪਿਲਾਉਂਦੇ, ਜਦੋਂ ਸਾਡੀ ਹਾਲਤ ਪੁੱਜ ਕੇ ਭੈੜੀ ਹੋ ਚਲੀ ਅਸੀਂ ਫੇਰ ਜਾਨਾਂ ਵਾਰ ਕੇ ਗੱਡੀ ਦਾ ਫ਼ਾਟਕ ਤੋੜਣ ਪੈ ਗਏ, ਫਾਟਕ ਤੋੜਣ ਵਾਲਿਆਂ ਦੀਆਂ ਲੋਥਾਂ ਉੱਤੋਂ ਦੀ ਸਾਡੇ ਗੱਡੇ, ਸਾਡਾ ਕਾਫਲਾ ਭੈਣਾਂ ਬਿਪਤਾ 'ਚ ਬਿਪਤਾ ਪੈਂਦੀ ਐ, ਆਹ ਮੇਰੀ ਕੁੜੀ ਦਾਨੋ ਉਥੇ ਕਾਫ਼ਲੇ 'ਚ ਹੀ ਜੰਮੀ....ਕਿੰਨੀ ਵਾਰ ਜੀ ਕੀਤਾ ਲੋਥਾਂ ਵਿਚ ਇਸ ਜਿਉਂਦੀ ਲੋਥ ਨੂੰ....ਵਿੱਚੋਂ ਹੀ ਮੇਰੀ ਮਾਂ ਬੋਲ ਪਈ ਪਰ ਵੀਰਾ ਆਪਣੀ ਢਿੱਡੋਂ ਜੰਮੀ ਆਂਦਰ....ਮੈਨੂੰ ਮੇਰੀ ਮਾਂ ਦੇ ਇਸ ਫਿਕਰ ਤੋਂ ਇਉਂ ਲੱਗਿਆ ਜਿਵੇਂ ਮੈਂ ਮਹੰਤ ਜਾਨਕੀ ਦੀ ਹਵਸ ਬੁਰਕੀ....ਪਰ ਮੇਰੀ ਮਾਂ....ਅੜ ਰਹੀ ਹੋਵੇ, ਕਹਿ ਰਹੀ ਹੋਵੇ, ਵੇ ਤੂੰ ਹੁੰਦਾ ਕੌਣ ਐਂ, ਪੁੱਤ ਨਪੁੱਤਿਆਂ ਦਾ....। ਜਦੋਂ ਮੇਰੀ ਮਾਂ ਨੇ ਆਖਿਆ ਆਪਣੀ ਆਂਦਰ, ਮੇਰੇ ਅੰਦਰ ਜਿਵੇਂ ਮੋਹ ਦੀ ਕੋਈ ਚਿੱਟੀ ਕਿਰਨ ਲਿਸ਼ਕ ਪਈ ਹੋਵੇ, ਹੁਣ ਮੈਨੂੰ ਮੇਰੀ ਮਾਂ ਬੜੀ ਪਿਆਰੀ ਲਗਦੀ, ਮੈਂ ਜਦ ਅਜਿਹਾ ਕੁਝ ਸੋਚ ਰਹੀ ਸਾਂ, ਬੁੱਢਾ ਆਪਣੀ ਮੁਟਿਆਰ ਧੀ ਦਾਨੋ ਦੀ ਕਹਾਣੀ ਸੁਣਾ ਰਿਹਾ ਸੀ। ਮੇਰੀ ਮਾਂ ਦਾ ਹੁੰਗਾਰਾ, ਬੁੱਢੇ ਦੀ ਆਪਣੀ ਨੌਜੁਆਨ ਧੀ ਦੀ ਕਹਾਣੀ, ਗੱਡੇ ਦੇ ਬਲਦਾਂ ਦਾ ਥੱਕਿਆ ਥੱਕਿਆ ਤੁਰੇ ਜਾਣਾ, ਮੇਰੇ ਦਿਮਾਗ ਦਾ ਹੌਲੀ ਹੌਲੀ ਬੀਤੇ ਬਾਰੇ ਸੋਚੀ ਜਾਣਾ। ਸਾਡੇ ਗੱਡੇ ਦੇ ਪਹੀਏ ਹੇਠ ਜਿਵੇਂ ਕੁਝ ਆ ਗਿਆ ਹੁੰਦਾ ਐ, ਗੱਡੇ ਨੇ ਇਕ ਹਚਕੂਲਾ ਜਿਹਾ ਖਾਧਾ। ਮੈਂ ਪਿੱਛੇ ਮੁੜ ਕੇ ਵੇਖਿਆ, ਵੇਖਦੀ ਰਹੀ, ਇਕ ਕਤੂਰਾ ਪਹੀਏ ਹੇਠ ਆ ਗਿਆ ਸੀ, ਕਤੂਰਾ ਤੜਪ ਰਿਹਾ ਸੀ, ਮਰ ਰਿਹਾ ਸੀ, ਮੈਂ ਵੇਖ ਰਹੀ ਸਾਂ, ਬਾਣ ਵੱਟੂ

ਕਹਾਣੀ ਕਹਿ ਰਿਹਾ ਸੀ, ਮੇਰੀ ਮਾਂ ਹੁੰਗਾਰਾ ਭਰ ਰਹੀ ਸੀ, ਪਹੇ 'ਚ ਤੜਪਦੇ ਕਤੂਰੇ ਦੀ ਲੋਥ ਵੇਖ ਮੈਨੂੰ ਮੇਰੇ ਬਾਪ ਦੀ ਮੌਤ ਚੇਤੇ ਆ ਗਈ, ਉਹ ਭੀ ਇੰਜ ਹੀ ਤੜਪਿਆ ਹੋਵੇਗਾ ਤੇ ਫੇਰ ਮਰ ਗਿਆ ਹੋਵੇਗਾ। ਮੇਰੀ ਮਾਂ ਨੇ ਗੱਡੇ ਵਾਲੇ ਨੂੰ ਆਖਿਆ ਵੇ ਭਾਈ।

ਬਾਣ ਵੱਟੂ ਨੇ ਆਖਿਆ, 'ਚਲੋ, ਭੈਣਾਂ ਉਸ ਦੀ ਔਦ ਆਈ ਹੋਵੇਗੀ, ਔਦ...ਤੇ ਫੇਰ ਉਸ ਨੇ ਆਪਣੀ ਮੁਟਿਆਰ ਧੀ ਦਾਨੋ ਦੀ ਗੱਲ ਆਰੰਭ ਦਿੱਤੀ....ਮੈਂ ਸੋਚਦੀ ਸਾਂ ਇਸ ਦੀ ਆਪਣੀ ਧੀ ਭੀ ਤਾਂ ਸੰਤਾਲੀ ਸਮੇਂ ਇਕ ਕਤੂਰਾ ਹੀ ਸੀ, ਇਹ ਭੀ ਤਾਂ ਸੋਚਦਾ ਸੀ ਕਿ ਉਸ ਨੂੰ ਲੋਥਾਂ ਦੇ ਢੇਰ 'ਚ ਕਤੂਰੇ ਵਾਂਗ ਤੜਪਦਿਆਂ....ਦੂਜੇ ਗੱਡੇ ਵਾਲਾ ਫਰਲਾਂਗ ਕੁ ਪਿੱਛੇ ਸੀ ਤੇ ਕਿਸੇ ਧੁਨ 'ਚ ਮਸਤ ਕੋਈ ਗੀਤ ਜਿਹਾ ਲਲ੍ਹਕ ਜਿਹੀ ਕੱਢ ਕੇ ਗਾ ਰਿਹਾ ਸੀ। ਹਿੱਲਦੇ ਹਿੱਲਦੇ ਗੱਡੇ ਤੋਂ ਉੱਚੀ ਉੱਚੀ ਹਿੱਲਦੀ ਹਿੱਲਦੀ ਲਲ੍ਹਕ 'ਚ ਉਸ ਦਾ ਗਾਉਣਾ ਹਿੱਲਦਾ ਹਿੱਲਦਾ ਜਿਵੇਂ ਮੈਨੂੰ ਹਿਲਾ ਗਿਆ ਹੁੰਦਾ ਹੈ। ਮੈਨੂੰ ਮੇਰਾ ਗੀਤ ਯਾਦ ਆ ਰਿਹਾ ਸੀ, ਉਹ ਗੀਤ ਜਿਸ ਤੇ ਮੈਨੂੰ ਹਾਈ ਸਕੂਲਾਂ ਦੇ ਮੁਕਾਬਲੇ 'ਚ ਜ਼ਿਲ੍ਹਾ ਪੱਧਰ ਦਾ ਇਨਾਮ ਮਿਲਿਆ ਸੀ, ਤੇ ਉਹ ਬਿੱਲੀਆਂ ਅੱਖਾਂ ਵਾਲਾ ਮਾਸਟਰ ਮੌਜੀ, ਮੌਜੀ ਦਾ ਗਿਠਮੁਠੀਆ ਕੱਦ ਸਕੂਲ 'ਚ ਹਾਸੀ ਦਾ ਕਾਰਨ ਬਣਿਆ ਰਹਿੰਦਾ ਸੀ। ਬੜੀ ਟੌਹਰ ਕੱਢ ਕੇ ਆਉਂਦਾ ਸੀ, ਟੁੱਟ ਪੈਣਾ, ਬੁੱਚੜਾਂ ਵਾਂਗ ਸਾਨੂੰ ਕੁੱਟਦਾ। ਉਹ ਦਿਨ ਜਦ ਮੈਨੂੰ ਉਸ ਨੇ ਅੱਠਵੀਂ ਜਮਾਤ 'ਚ ਹੋਰ ਹੋਰ ਕਿਵੇਂ ਵੇਖਿਆ ਸੀ ਤੇ ਫੇਰ ਉਹ ਕਿਵੇਂ ਛੇੜਦਾ ਰਿਹਾ ਸੀ, ਮੈਨੂੰ ਇਨ੍ਹਾਂ ਬਿੱਲੀਆਂ ਅੱਖਾਂ ਦੀ ਛੇੜ ਛਾੜ 'ਚ ਇਕ ਸੁਆਦ ਜਿਹਾ ਮਿਲਦਾ ਰਹਿੰਦਾ। ਛੇੜ ਛਾੜ ਤਿੰਨ ਵਰ੍ਹੇ ਤੱਕ ਰਹੀ। ਮੌਜੀ ਬਦਲ ਗਿਆ ਸੀ, ਬਦਲ ਕੇ ਭੀ ਉਸ ਨੇ ਮੈਨੂੰ ਕਿੰਨੀਆਂ ਚਿੱਠੀਆਂ ਘੱਲੀਆਂ ਸਨ, ਇਕ ਉਸ ਦੀ ਚਿੱਠੀ ਫੜੀ ਗਈ ਤੇ ਗੱਲ ਹਵਾ 'ਚ ਉਡਦੀ ਉਡਦੀ ਬਹੁਤ ਉੱਡ ਚੁੱਕੀ ਸੀ ਤੇ ਹੁਣ ਮੈਨੂੰ ਹਰ ਮੋੜ ਤੇ ਮੁੰਡੇ ਟੀਸੀ ਦਾ ਬੇਰ, ਟੀਸੀ ਦਾ ਬੇਰ ਆਖ ਕੇ ਉਂਗਲਾਂ ਲਾਉਂਦੇ, ਮੌਜੀ ਦੀ ਚਿੱਠੀ 'ਚ ਜੋ ਲਿਖਿਆ ਸੀ, "ਤੂੰ ਤਾਂ ਟੀਸੀ ਦਾ ਬੇਰ ਸੀ ਟੀਸੀ ਦੇ ਬੇਰ ਨੂੰ ਟੀਸ ਟੀਸ ਕਰਕੇ ਦਰਅਸਲ ਉਹ ਆਪਣੀ ਚੀਸ ਨੂੰ ਥਾਪੜਦੇ ਰਹਿੰਦੇ ਸਨ। ਮੇਰੇ ਬਾਪੂ ਦੀ ਬਦਲੀ ਚੀਨਿਆਂ ਤੋਂ ਨਾਗਰੇ ਦੀ ਹੋ ਗਈ, ਨਾਗਰੇ ਤਾਂ ਅਸੀਂ ਕੇਵਲ ਦੋ ਮਹੀਨੇ ਹੀ ਟਿਕੇ, ਆਖਿਰ ਇਹ ਬਦਨਸੀਬ ਮਾਲੇਰਕੋਟਲਾ

ਜਿਥੇ ਮੇਰੇ ਬਾਪੂ ਦੀ ਮੌਤ ਹੋ ਗਈ ਜਿਸ ਨੂੰ ਅਸੀਂ ਛੱਡ ਤੁਰੇ ਹਾਂ, ਜਿੱਥੇ ਉਸ ਤੰਗ ਗਲੀ 'ਚ ਨਿਹਾਲੋ ਰਹਿੰਦੀ ਸੀ, ਗਲੀ ਦੇ ਮੂੰਹ ਤੇ ਹੀ ਮਹੰਤ ਜਾਨਕੀ ਦਾਸ ਦਾ ਡੇਰਾ ਸੀ, ਹੁਣ ਤਾਂ ਇਨ੍ਹਾਂ ਭੂਤਾਂ ਦੀਆਂ ਗੱਲਾਂ 'ਚੋਂ ਭੈਅ ਆਉਂਦਾ ਸੀ।

ਮੇਰੀ ਮਾਂ ਦਾ ਇਕ ਬੁੱਢਾ ਭਰਾ ਸੀ। ਮੇਰੀ ਮਾਂ ਮੈਨੂੰ ਕਦੇ ਕਦੇ ਉਸ ਦੀ ਕਹਾਣੀ ਸੁਣਾਇਆ ਕਰਦੀ ਸੀ, ਕਹਾਣੀ ਕਹਿੰਦੀ ਕਹਿੰਦੀ ਮੇਰੀ ਮਾਂ ਇਸ ਗੱਲ ਤੇ ਬੜਾ ਜ਼ੋਰ ਦੇਂਦੀ, "ਧੀਏ ਤੁਸੀਂ ਅੱਜ ਕੱਲ੍ਹ ਦੀਆਂ ਕੁੜੀਆਂ ਆਫਰੀਆਂ ਫਿਰਦੀਓ, ਆਹ ਨਿੱਕ ਸੁੱਕ ਲਾ ਕੇ ਹੂਰਾ ਪਰੀਆਂ ਬਣੀਆਂ ਫਿਰਦੀਓ, ਜੇ ਕਿਤੇ ਹੁਣ ਸਿਵੇ 'ਚ ਮੇਰੀ ਭਾਬੀ ਜਾਗ ਪਵੇ ਚਾਨਣ ਹੋ ਜਾਏ_...." ਮਾਂ ਦੀ ਭਰਜਾਈ ਦੀ ਕਹਾਣੀ ਸੁਣ ਕੇ ਮੈਨੂੰ ਇਉਂ ਲਗਦਾ ਜਿਵੇਂ ਮੇਰੀ ਮਾਮੀ ਅੱਜ ਜਿਊਂਦੀ ਹੁੰਦੀ ਬਿਊਟੀ ਕੰਟੈਸਟ ਵਿੱਚ ਭਾਰਤ ਸੁੰਦਰੀ ਬਣਦੀ।

ਭਾਰਤ ਸੁੰਦਰੀ ਆਖਿਰ ਤਪਦਿਕ ਨਾਲ ਤੁਰ ਕਿਉਂ ਗਈ? ਇਸ ਪਾਸੇ ਵੱਲ ਮੇਰਾ ਦਿਮਾਗ ਚੜ੍ਹਦਾ ਨਹੀਂ ਸੀ, ਮੈਨੂੰ ਤਾਂ ਮੁੜ ਮੁੜ ਆਪਣੇ ਉਹ ਦਿਨ ਹੀ ਚੇਤੇ ਆਉਂਦੇ ਜਦ ਮੈਂ ਸਰ੍ਹੋਂ ਦਾ ਫੁੱਲ ਬਣ ਕੇ, ਕਿਸੇ ਸਹੇਲੀ ਨੂੰ ਮਿਲਣ ਦਾ ਬਹਾਨਾ ਬਣ ਕੇ ਵੀਹ ਗਲੀਆਂ ਦਾ ਚੱਕਰ ਕੱਟ ਕੇ ਮਟਰ ਗਸ਼ਤੀ ਕਰਦੀ, ਵੀਹ ਗੱਲਾਂ ਸੁਣਾਂਦੀ, ਵੀਹ ਗੱਲਾਂ ਸੁਣਦੀ ਮਸਤਦੀ ਮਸਤਾਂਦੀ ਬਛੇਰੀ ਵਾਂਗ ਮੱਛਰਦੀ, ਬੁੱਲ੍ਹ ਕੱਢਦੀ, ਨਹੋਰੇ ਸੁਣਦੀ, ਆਖਿਰ ਤੱਤੀ ਤੱਤੀ ਹੋਈ ਆਪਣੀ ਸਹੇਲੀ ਦੇ ਘਰ ਪੁੱਜਦੀ ਤੇ ਫੇਰ ਅਸੀ ਕਿੰਨੀ ਕਿੰਨੀ ਦੇਰ ਦੋ ਮੁਟਿਆਰ ਕੁੜੀਆਂ ਇਸ਼ਕ ਦੀਆਂ, ਇਸ਼ਕ ਅਲਾਂਭਿਆਂ ਦੀਆਂ, ਹੁਸਨ ਦੀਆਂ, ਹੁਸਨ ਹਾਦਸਿਆਂ ਦੀਆਂ ਗੱਲਾਂ ਕਰਦੀਆਂ ਬਹਿੰਦੀਆਂ ਕਿੰਨੀਆਂ ਕੁੜੀਆਂ ਕਿੰਨੇ ਮੁੰਡੇ ਸਾਡੀਆਂ ਗੱਲਾਂ 'ਚ ਆਉਂਦੇ। ਮੈਂ ਜੋ ਕੁਝ ਬਨਣਾ ਸੀ ਬਣਦੀ ਗਈ, ਕਾਲਜ ਵਿਚ ਟੌਹਰ ਨਾਲ ਜਾਣਾ, ਟੌਹਰ ਨਾਲ ਜਿਉਣਾ, ਨਿਤ ਨਵੇਂ ਫੈਸ਼ਨ 'ਚ ਜਿਉਣਾ ਹੀ ਉਸ ਉਮਰ ਜ਼ਿੰਦਗੀ ਦੀ ਸੋਚ ਸੀ। ਹੱਥ ਕਿਸੇ ਦੇ ਆਉਣਾ ਨਾ, ਅੱਗ ਹਰੇਕ ਨੂੰ ਲਾ ਜਾਣੀ, ਲੋਕਾਂ ਨੂੰ ਮਚਦਿਆਂ, ਹੱਥ ਮਲਦਿਆਂ ਵੇਖ ਕੇ ਮੈਨੂੰ ਬੜੀ ਖੁਸ਼ੀ ਹੁੰਦੀ। ਇਹ ਹੀ ਮੇਰਾ ਇਸ਼ਕ ਸੀ, ਇਹ ਹੀ ਮੇਰਾ ਸੁਆਦ ਸੀ, ਇਹ ਮੇਰਾ ਸ਼ੁਗਲ ਸੀ, ਇਹ ਮੇਰੀ ਸ਼ਰਾਰਤ ਸੀ, ਇਹ ਮੇਰੀ ਸੋਚ ਸੀ, ਜਿੱਥੇ ਬਾਪੂ ਮੇਰਾ ਰਿਸ਼ਵਤ ਲੈਣ 'ਚ ਮਾਹਰ ਸੀ ਮੈਂ ਭੀ ਇਸ਼ਕ ਇਸ਼ਾਰਿਆਂ

ਨਾਲ ਟੀਸ ਟੀਸ ਕਰਨ 'ਚ ਮਾਹਰ ਸਾਂ, ਬਾਪੂ ਮੇਰਾ ਰਿਸ਼ਵਤ ਲੈਣ 'ਚ ਇੰਜ ਮਾਹਰ ਸੀ, ਜੱਟਾਂ ਨਾਲ ਬਣਾ ਕੇ ਰਖਦਾ, ਉਨ੍ਹਾਂ 'ਚ ਰਚ ਮਿਚ ਕੇ ਰਹਿੰਦਾ, ਕਿਸੇ ਜੱਟ ਦੀ ਕੁੜੀ ਦਾ ਸਾਕ ਕਰਵਾ ਦਿੱਤਾ, ਕਿਸੇ ਕਬੀਲਦਾਰ ਦੇ ਅਟਕੇ ਮੁੰਡੇ ਨੂੰ ਕਿਤੋਂ ਕਰੇਵਾ ਭਰਵਾ ਦਿੱਤਾ, ਕਿਸੇ ਨੂੰ ਸਾਲ ਸਾਲ ਭਰ ਲਾਗ ਲਾਈ ਰੱਖਣਾ, ਬੁੱਢੀ ਠੇਰੀ ਨਾਲ ਬੋਬੋ ਬੋਬੋ ਆਖ ਆਖ ਉਹ ਪੋਲੀਆਂ ਪੋਲੀਆਂ ਮਾਰਦਾ, ਬੁੜ੍ਹੀਆਂ ਮੇਰੇ ਬਾਪੂ ਤੇ ਜਾਨ ਦੇਂਦੀਆਂ ਸਨ। ਬੁੱਢੀਆਂ ਹੁੱਭ ਹੁੱਭ ਮੇਰੇ ਬਾਪੂ ਨੂੰ ਆਖਦੀਆਂ, 'ਵੇ ਪੁੱਤ ਤੂੰ ਸਾਡਾ ਜੰਗੀਰਾ ਐ। ਕਿਸੇ ਨੇ ਕਹਿਣਾ, ਬੇ ਭਾਈ ਸਾਨੂੰ ਤਾਂ ਤੂੰ ਨਿਹਾਲਾ ਹੀ ਲਗਦੈਂ, ਤੂੰ ਤਾਂ ਸਾਡੇ ਘਰ ਦੇ ਸਾਵਿਆਂ ਬੰਦਿਆਂ ਵਰਗੈ।'

ਮੇਰੇ ਬਾਪ ਦੀ ਸ਼ਰਾਬ, ਸ਼ਰਾਬ ਕੀ ਸੀ, ਇਕ ਲਾਹਨਤ ਸੀ, ਉਹ ਪੀ ਕੇ ਉੱਚਾ ਨੀਵਾਂ ਭਾਵੇਂ ਗਲੀ ਗੁਆਂਢ 'ਚ ਕਿਸੇ ਨੂੰ ਨਹੀਂ ਬੋਲਦਾ ਸੀ ਪਰ ਮੇਰੀ ਮਾਂ ਨਾਲ ਉਸ ਦਾ ਵਰਤਾਓ....ਪੀਣ ਵਾਸਤੇ ਤਾਂ ਉਸ ਅੰਦਰ ਸ਼ਾਇਦ ਬਹੁਤ ਵੱਡੀ ਖੋਹ ਹੁੰਦੀ ਹੈ। ਸ਼ਰਾਬੀ ਸਾਡੇ ਘਰ ਆਉਂਦੇ ਕਈ ਘਰ ਆ ਕੇ ਸ਼ਰਾਬੀ ਬਣਦੇ। ਇਕ ਸ਼ਾਮ ਸਾਡੇ ਘਰ ਡ਼ੰਭਰਾਂ ਤੋਂ ਤਿੰਨ ਬੰਦੇ ਆਏ, ਮੇਰਾ ਬਾਪੂ ਅਜੇ ਬਾਹਰੋਂ ਨਹੀਂ ਸੀ ਆਇਆ, ਉਹ ਮੇਰੀ ਮਾਂ ਨੂੰ ਭਾਬੀ ਭਾਬੀ ਆਖਦੇ ਉਸ ਵੇਲੇ ਬੜੇ ਤਿਉ 'ਚ ਉੱਲਰ ਉੱਲਰ ਪੈਂਦੇ ਸਨ। ਮੇਰਾ ਬਾਪ ਅੱਜ ਭੀ ਬਹੁਤ ਦਿਨਾਂ ਵਾਂਗ ਪੀ ਕੇ ਆਇਆ ਸੀ, ਉਸ ਦੇ ਸਾਈਕਲ ਨਾਲ ਲਟਕੇ ਪਹਰਣ ਨੂੰ ਆਏ ਥੈਲੇ, ਥੈਲਿਆਂ 'ਚ ਸਬਜ਼ੀ ਭਾਜੀ, ਨਿੱਕੜ ਸੁੱਕੜ ਕਿੰਨਾ ਕੁਝ ਹੋਰ ਰੋਜ਼ ਸਾਡੇ ਘਰ ਆਉਂਦਾ ਰਹਿੰਦਾ। ਬੈਠਕ 'ਚ ਬੈਠੇ ਪਿੰਡ ਤੋਂ ਆਏ ਤਿੰਨ ਬੰਦੇ ਕੁਝ ਸਾਵਧਾਨ ਹੋਏ ਸਾਵਧਾਨ ਹੀ ਨਾ ਹੋਏ ਸਗੋਂ ਤਿੜਕੇ ਭੀ, ਮੈਂ ਕੱਪੜੇ ਦੇ ਲਟਕਦੇ ਪਰਦੇ ਦੀ ਝੀਤ ਵਿਚਦੀ ਵੇਖ ਰਹੀ ਸਾਂ, ਫੇਰ ਜਦ ਮੇਰਾ ਬਾਪੂ ਬੈਠਕ 'ਚ ਗਿਆ ਇਕ ਪਤਲਾ ਜਿਹਾ ਤਿੰਨਾਂ 'ਚੋਂ ਛੋਟੀ ਉਮਰ ਦਾ ਆਦਮੀ ਉੱਠਿਆ, ਉਸ ਮੇਰੇ ਬਾਪ ਦੇ ਗੋਡੀਂ ਹੱਥ ਲਾਏ, 'ਅੱਛਾ ਅੱਛਾ ਮਿਸਰਿਆ ਇਹ ਐ ਧੱਤੂ ਕਾ ਮੁੰਡਾ, ਮੁੰਡਾ ਤਾਂ ਸੋਹਣਾ ਫੇਰ ਕੀ ਗੱਲ ਕੋਈ ਸਾਕ ਅੜਕਦਾ ਕਿਉਂ ਨੀ....।

ਤਿੰਨਾਂ 'ਚੋਂ ਇਕ ਚੋਰ ਦਾੜ੍ਹੀਏ ਨੇ ਉੱਤਰ ਦੇਣਾ ਸ਼ੁਰੂ ਕੀਤਾ, ਮਹਾਰਾਜ ਜਿੱਦਣ ਤੁਹਾਡੀ ਕ੍ਰਿਪਾ ਹੋਗੀ, ਬੇੜਾ ਪਾਰ ਲੱਗ ਜੂ, ਅਸੀਂ ਤਾਂ ਅੱਜ ਆਪ ਦੇ ਦਰਬਾਰ ਤੁਹਾਡੀ ਭੋਜਨ ਪਾਣੀ ਤੇ ਫੇਰ ਉਸ ਚੋਰ ਦਾੜੀਏ ਨੇ ਥੈਲੇ 'ਚੋਂ ਚਾਰ ਬੋਤਲਾਂ ਕੱਢ ਕੇ ਮੇਜ਼ ਤੇ ਟਿਕਾ ਦਿੱਤੀਆਂ, ਦੂਜੇ ਨੇ ਤਿੰਨ ਚਾਰ ਭਰੇ ਭਰੇ ਲਿਫਾਫੇ ਮੇਜ਼ ਤੇ ਰੱਖ ਦਿੱਤੇ, ਬਾਪੂ ਲਿਫਾਫੇ ਫੜੀ ਝੂਲਦਾ ਜਿਹਾ ਅੰਦਰ ਆਇਆ, ਇਹ ਮੇਰੇ ਯਾਰ ਨੇ ਪਾਰੀ ਦੇ.... ਆਪਣੇ ਬੇਲੀ ਨੇ ਮਿਤਰ ਪਿਆਰੇ ਭਰਾਂ ਦੇ ਮੁੰਡੇ ਨੇ, ਮੇਰੇ ਬਾਪੂ ਦੇ ਬੋਲ ਥਿੜਕਦੇ ਰਹੇ, ਰਸੋਈ 'ਚ ਬੈਠੀ ਮੇਰੀ ਮਾਂ ਚੁੱਪ ਉਸ ਦੇ ਮੱਥੇ ਤੇ ਪਏ ਵੀਹ ਵੱਟ ਕਚੀਚ ਹੋਣ ਦਾ ਸਬੂਤ ਸਨ। ਸੜੀ ਬੁਝੀ ਬੁਝੀ ਮੇਰੀ ਮਾਂ ਰਸੋਈ 'ਚ ਇਕ ਕੈਦਣ ਮੇਰਾ ਬਾਪੂ ਮੁੜ ਗਿਆ ਰਸੋਈ 'ਚ ਮਿਠਿਆਈ ਦੇ ਲਿਫਾਵੇ ਰੱਖ ਕੇ, ਬੈਠਕ 'ਚ ਜਾਣ ਸਾਰ ਉਸ ਆਖਿਆ, "ਬੱਸ ਇਕ ਇਕ ਪੈੱਗ, ਰੋਟੀ ਖਾਣ ਜੋਗੇ ਹੋ ਜਾਈਏ। ਰੋਟੀ ਖਾਣ ਜੋਗੇ ਕਹਿੰਦੇ ਕਹਿੰਦੇ ਦੌਰ ਸ਼ੁਰੂ ਹੋ ਗਿਆ। ਤੰਗ ਜਿਹੇ ਘਰ 'ਚ ਗਈ ਰਾਤ ਤੱਕ ਹੋ ਹੱਲਾ ਹੁੰਦਾ ਰਿਹਾ। ਦੋ ਤਿੰਨ ਘੰਟੇ ਤਾਂ ਮੇਰੀ ਮਾਂ ਊਂਘਦੀ ਊਂਘਦੀ ਗੋਡਿਆਂ ਤੇ ਸਿਰ ਰੱਖ ਕੇ ਰਸੋਈ 'ਚ ਬੈਠੀ ਰਹੀ ਤੇ ਫੇਰ ਤਿੰਨਾਂ ਜਣਿਆਂ 'ਚੋਂ ਇਕ ਉੱਠਿਆ, ਥਿੜਕਦੇ ਬੋਲਾਂ ਨਾਲ ਰਸੋਈ 'ਚ ਆ ਕੇ ਮੇਰੀ ਮਾਂ ਨੂੰ ਜਿਸ ਦਾ ਗੋਡਿਆਂ ਤੇ ਸਿਰ ਰੱਖਿਆ ਹੋਇਆ ਸੀ, ਅੱਧ ਸੁੱਤੀ ਜਹੀ ਨੂੰ ਬਾਹੋਂ ਫੜ ਕੇ ਖੜ੍ਹਾ ਕਰ ਦਿੱਤਾ, 'ਜਾ ਭਾਬੀ ਜਾ ਤੂੰ ਸੌਂ ਜਾ" ਤੇ ਫੇਰ ਉਸ ਸ਼ਰਾਬੀ ਨੇ ਰਸੋਈ 'ਚ ਆਪ ਹੀ ਨਿੱਕੜ ਸੁੱਕੜ ਚੁੱਕ ਕੇ ਕਈ ਗੇੜਿਆਂ 'ਚ ਬਾਹਰਲੀ ਬੈਠਕ 'ਚ ਲੈ ਆਂਦਾ।

ਸ਼ਰਾਬੀ ਰੋਟੀ ਖਾ ਰਹੇ ਸਨ। ਮੈਨੂੰ ਤਾਂ ਇਉਂ ਲਗਿਆ ਜਿਵੇਂ ਬਿੱਲੀ ਮਰੇ ਅਧ ਮਰੇ ਚੂਹੇ ਨਾਲ ਚੋਹਲ ਕਰਦੀ ਹੋਵੇ, ਬੁਰਕੀ ਨੂੰ ਉਹ ਚਬਾਂਦੇ ਨਹੀਂ ਸਨ, ਨਿਗਲਦੇ ਸਨ। ਇਕ ਜਣੇ ਦੀਆਂ ਮੁੱਛਾਂ ਤੇ ਦਾਲ ਡਿੱਗੀ ਪਈ ਸੀ, ਤਿੰਨਾਂ ਜਣਿਆਂ 'ਚੋਂ ਚੋਰ ਦਾੜ੍ਹੀਆ ਬੋਲਿਆ, "ਪਟਵਾਰੀ ਸਾਹਿਬ ਦੇ ਮੂੰਹ 'ਚ ਬੁਰਕੀ ਪਾਵੇ" ਮੈਂ ਸੁਣਿਆ, ਸ਼ਾਇਦ ਮੇਰੀ ਮਾਂ ਨੇ ਭੀ ਸੁਣਿਆ ਹੋਵੇ, ਮੇਰੀ ਮਾਂ ਸਬਾਤ 'ਚ ਜਾ ਕੇ ਪੈ ਗਈ, ਉਸ ਦੇ ਰੋਣ ਦੀ ਆਵਾਜ਼ ਆ ਰਹੀ ਸੀ, ਰੋਂਦੀ ਭੀ ਕਿਉਂ ਨਾ ਪਰਾਏ ਆਦਮੀ ਨੇ ਉਸ ਨੂੰ ਬਾਹੋਂ ਜੋ ਫੜ ਲਿਆ ਸੀ, ਮੈਨੂੰ ਭੀ ਚੇਤਾ ਪਿਆ ਇਕ ਦਿਨ ਤੰਗ ਗਲੀ ਦੇ ਮੋੜ ਤੇ ਹੱਥ ਪਾਇਆ ਸੀ, ਬਿਸ਼ਨੇ

ਚੌਧਰੀ ਦੇ ਮੁੰਡੇ ਨੇ....ਪਰ ਮੈਨੂੰ ਤਾਂ ਉਸ ਦੇ ਹੱਥ ਲੱਗਣ ਨਾਲ ਇੰਝ ਫੜਣ ਨਾਲ ਕਾਂਬਾ, ਪਿਆਰਾ ਪਿਆਰਾ ਕਾਂਬਾ ਛਿੜਿਆ ਸੀ, ਉਸ ਕਾਂਬੇ ਦੀ ਯਾਦ, ਮੈਨੂੰ ਧੁੜ ਧੁੜੀ ਛਿੜ ਜਾਂਦੀ, ਇਸ ਧੁੜਧੁੜੀ ਦੀ ਯਾਦ ਨਾਲ ਮੈਨੂੰ ਮਸਤੀ ਜਿਹੀ ਮਿਲੀ। ਮਸਤੀ 'ਚ ਅਲਸਾਈ ਊਂਘਦੀ ਊਂਘਦੀ ਸੌਂ ਗਈ। ਸੁੱਤੀ ਰਹੀ, ਸੁੱਤੀ ਰਹੀ, ਸੁਪਨਾ ਆਇਆ ਜਿਵੇਂ ਮੈਂ ਝਟਕਾ ਦੇ ਕੇ ਬਿਸ਼ਨੇ ਚੌਧਰੀ ਦੇ ਮੁੰਡੇ ਦੇ ਹੱਥ 'ਚੋਂ ਆਪਣੀ ਬਾਂਹ ਛੁਡਾ ਰਹੀ ਹੋਵਾਂ, ਝੂਟਾ ਜਿਹਾ ਆਇਆ ਮੇਰੀ ਨੀਂਦ ਖੁੱਲ੍ਹ ਗਈ। ਦੋ ਜਣੇ ਸਬਾਤ ਵਿਚ ਮੇਰੀ ਮਾਂ ਦੇ ਮੰਜੇ ਦੁਆਲੇ ਸਨ ਤੀਜਾ ਮੇਰੇ ਬਾਪੂ ਪਾਸ, ਮੇਰਾ ਬਾਪੂ ਬੇਹੋਸ਼ ਡਿੱਗਿਆ ਪਿਆ ਸੀ।

ਸਵੇਰ ਸਮੇਂ ਤਿੰਨੇ ਜਣੇ ਸਾਡੇ ਘਰ ਨਹੀਂ ਸਨ, ਡਾਕ ਗੱਡੀ ਰਾਹੀਂ ਸ਼ਇਦ ਉਹ ਲੁਧਿਆਣੇ ਚਲੇ ਗਏ ਸਨ। ਮੇਰਾ ਬਾਪੂ ਅਜੇ ਭੀ ਬੇਹੋਸ਼ ਪਿਆ ਸੀ। ਮੇਰੀ ਮਾਂ ਭੀ ਅਧ ਮਰੀ ਆਪਣੀ ਮੰਜੀ ਤੇ ਪਈ ਸੀ। ਮੈਂ ਸਭ ਸਮਝ ਗਈ। ਮੈਂ ਆਪਣੀਆਂ ਛੋਟੀਆਂ ਭੈਣਾਂ ਨੂੰ ਤਿਆਰ ਕਰਕੇ ਸਕੂਲ ਤੋਰ ਰਹੀ ਸਾਂ। ਮੈਂ ਆਪ ਤਾਂ ਅੱਜ ਕਾਲਜ ਕੀ ਜਾਣਾ ਸੀ। ਕਾਲਿਜ ਨਾ ਉਪੜਣ ਤੇ ਮੇਰੀ ਸਭ ਤੋਂ ਚੰਗੀ ਸਹੇਲੀ ਰਜਨੀ ਮੇਰੇ ਘਰ ਆਈ, ਬੈਠੀ ਰਹੀ, ਬੈਠੀ ਰਹੀ ਜੱਕੜ ਚੱਲਦੇ ਰਹੇ। ਮੇਰੀ ਮਾਂ ਨੇ ਮੈਨੂੰ ਆਪਣੇ ਕੋਲ ਸੱਦ ਕੇ ਕੁਝ ਦੱਸਣਾ ਚਾਹਿਆ, ਮੈਂ ਸਭ ਸਮਝ ਗਈ ਸਾਂ, ਆਖਦੀ ਐ ਕਿ ਮੈ ਕੁਝ ਮੂੰਹ ਨਾ ਫੱਟਾਂ, ਮੈਂ ਆਪਣੀ ਸਹੇਲੀ ਨੂੰ ਫੜ ਕੇ ਆਪਣੇ ਕਮਰੇ 'ਚ ਲੈ ਗਈ। ਅੰਦਰ ਜਾਂਦਿਆਂ ਵੇਖਿਆ ਦਰਵਾਜ਼ੇ ਦਾ ਉੱਪਰਲਾ ਕਬਜ਼ਾ....ਇਹ ਕੀ ਜਿਵੇਂ ਮੇਰੇ ਪੈਰ 'ਚ ਕੱਚ ਦਾ ਟੁਕੜਾ ਧਸ ਗਿਆ ਹੁੰਦਾ ਐ। ਮੇਰੀ ਸਹੇਲੀ ਨੇ ਮੇਰੇ ਮੂੰਹ ਤੇ ਬਦਲਦੇ ਰੰਗ ਵੇਖੇ, ਪਰ ਮੈਂ ਤਾਂ ਵੀਹ ਵਾਰ ਇੰਝ ਬੰਦਿਆਂ ਨੂੰ ਡੋਜ਼ ਕੀਤਾ ਸੀ....

"ਨਹੀਂ ਡੀਅਰ ਆਜ Month ਅੱਛਾ ਅੱਛਾ, ਤਭੀ ਕਾਲਿਜ ਨਹੀਂ ਆ ਸਕੇ

"ਹਾਂ ਜਨਾਬ_"ਬੱਸ ਹੁਣ ਕੀ ਸੀ ਪੰਜ ਸੱਤ ਏਧਰਲੀਆ ਉਧਰਲੀਆਂ ਮਾਰ ਕੇ ਮੈਂ ਉਸ ਨੂੰ ਗਲੋਂ ਲਾਹਿਆ, ਰਜਨੀ ਤੁਰਦੀ ਹੋਈ।

ਰਾਤ ਦੀ ਉਸ ਘਟਨਾ ਮਗਰੋਂ ਸਾਡੇ ਘਰ ਇਕ ਘੋਰ ਮਾਤਮ ਜਿਹਾ ਛਾਇਆ ਰਹਿੰਦਾ। ਮੇਰੀ ਮਾਂ ਚੁੱਪ ਬੇਹੱਦ ਚੁੱਪ ਰਹਿੰਦੀ। ਮੇਰਾ ਬਾਪ ਪੀਂਦਾ, ਰੱਜ ਕੇ ਪੀਂਦਾ, ਹਰ ਸਮੇਂ ਆਊਟ ਹੋਇਆ ਰਹਿੰਦਾ ਚਕੌਤੇ ਦਾ ਸੋਲਾਂ ਸੌ, ਲੰਬਰਦਾਰਾਂ ਪਾਸੋਂ ਆਇਆ, ਪੰਜ ਦਿਨ ਘਰ ਨਾ ਮੁੜਿਆ ਖਤਮ ਕਰਕੇ ਮੁੜਿਆ। ਜਦੋਂ ਨੌਕਰੀ ਜਾਂਦੀ ਦਿਸੀ ਮੇਰੀ ਮਾਂ ਦੀਆਂ ਟੂੰਮਾਂ ਵੇਚਕੇ ਚਕੌਤੇ ਦਾ ਸੋਲਾਂ ਸੌ ਭਰਿਆ। ਇਹ ਦਿਨ ਕਿੰਨੇ ਕਾਲੇ ਕਾਲੇ ਤੇ ਬਦਨਸੀਬ ਦਿਨ ਸਨ। ਮੈਨੂੰ ਕਾਲਿਜ 'ਚੋਂ ਹਟਾ ਲਿੱਤਾ ਗਿਆ। ਇਸ਼ਕ ਦੀ ਕੁਰਕੁਰੀ ਜਿਵੇਂ ਹੁਣ ਮੇਰੇ ਅੰਦਰ ਘੱਟ ਉੱਠਦੀ ਪਰ ਮੇਰਾ ਬਾਪ ਪੀ ਕੇ ਆਉਂਦਾ, ਮੇਰੀ ਮਾਂ ਨੂੰ ਕੁਕੜ ਬਣਾ ਕੇ ਛਡਦਾ, ਕਿੰਨੇ ਬੁਰੇ ਦਿਨ ਸਨ, ਮੇਰੇ ਬਾਪ ਦਾ ਦੌਰ ਚੱਲਦਾ ਰਿਹਾ। ਆਖਿਰ ਉਹ ਰਾਤ ਆਈ, ਜਿਸ ਰਾਤ ਨੂੰ ਮੇਰਾ ਬਾਪ ਮੇਰੀ ਮਾਂ ਦੇ ਮੰਜੇ ਕੋਲ ਲਹੂ ਲੁਹਾਣ ਮੂੰਹ ਟੱਡੀ ਮਰ ਚੁੱਕਾ ਸੀ। ਮਰੇ ਬਾਪ ਦੀ ਲੋਥ ਨੂੰ ਪੱਥਰ ਬਣੀ ਵੇਖਦੀ ਰਹੀ ਸਾਂ। ਆਖਿਰ ਅਸੀਂ, ਮੈਂ, ਮੇਰੀ ਮਾਂ ਨੇ ਉਸ ਬਦਨਸੀਬ ਸ਼ਹਿਰ ਨੂੰ ਛੱਡ ਦਿਤਾ।

*****

# 5.

ਘੁੱਪ ਹਨੇਰੀ ਰਾਤ ਵਲੈਤੀ ਕਈ ਉਸਲਵੱਟੇ ਲੈ ਚੁੱਕਿਆ ਸੀ। ਕਾਕੜ ਨੇ ਵੇਖਿਆ ਉਸ ਦੇ ਚਾਚੇ ਅੰਦਰ ਚੈਨ ਨਹੀਂ। ਬਾਬੂ ਜਿਹੜਾ, ਸੱਤ ਅੱਠ ਭੰਨ ਕੇ ਘੂਕ ਸੁੱਤਾ ਪਿਆ ਸੀ, ਕਾਕੜ ਲਈ ਘੜੀ ਪਲ ਲਈ ਅਟਕਾ ਬਣਿਆ, ਇਹ ਕੌਣ ਹੈ? ਕਾਕੜ ਅੰਦਰ ਕਿੰਨੀਆਂ ਗੱਲਾਂ ਉੱਠਦੀਆਂ ਰਹੀਆਂ, ਪਹਿਲ ਪ੍ਰਿਥਮੇ ਕਾਕੜ ਨੂੰ ਆਪਣਾ ਮਾਨਾ ਚੇਤੇ ਪਿਆ, ਖੁਦਾਈਏ ਦੇ ਅਲਗੋਜ਼ੇ, ਅਲਗੋਜ਼ਿਆਂ ਦੀ ਸੁੰਨ, ਪਹੇ 'ਚ ਮਿੱਠੀ-ਮਿੱਠੀ ਸੁਰ ਦੀ ਆਵਾਜ਼ ਤੇ ਫੇਰ ਉਸ ਨੂੰ ਆਪਣੇ ਬੁੱਢੇ ਬਾਪੂ ਨੂਰੇ ਦਾ ਕੁੱਬ ਚੇਤੇ ਪਿਆ, ਮਾਂ ਨੇਐਮਤੋ, ਇਹ ਸਾਲਾ ਵੈਦ; ਉਹ ਪੁੱਤ ਮੇਰਾ ਭਾਈ ਜੀ ਇਹ ਚਾਚਾ ਵਲੈਤੀ ਕਾਕੜ ਦੀ ਸੋਚ ਦੀ ਗੱਲ ਕਿਤੇ ਭੀ ਅਟਕਦੀ ਨਾ, ਰੇਸ਼ਮਾ ਤੇ ਆ ਕੇ, ਗੱਲ, ਟਿਕ ਜਾਂਦੀ। ਇਹ ਪਿੰਡ ਤੇ ਫੇਰ ਉਸ ਨੂੰ ਨਿਹਾਲੇ ਲੰਬਰਦਾਰ ਦੀ ਨੂੰਹ ਦੀ ਮੁਸਕਾਨ....ਪਿੰਡ ਦਾ ਮੋਹ ਪਿੰਡ 'ਚ ਵਸਦੀ ਉਸਦੀ ਰੇਸ਼ਮਾ, ਰੇਸ਼ਮਾ ਜਿਵੇਂ, ਕਾਕੜ ਦੇ ਮੂੰਹੋਂ ਇਕ ਹਾਕ ਨਿਕਲਣ ਲਗਦੀ ਹੁੰਦੀ ਹੈ, ਸੋਚਦਿਆਂ ਸੋਚਦਿਆਂ ਕਾਕੜ ਤਬੇਲੇ ਤੋਂ ਕਿੰਨੀ ਦੂਰ ਜਾ ਚੁੱਕਾ ਸੀ ਰਾਹ ਵਿਚ ਉਹ ਕਿੰਨੀਆਂ ਗੱਲਾਂ ਸੋਚਦਾ ਰਿਹਾ, ਕਾਕੜ ਨੂੰ ਇਕ ਕਤੂਰਾ ਟੌਂਕਰਿਆ ਬਾਹਰਲੀ ਫਿਰਨੀ ਤੋਂ ਉਸ ਰੇਸ਼ਮਾ ਦੇ ਘਰ ਵੱਲ ਤੱਕਿਆ, ਛੱਪੜ ਦਾ ਪਾਣੀ ਚੁੱਪ ਚਾਪ ਖੜ੍ਹਾ ਸੀ, ਨਿੱਕੀਆਂ ਨਿੱਕੀਆਂ ਅਦਿੱਖ ਲਹਿਰਾਂ ਛੱਪੜ ਦੀ ਹਿੱਕ ਤੇ ਲਹਿਰਾ ਰਹੀਆਂ ਸਨ ਕਾਕੜ ਨੇ ਸੁਣਿਆ ਗੁਰਦੁਆਰੇ ਦੇ ਦੂਜੇ ਪਾਸੇ ਗਿੱਦੜ ਰੋ ਰਹੇ ਸਨ, ਕੌੜਾ ਸਾਹ ਕਾਕੜ ਨੂੰ ਆਇਆ ਉਸ ਨੇ ਕਿਵੇਂ ਪਿਛਲੇ ਅੱਠ ਦਸ ਵਰ੍ਹੇ ਗੁਜ਼ਾਰੇ ਸਨ, ਪਾਲੀ ਸੀਰੀ, ਇੱਟਾਂ ਦੇ ਆਵੇ ਦੀ ਪਥੇਰ, ਰੇਸ਼ਮਾ ਦੀ ਬਾਂਹ ਦਾ ਚੁੰਮਣ, ਨਿਹਾਲੇ ਲੰਬਰਦਾਰ ਦੀ ਨੂੰਹ ਦੇ ਚਿੱਟੇ ਦੰਦ ਸੋਚਦਾ ਸੋਚਦਾ ਏਥੇ ਆ ਗਿਆ ਜਦ ਉਸ ਦੇ ਚਾਚੇ ਵਲੈਤੀ ਨੇ ਸ਼ਹਿਰੋਂ ਆਏ ਬਾਬੂ ਨੂੰ ਆਖਿਆ, "ਕਰਦੈ ਆਪਣੇ ਮਾਪਿਆਂ ਦਾ ਸਿਰ।"

ਕਾਕੜ ਦੇ ਮਰੇ ਮਾਪੇ ਪਰ ਵਲੈਤੀ ਭੀ ਤਾਂ ਕਾਕੜ ਤੇ ਜਾਨ ਦੇਂਦਾ ਸੀ, ਵਲੈਤੀ ਕਚੂਚ ਹੈ, ਕੋਈ ਗੱਲ ਸੀ ਜਿਹੜੀ ਕਾਕੜ ਦੀ ਪਕੜ ਵਿਚ ਨਹੀਂ ਆਉਂਦੀ ਸੀ ਕਾਕੜ ਸੋਚਾਂ 'ਚ ਮੁੱਠੀ ਬਣਿਆ ਬੱਝਿਆ ਬੱਝਿਆ ਮੰਡੀ ਦੇ ਸਟੇਸ਼ਨ ਤੇ ਸੀ ਬਾਬੂ ਜੀ ਟਿਕਟ, ਰਾਤ ਨੂੰ ਕਾਲਕਾ ਮੇਲ ਤੇ ਕਾਕੜ ਸਵਾਰ ਹੋ ਗਿਆ। ਕਲਕੱਤੇ ਉਨ੍ਹਾਂ ਦੇ ਪਿੰਡ ਦਾ ਭਾਨਾ ਜੋ ਸੀ, ਭਾਨੇ ਦਾ ਪਤਾ, ਕਾਕੜ ਦੀ ਸੋਚ ਚੁੱਪ ਸੀ, ਕੱਲ੍ਹ ਨੂੰ, ਕਾਕੜ ਸੁੰਨ ਸੀ, ਕਲਕੱਤੇ ਕੀ ਕਰੇਂਗਾ, ਕਾਕੜ ਬੁੱਝ ਪੱਥਰ, ਡੱਬੇ ਦੇ ਚਾਨਣੇ ਵਿੱਚ ਬੁਝਿਆ ਬੁਝਿਆ, ਬੈਠਾ ਰਿਹਾ। ਇਕ ਜੰਕਸ਼ਨ ਤੇ ਗਰਮ ਚਾਹ ਗਰਮ ਚਾਹ ਦੀ ਅਵਾਜ਼ ਆਈ, ਕਾਕੜ ਨੂੰ ਗਰਮ ਚਾ ਦੀ ਅਵਾਜ਼ ਨੇ ਹਲੂਣਿਆ, ਉਸ ਦਾ ਜੀਅ ਕੀਤਾ ਉਹ ਦੋ ਆਨਿਆਂ ਦਾ ਗਰਮ ਚਾਹ ਮੁੱਲ ਲਵੇ, ਇਹ ਗਰਮ ਚਾਹ ਕੀ ਹੁੰਦਾ ਐ, ਗੱਡੀ ਤੁਰ ਪਈ, ਗਰਮ ਚਾਹ ਦੀ ਆਵਾਜ਼ ਪਿੱਛੇ ਰਹਿ ਚੁੱਕੀ ਸੀ, ਪਰ ਰੇਸ਼ਮਾ ਦੀ ਯਾਦ ਪਿੱਛੇ ਰਹਿੰਦੀ ਹੋਈ ਵੀ ਉਸ ਪਾਸ ਉਸ ਨਾਲ ਲੱਗ ਕੇ ਬੈਠੀ ਹੋਈ ਸੀ। ਗੱਡੀ ਫ਼ਟਕ ਫ਼ਟਕ ਕਰਦੀ ਹਵਾ ਨੂੰ ਗੰਢਾਂ ਦੇ ਰਹੀ ਸੀ, ਇਕ ਹੁਲਾਰਾ, ਇਕ ਹੋਰ ਹੁਲਾਰਾ, ਹੂਟਾ, ਇਕ ਹੋਰ ਹੂਟਾ ਕਾਕੜ ਦੀਆਂ ਅੱਖਾਂ 'ਚ ਰੇਸ਼ਮਾ ਦੀ ਯਾਦ ਦੀ ਰੜਕ ਪੈ ਰਹੀ ਸੀ ਕਾਕੜ ਦੀਆਂ ਅੱਖਾਂ 'ਚ ਨੀਂਦ ਊਂਘਣ ਲੱਗ ਪਈ ਤੇ ਆਖਿਰ ਕਾਕੜ ਫੱਟੇ ਤੇ ਡਿੱਗ ਹੀ ਪਿਆ।

ਅਗਲੀ ਸਵੇਰ ਦੇ ਦੋ ਰੰਗ ਸਨ, ਇਕ ਰੰਗ ਕਾਕੜ ਦਾ ਦੂਜਾ ਕਾਕੜ ਦੇ ਪਿੰਡ ਦਾ। ਵਲੈਤੀ ਉੱਠਿਆ, ਵਲੈਤੀ ਨੇ ਜਦ ਕਾਕੜ ਦਾ ਮੰਜਾ ਖਾਲੀ ਵੇਖਿਆ, ਜਿਵੇਂ ਉਸ ਦਾ ਸਿਰ ਕਿਸੇ ਨੇ ਫੜ ਕੇ ਕੰਧ ਨਾਲ ਮਾਰਿਆ ਹੁੰਦੈ। ਓਦਰਿਆ ਓਦਰਿਆ ਵਲੈਤੀ, ਸੁੰਨ ਸੁੰਨ ਤਬੇਲਾ ਤਬੇਲੇ ਦਾ ਫਾਟਕ ਖੜਕਿਆ, ਵੈਦ ਦੁੱਧ ਲੈਣ ਆਇਆ ਸੀ। ਵਲੈਤੀ ਵੈਦ ਵੱਲ ਵਿੱਟਰਿਆ ਵਿੱਟਰਿਆ ਤੇ ਵੈਦ ਵਲੈਤੀ ਵੱਲ ਡੂੰਘਾ ਡੂੰਘਾ ਵੇਖਦਾ ਰਿਹਾ, ਵਲੈਤੀ ਦਾ ਜੀਅ ਕਰਦਾ ਸੀ ਜਿਵੇਂ ਉਹ ਵੈਦ ਤੋਂ ਡੋਲੂ ਖੋਹ ਕੇ ਉਸ ਦੇ ਸਿਰ 'ਚ ਮਾਰੇ, ਲਾ ਬੁਝਾਈਆਂ ਕਰਕੇ ਵੈਦ ਨੇ ਨਿਹਾਲੇ ਲੰਬਰਦਾਰ ਨੂੰ ਕਿੰਨੀ ਵਾਰ ਉਂਗਲ ਲਾਈ ਸੀ। ਵੈਦ ਨੇ ਚੁੱਪ ਤੋੜੀ.... ਅੱਛਾ ਤੋ ਵੋਹ ਭਾਗ ਗਿਆ, ਅੱਛਾ ਹੂਆ ਨਹੀਂ ਤੋ ਗਾਂਵ ਮੇਂ ਵਲੈਤੀ ਅੰਤ ਦਾ ਦੁਖੀ ਤੇ ਕਚੂਹ ਹੋਇਆ ਬੁੜ੍ਹਕ ਪਿਆ, ਸਾਲਾ ਗਾਂਵ ਦਾ ਵੱਡਾ ਰਾਖਾ ਆਇਐ,

ਰੱਛਿਆ ਕਰਨ ਵਾਲਾ....ਭਾਜਾ ਨਹੀਂ ਪੁੱਤ ਮੇਰੇ ਦੇ, ਦੋ ਫੋਹੜੇ ਮਾਰੂ....ਵੈਦ ਨੇ ਜਦ ਵਲੈਂਤੀ ਦੀਆਂ ਅੱਖਾਂ 'ਚ ਅੱਗ ਵੇਖੀ ਭੱਜ ਗਿਆ। ਸਾਰੇ ਪਿੰਡ 'ਚ ਗੱਲ ਫੈਲ ਚੁੱਕੀ ਸੀ। ਵਲੈਤੀ ਬਾਹਰ ਜਾਣ ਲਈ ਉੱਠਿਆ ਹੀ ਸੀ, ਨਿਹਾਲਾ ਆ ਬਹੁੜਿਆ, ਕਿਓ ਬਈ ਸੇਠਾ, ਕਿਹੜੇ ਨੀਰੇ ਆਲੇ ਲਕੋਤਾ, ਉਹ ਆਪਣਾ ਲਗਦਾ....ਲੰਬਰਦਾਰ ਪੰਜ ਸੱਤ ਤੱਤੀਆਂ ਤੱਤੀਆਂ ਆਪ ਮੁਹਾਰੇ ਕਹਿ ਗਿਆ ਵਲੈਤੀ ਸੁਣਦਾ ਰਿਹਾ ਤੇ ਜਦ ਲੰਬਰਦਾਰ, ਹਫ ਲਿਆ ਲੰਬਰਦਾਰ ਨਿਹਾਲਾ ਠੰਢਾ ਪਿਆ ਵਲੈਤੀ ਨੇ ਅਪਣੱਤ ਦਾ ਕੋਈ ਬੇਸਹਾਰੇ ਨੂੰ ਸਹਾਰਾ ਬਣਾ ਕੇ ਆਖਿਆ, ਲੰਬਰਦਾਰਾ, ਆਪਾਂ ਕੋਈ ਖੂਹ ਟੋਭਾ....ਹੀ ਖੂਹ ਟੋਭੇ ਵਾਲੀ ਗੱਲ ਸੁਣ ਕੇ ਨਿਹਾਲਾ ਹੱਸ ਪਿਆ, ਕਿਉਂ ਉਹ ਜੁਆਕ ਸੀ ਨਾ। ਲੰਬਰਦਾਰ ਦੀ ਗੱਲ ਸੁਣ ਕੇ ਵਲੈਤੀ ਅੰਦਰ ਇਕ ਟੋਆ ਜਿਹਾ ਪੱਟਿਆ ਗਿਆ, ਟੋਆ ਹੋਰ ਡੂੰਘਾ ਹੁੰਦਾ ਗਿਆ, ਕਿਉਂਕਿ ਹਰ ਕੋਈ ਮਿਲਣ ਵਾਲਾ ਉਂਗਲ ਲਾਉਂਦਾ ਰਿਹਾ, "ਕਿਉਂ ਢਿੱਡੋਂ ਜੰਮਿਆਂ ਸੀ।' ਵੈਦ ਨੇ ਆਪਣੀ ਦੁਕਾਨ ਤੇ ਬੈਠ ਕੇ ਬੜੀ ਚਰਚਾ ਕੀਤੀ ਅੱਛਾ ਹੂਆ ਗਾਂਵ ਛੋੜ ਕਰ ਚਲਾ ਗਿਆ ਨਹੀਂ ਤੋ ਗਾਂਵ ਮੇਂ....ਯਹ ਬਣੀਆਂ ਤੋਂ ਮੂਰਖ ਹੈ। ਵਲੈਤੀ ਨੂੰ ਪਿੰਡ ਆਪਣਾ ਤਬੇਲਾ ਬੜਾ ਰੁੱਖਾ ਰੁੱਖਾ ਲਗਦਾ ਸੀ। ਬਿਆਜੂ ਮੋਹ ਦਾ ਮੁੱਲ ਨਹੀਂ ਪਰ ਵਲੈਤੀ ਕਾਕੜ ਲਈ ਤਿਓ ਤਾਂ ਉਸ ਦਾ ਆਪਣਾ ਸੀ, ਪਿੰਡ ਦੀ ਮੁੰਡੀਰ ਨੂੰ ਹੁਣ ਵਲੈਤੀ ਆਪਣੇ ਤਬੇਲੇ ਛੱਪਣ ਨਹੀਂ ਦੇਂਦਾ ਸੀ। ਵਲੈਤੀ ਧੂਹ ਘੜੀਸ ਕਰ ਕੇ ਪਿੰਡ 'ਚ ਤਿੰਨ ਚਾਰ ਮਹੀਨੇ ਟਿਕਿਆ ਰਿਹਾ, ਝੋਟੀ ਉਸ ਨੇ ਘਾਟੇ ਤੇ ਵੇਚ ਦਿੱਤੀ, ਹੱਟੀ ਭੀ ਉਸ ਦਾ ਜੀਅ ਨਾ ਲੱਗਦਾ। ਵਲੈਤੀ ਦੇ ਉਦਰੇਵੇਂ ਨੂੰ, ਪਿੰਡ ਵਾਲਿਆਂ ਨੇ ਬੜੀਆਂ ਟਿੱਚਰਾਂ ਕੀਤੀਆਂ, ਭਾਈ ਜੀ ਤੇ ਵੈਦ ਤਾਂ ਵਲੈਤੀ ਮਗਰ ਜਿਵੇਂ ਮੁਹਾਜ਼ ਬਣਾ ਕੇ ਲੱਗੇ ਹੋਣ। ਵਲੈਤੀ ਦਾ ਮੂੰਹ ਮੁਲਾਹਜ਼ਾ ਭੀ, ਭਾਈ ਜੀ ਨਾਲੋਂ ਘੱਟ ਰਿਹਾ ਸੀ। ਬਰਜੀ ਵਲੈਤੀ ਦੇ ਤਬੇਲੇ ਆਉਂਦੀ ਰਹਿੰਦੀ, ਬਰਜੀ ਵਲੈਤੀ ਨੂੰ ਬੜਾ ਕੁਝ ਦਸਦੀ ਰਹਿੰਦੀ, 'ਆਹ ਨਿਹਾਲੇ ਦੇ ਮੁੰਡੇ ਨੇ ਆਪਣੀ ਘਰਵਾਲੀ ਨੂੰ ਕੁੱਟ ਕੁੱਟ ਸ਼ਾਂਗਤਾ, ਉਹ ਜਿਹੜੀ ਮੋਦਨ ਦੀ ਕੁੜੀ ਰੇਸ਼ਮੋਂ, ਸੁਣਿਐ ਉਸ ਨੇ ਤਾਂ ਪੰਜ ਦਿਨ ਰੋਟੀ ਨਾ ਖਾਧੀ ਤੇ ਫੇਰ ਇਕ ਦਿਨ ਮੋਦਨ ਦੇ ਵੱਡੇ ਮੁੰਡੇ ਦਾਨੇ ਨੇ ਆਖਿਆ 'ਚੰਗਾ ਭੈਣੇ ਅੰਨ ਧਰ ਲੈ ਵਿੱਚ ਪਾ ਲੈ ਜ਼ਹਿਰ ਦੀ ਪੁੜੀ, ਆਪਾਂ ਸਾਰੇ ਖਾ

ਕੇ ਮਰਜਾਂਗੇ ਬਰਜੀ ਕਿੰਨੀਆਂ ਚੱਕਮੀਆ ਚੱਕਮੀਆਂ ਗੱਲਾਂ ਵਲੈਤੀ ਨੂੰ ਸੁਣਾਉਂਦੀ ਰਹਿੰਦੀ, ਵਲੈਤੀ ਨੂੰ ਓਦਣ ਜਿੱਦਣ ਕੋਈ ਬਹੁਤ ਹੀ ਚੱਕਮੀ ਗੱਲ ਸੁਣਾਉਂਦੀ ਬਰਜੀ ਵਲੈਤੀ ਨੂੰ ਉਹ ਹੀ ਸਾਕੇ ਵਾਲਾ ਸਾਲ ਚੇਤੇ ਪੈ ਜਾਂਦਾ। ਇਕ ਦਿਨ ਵਲੈਤੀ ਫ਼ਿਰਨੀ ਫਿਰਨੀ ਤੁਰਿਆ ਆਵੇ, ਖੇਤੋਂ ਆਉਂਦੀ ਚੱਕਮੇ ਪੈਰੀ ਹੋ ਕੇ ਰੇਸ਼ਮਾਂ ਨੇ ਵਲੈਤੀ ਨੂੰ ਬੁਲਾ ਲਿਆ, "ਕਿਓਂ ਤਾਇਆ ਪਤੈ ਉਹ ਕਿੱਥੇ ਗਿਐ।" ਵਲੈਤੀ ਨੇ ਰੇਸ਼ਮਾਂ ਦੇ ਉੱਖੜੇ ਉੱਖੜੇ ਮੂੰਹ ਵੱਲ ਤੱਕ ਕੇ ਆਖਿਆ, "ਸੋਹਰੀਏ ਮੈਨੂੰ ਕਿਹੜਾ ਦੱਸੋ ਕੇ ਗਿਐ ਮੈਂ ਤਾਂ ਆਪ ਮੱਛੀ ਆਂਗੂੰ ਤੜਫਦਾ।"

ਪਿੰਡ 'ਚ ਵਲੈਤੀ ਨੂੰ ਹੁਣ ਕੁਝ ਭੈਅ ਜਿਹਾ ਆਉਂਦਾ, ਲੈ ਦੇ ਕੇ ਉਸ ਨੇ ਪੰਜ ਚਾਰ ਮਹੀਨੇ ਤਾਂ ਉੱਥੇ ਕੱਟੇ ਤੇ ਫੇਰ ਉਹ ਵੱਡੇ ਗਰਾਂ ਵਾਲਾ ਸਫਰੀ ਨਾਲ ਤੁਰ ਗਿਆ। ਵਲੈਤੀ ਹੁਣ ਸਫਰੀ ਨਾਲ ਰਹਿੰਦਾ, ਡੰਗਰਾਂ ਦੀ ਇਸ ਮੰਡੀ ਤੋਂ ਉਸ ਮੰਡੀ ਤੇ ਤੰਬੂ ਉਖੇੜ ਕੇ ਜਾ ਲਾਉਂਦੇ। ਚਾਹ ਬਣਾ ਬਣਾ ਬਾਟੀਆਂ 'ਚ ਪਾ ਪਾ ਦੇਂਦੇ ਰਹਿੰਦੇ, ਚਾਹ ਨਾਲ ਕੁਝ ਨਿੱਕ ਸੁੱਕ ਜਮ੍ਹਾ ਕਰ ਲੈਂਦੇ, ਉਹ ਭੀ ਨਾਲ ਹੀ ਵੇਚੀ ਜਾਂਦੇ। ਹਰ ਮੰਡੀ ਤੋਂ ਦੋ ਚਾਰ ਛਿੱਲੜ ਬਣਾ ਲੈਂਦੇ, ਚੰਗਾ ਚਾਹ ਚਪਟਾ ਚਲਦਾ ਰਿਹਾ ਦਿਨ ਟੱਪਦੇ ਗਏ, ਗੁਜ਼ਾਰਾ ਹੁੰਦਾ ਰਿਹਾ, ਪਰ ਕਾਕੜ ਦਾ ਚੇਤਾ ਢਿੱਲਾ ਨਾ ਹੋਇਆ।

******

# 6.

ਨਵੇਂ ਨਵੇਂ ਮਰਦਲੇ ਜਿਹੇ ਬਿਮਾਰ ਸ਼ਹਿਰ ਦੀ ਇਸ ਬੰਦ ਗਲੀ 'ਚ ਹੁਣ ਅਸੀਂ ਪੰਜ ਜਣੇ ਸਾਂ, ਮੈਂ ਮੇਰੀ ਮਾਂ, ਮਾਮਾ ਬਿਰਜੂ ਤੇ ਮੇਰੀ ਛੋਟੀਆਂ ਨਿੱਕੀਆਂ ਦੀ ਭੈਣਾਂ। ਬਿਰਜੂ ਮਾਮੇ ਨੇ ਜਦੋਂ ਸਾਨੂੰ ਵੇਖਿਆ ਸੀ, ਉਸ ਦੇ ਮੱਥੇ ਤੇ ਤਿਊੜੀਆਂ ਜਿਹੀਆਂ ਸ਼ੁਰੂ ਹੋ ਗਈਆਂ ਸਨ, ਮੈਨੂੰ ਮੂੰਹਾਂ, ਮੱਥਿਆਂ ਤੇ ਅੱਖਾਂ ਦੇ ਰੰਗਾਂ, ਬੋਲਾਂ ਦੇ ਸੱਚੇ ਝੂਠ ਬਾਰੇ ਕਾਫ਼ੀ ਕੁਝ ਪਤਾ ਲੱਗ ਚੁੱਕਿਆ ਸੀ, ਕਿਉਂਕਿ ਮੈਂ ਵੀਹ ਬੰਦਿਆਂ ਨਾਲ ਦਿਨ ਵਿੱਚ ਉਲਝਦੀ ਰਹਿੰਦੀ ਸਾਂ, ਉਂਗਲਾਂ ਤੇ ਟਪਾ ਕੇ ਸਾਰਾ ਕਾਲਜ ਮੈਂ ਵੇਖਿਆ ਸੀ ਦੋ ਚਾਰ ਪ੍ਰੋਫੈਸਰ, ਜਿਨ੍ਹਾਂ ਸੰਸਕ੍ਰਿਤੀ ਦੇ ਆਦਰਸ਼ ਦੀ ਕਹਾਣੀ ਕਹਿ ਕੇ ਕਿਸੇ ਮਹਾਨ ਸਭਿਆਚਾਰ ਦਾ ਢੌਂਗ ਰਚਿਆ ਹੁੰਦਾ ਉਨ੍ਹਾਂ ਨੂੰ ਟੀਸ ਟੀਸ ਕਰ ਕੇ ਮੈਨੂੰ ਬੜਾ ਸੁਆਦ ਆਉਂਦਾ। ਉਹ ਦਿਨ ਜਿੱਦਣ ਜਮਾਤ ਵਿੱਚ ਇਕ ਲੈਰੇ ਜਿਹੇ ਅੰਗਰੇਜ਼ੀ ਦੇ ਸ਼ੌਕੀਨ ਪ੍ਰੋਫੈਸਰ ਨੇ ਆਖਿਆ ਸੀ, ਜੀ ਕਰਦੈ ਹਰ ਕੁੜੀ ਦੇ ਮਾਡਰਨ ਮੂੰਹ ਤੇ ਲੁੱਕ ਦਾ ਪੋਚਾ ਫੇਰ ਦੇਵਾਂ।' ਮੇਰੇ ਅੰਦਰ ਇਕ ਅੱਗ ਜਹੀ ਮੱਚੀ ਮੈਂ ਉੱਠ ਕੇ ਕੁੱਝ ਕਹਾਂ, ਪਰ ਕਹਿ ਨਾ ਸਕੀ ਤੇ ਉਸ ਦਿਨ ਤੋਂ ਬਾਅਦ ਉਹ ਦਿਨ ਜਦ ਉਹ ਪ੍ਰੋਫੈਸਰ ਮੇਰੇ ਮਗਰ ਮੁਰਗਾ ਬਣਿਆ ਮੈਨੂੰ ਉਸ ਦੇ ਕਹੇ ਸ਼ਬਦ ਚੇਤੇ ਪਏ.... ਇਹ ਸਭ ਕਹਾਣੀਆਂ ਥੋੜ੍ਹੇ ਸਮੇਂ 'ਚ ਹੁਣ ਕਿੰਨੀਆਂ ਪਿੱਛੇ ਰਹਿੰਦੀਆਂ ਜਾ ਰਹੀਆਂ ਸਨ। ਹੁਣ ਤਾਂ ਮੈਨੂੰ ਕਿਸੇ ਕਿਸੇ ਗੱਲ 'ਚੋਂ ਬਕਬਕਾ ਸੁਆਦ ਆਉਂਦਾ, ਕਿਸੇ ਕਿਸੇ ਗੱਲ ਨੂੰ ਮੈਂ ਟਾਫੀ ਵਾਂਗ ਚੂਸਦੀ। ਮੇਰੀ ਜ਼ਿੰਦਗੀ ਆਖਰ ਤੇਜ਼ ਭੀ ਕਿੰਨੀ ਸੀ, ਪਿਛਲੇ ਦਸ ਕੁ ਵਰ੍ਹਿਆਂ 'ਚ ਕੀ ਦਾ ਕੀ ਕੁਝ ਹੋ ਗਿਆ ਸੀ। ਮੇਰੀਆਂ ਭੈਣਾਂ ਦੇ ਵਿਆਹ, ਫੇਰ ਮੇਰੇ ਜੀਜਿਆਂ ਦੇ ਅੱਖ ਮੱਟਕੇ, ਮਾਸਟਰਾਂ ਦਾ ਛੇੜਣਾ, ਘਰ ਚ ਸ਼ਰਾਬੀਆਂ ਦਾ ਆਉਣਾ, ਕਾਲਜ ਛੇੜਖਾਨੀਆਂ ਕਰਨੀਆਂ ਤੇ ਕਰਵਾਉਣੀਆਂ। ਮਾਂ ਨਾਲ ਰਾਤ ਸਮੇਂ ਹੋਏ ਹਾਦਸੇ ਦਾ ਪ੍ਰਭਾਵ, ਬਾਪ ਦੀ ਖੌਫ਼ਨਾਕ ਮੌਤ, ਘਰ 'ਚ ਬੀਤੇ ਵਤੀਰੇ ਦਾ ਭਿਆਨਕ ਭੂਤ ਸਿਲਸਿਲਾ। 'ਕੱਲੀ ਇਕਹਿਰੀ ਮਾਂ, ਸਿਰ ਤੇ ਕਿਸੇ ਦਾ ਹੱਥ ਨਾ ਹੋਣਾ। ਦੋ ਨਿੱਕੀਆਂ ਭੈਣਾਂ....ਆਖਰ

ਨੂੰ ਕਿਤੇ ਹੱਥ ਪੈਂਦਾ ਨਾ ਵੇਖ ਕੇ ਮਾਂ ਨੂੰ ਆਪਣੇ ਨਿਪੁੱਤੇ ਨਿਆਸਰੇ ਭਰਾ ਦਾ ਚੇਤਾ ਪਿਆ। ਟੁੱਟਿਆ ਫੁੱਟਿਆ ਬਿਰਜੂ ਮਾਮਾ, ਬਿਰਜੂ ਅਗੇ ਦਾ ਭੂਤਾਂ ਵਰਗਾ ਸੁੰਨਾ ਸੁੰਨਾ ਘਰ, ਇਹ ਬਦਤਮੀਜ਼ ਭੈ ਭੀਤ ਦਿਹਾੜੇ, ਮੇਰੇ ਅੰਦਰ ਇਕ ਵਿਸ਼ੇਸ਼ ਪ੍ਰਕਾਰ ਦਾ ਪ੍ਰਭਾਵ ਵੱਧਣ ਲੱਗ ਪਿਆ। ਕੁਮਲਾਹਟ ਦਾ ਪ੍ਰਭਾਵ, ਮੁਰਝਾਹਿਟ ਦਾ ਪ੍ਰਭਾਵ, ਮੁਰਦਲੇ ਵਿਸ਼ਵਾਸ ਦੀ ਕੌੜੀ ਕੌੜੀ ਨਿੰਮ੍ਹੀ ਨਿੰਮ੍ਹੀ ਆਸ। ਮੇਰਾ ਮਾਮਾ, ਮੇਰੇ ਮਾਮੇ ਦੀ ਮਾਤਮੀ ਜ਼ਿੰਦਗੀ, ਉਸ ਦਾ ਮਾਤਮੀ ਘਰ, ਉਹ ਘਰ ਜਿਸ ਵਿਚ ਧੁੱਪ ਵਾਂਗ ਲਿਸ਼ਕਣ ਵਾਲੀ ਮੇਰੀ ਮਾਮੀ ਕਦੀ ਬਹਾਰ ਵਣ ਕੇ ਆਈ ਸੀ ਤੇ ਲੋਕ ਬਣ ਕੇ ਤੁਰ ਗਈ ਸੀ। ਇਸ ਘਰ 'ਚ ਮੇਰੀ ਮਾਮੀ ਨੂੰ ਤਿੰਨ ਬੱਚੇ ਹੋ ਕੇ ਗੁਜ਼ਰੇ ਸਨ। ਮਾਮੇ ਬਿਰਜੂ ਦੇ ਇਸ ਮਾਤਮੀ ਘਰੇ ਮੇਰੀ ਰੰਡੀ ਮਾਂ ਦਾ ਆਉਣਾ ਇਕ ਹੋਰ ਮਾਤਮ ਬਣ ਗਿਆ। ਮੇਰਾ ਮਾਮਾ ਤੇ ਮੇਰੀ ਮਾਂ ਦੋਨੋਂ ਕਾਫ਼ੀ ਦੇਰ ਤੱਕ ਰੋਂਦੇ ਰਹੇ ਕਾਫ਼ੀ ਰੋਣ ਕੁਰਲਾਉਣ ਮਗਰੋਂ ਮੇਰਾ ਮਾਮਾ ਉੱਠਿਆ, ਉਸ ਉੱਠ ਕੇ ਘੜੇ 'ਚੋਂ ਪੀਣ ਲਈ ਪਾਣੀ ਮੇਰੀ ਮਾਂ ਨੂੰ ਦਿੱਤਾ, ਆਪ ਪੀਤਾ ਤੇ ਮੈਨੂੰ ਪੁੱਛਿਆ। ਦਿਨ ਚੜ੍ਹਿਆ-ਉੱਪਰ ਹੋਣ ਲੱਗੀਆਂ। ਮੈਂ ਆਪਣੇ ਮਾਮੇ ਵੱਲ ਗਹੁ ਨਾਲ ਗਹੁ ਨਾਲ਼ ਵੇਖਦੀ ਰਹੀ ਇੱਕ ਬਾਂਸ ਦਾ ਡੰਡੋਰਕਾ ਜਿਹਾ ਚੁੱਕਿਆ, ਜਿਸ ਦੇ ਸਿਰੇ ਤੇ ਆਰ ਪਾਰ ਗਲੀ ਸੀ, ਉਸ ਗਲੀ ਉਸ ਵਿੱਚ ਰੱਸੀ ਪਰੋਈ ਹੋਈ ਸੀ। ਇਕ ਵੱਡਾ ਸਾਰਾ ਥੈਲਾ ਉਸ ਨੇ ਫੜ ਲਿਆ, ਇਕ ਪੀਪੀ ਜਿਸ ਨੂੰ ਜਿੰਦੀ ਮਾਰੀ ਹੋਈ ਸੀ, ਤੇ ਉਸ ਪੀਪੀ ਦੇ ਕੁੰਡੇ 'ਚ ਸੰਗਲੀ ਸੀ, ਸੰਗਲੀ ਦਾ ਗਾਤਰਾ ਜਿਹਾ ਬਣਾ ਆਪਣੇ ਮੋਢੇ ਦੁਆਲੇ ਲਪੇਟ ਲਿਆ। ਕਾਲੇ ਟੁੱਟੇ ਜਿਹੇ ਸਲੀਪਰ ਪਾ ਕੇ ਬਾਹਰ ਨੂੰ ਤੁਰ ਪਿਆ, ਮੈਂ ਸਭ ਕੁਝ ਵੇਖਦੀ ਰਹੀ, ਸਮਝਣ ਦੀ ਕੋਸ਼ਿਸ਼ ਕਰਦੀ ਰਹੀ। ਕਿੱਥੇ ਜਾਵੇਂਗਾ, ਕੀ ਕਰੇਗਾ। ਮੈਂ ਆਪਣੇ ਮਾਮੇ ਨੂੰ ਆਪਣੀ ਜ਼ਿੰਦਗੀ 'ਚ ਗਿਣਵੀਂ ਵਾਰ ਤਾਂ ਵੇਖਿਆ ਸੀ। ਮਾਂ ਦਸਦੀ ਹੁੰਦੀ ਸੀ, ਬਿਰਜੂ ਮਾਮਾ ਆਪਣੈ ਬਹੁਤ ਆਉਂਦਾ ਹੁੰਦਾ ਸੀ, ਪਰ ਜਦ ਦੀਆਂ ਤੇਰੇ ਬਾਪੂ ਨੇ ਟੂੰਮਾਂ ਦੱਬੀਆਂ ਨੇ.... ਮੇਰੇ ਬਚਪਣ ਦੀ ਗੱਲ ਐ, ਅਕੇਰਾਂ ਮੇਰੇ ਬਾਪੂ ਨੇ ਮੇਰੇ ਮਾਮੇ ਤੋਂ ਮੇਰੀ ਵੱਡੀ ਭੈਣ ਦੇ ਵਿਆਹ ਨੂੰ ਢੋਣ ਵਾਸਤੇ ਤਿੰਨ ਚਾਰ ਟੂੰਮਾਂ ਲਿੱਤੀਆਂ ਸਨ, ਫੇਰ ਜਦ ਮੇਰੇ ਮਾਮੇ ਨੇ ਸਾਲ ਛਿਮਾਹੀ ਪਿੱਛੋਂ ਟੂੰਮਾਂ ਵਾਪਿਸ ਮੰਗੀਆਂ, ਮੇਰਾ ਬਾਪੂ ਮੁੱਕਰ ਗਿਆ। ਤਕਰਾਰ ਵਧਦਾ ਵਧਦਾ ਵਧ ਗਿਆ।

ਝਗੜਾ ਹੁੰਦਾ ਰਿਹਾ, ਹੁੰਦਾ ਗਿਆ, ਇੰਜ ਭੈਣ ਤੇ ਭਰਾ ਟੁੱਟਦੇ ਗਏ, ਟੁੱਟਦੇ ਗਏ ਤੇ ਆਖਿਰ ਟੁੱਟਣਾ ਪੈ ਗਿਆ ਸੀ। ਕਚੂਚ ਜਿਹਾ ਹੋਇਆ ਮੇਰਾ ਮਾਮਾ ਟੁੱਟੇ ਜਿਹੇ ਫਿਟਕੇ 'ਚੋਂ ਬਾਹਰ ਜਾਂਦਾ ਆਖਦਾ ਗਿਆ, 'ਪਾਰੀਏ ਆਥਣ ਨੂੰ ਆਵਾਂਗਾ।"

ਵਾਣ ਵੱਟੂਆਂ ਦੇ ਝੋਟੇ ਬੀਹੀ 'ਚ ਖੜ੍ਹੇ ਹੌਂਕ ਰਹੇ ਸਨ। ਸ਼ਹਿਰ ਦੀਆਂ ਤੰਗ ਗਲੀਆਂ ਤੇ ਚੱਲ੍ਹਿਆਂ ਵਿਚ ਦੀ ਰੇੜ੍ਹੀਆਂ ਬੜੀ ਮੁਸ਼ਕਲ ਨਾਲ ਏਥੇ ਤੱਕ ਉੱਪੜੀਆਂ ਸਨ। ਜਦ ਮੇਰੀ ਮਾਂ ਦਾ ਰੋਣ ਕੁਰਲਾਣ ਖਤਮ ਹੋਇਆ ਤਾਂ ਮਾਮਾ ਤੁਰ ਗਿਆ। ਮੇਰੀ ਮਾਂ ਤੋਂ ਗੱਡੇ ਵਾਲਿਆਂ ਨੇ ਗੁੜ ਦੀਆਂ ਦੋ ਰੋੜੀਆਂ ਤੇ ਪਾਣੀ ਦਾ ਗਲਾਸ ਮੰਗਿਆ। ਮੇਰੀ ਮਾਂ ਗੁੜ ਤੇ ਪਾਣੀ ਦੇ ਕੇ ਨੀਰੇ ਦਾ ਟੋਕਰਾ ਮੰਗਣ ਜਾਣ ਹੀ ਲੱਗੀ ਸੀ, ਤਦ ਇਕ ਨੇ ਵਿੱਚੋਂ ਆਖਿਆ, 'ਨਹੀਂ ਭੈਣਾਂ ਸਾਡੇ ਪਾਸ ਸਭ ਕੁਝ ਐ, ਅਸੀਂ ਤਿਆਰ ਬਰ ਤਿਆਰ ਹੋ ਕੇ ਤੁਰਦੇ ਆਂ, ਬੱਸ ਭੈਣਾਂ ਸਾਨੂੰ ਤੂੰ ਤੁਰਦਾ ਕਰ। ਆਪਣਾ ਨਿੱਕੜ ਸੁੱਕੜ ਲਾਹ ਲੈ।

'ਨਹੀਂ ਭਾਈ, ਮੈਂ ਇਉਂ ਨਹੀਂ ਜਾਣ ਦੇਂਦੀ, ਰੋਟੀ ਟੁੱਕ ਪਕਾਂਦੀ ਆਂ, ਖਾ ਪੀ ਕੇ ਜਾਣਾ।

ਆਖਿਰ ਛੋਟੇ ਮੋਟੇ ਤਕਰਾਰ ਮਗਰੋਂ ਤੇ ਸਾਮਾਨ ਲਾਹੁਣ ਮਗਰੋਂ ਵਾਣ ਵੱਟੂ ਬੈਠ ਗਏ। ਚੁੱਲ੍ਹੇ 'ਚ ਮੇਰੀ ਮਾਂ ਨੇ ਅੱਗ ਬਾਲਣੀ ਸ਼ੁਰੂ ਕਰ ਦਿੱਤੀ। ਟੁੱਟਾ ਜਿਹਾ ਬੋੜਾ ਚੁੱਲ੍ਹਾ, ਇਕ ਰੂੜਾ ਘੜਾ, ਟੁੱਟਿਆ ਜਿਹਾ ਤਵਾ-ਚੌਂਕੋ ਤੇ ਜਿਵੇ ਭੂਤਾਂ ਆ ਕੇ ਫਿਰਦੀਆਂ ਹੋਣ, ਖੁਰਚਣਾ, ਖੁਰਚਣੇ ਦੀ ਟੁੱਟੀ ਡੰਡੀ, ਭੂਕਣੀ, ਬਾਂਸ ਦੀ ਭੂਕਣੀ ਦੇ ਟੁੱਟੇ ਸਿਰੇ ਤੇ ਇਕ ਤਾਰ ਵਲ੍ਹੇਟੀ ਹੋਈ ਸੀ।

ਮੈਂ ਹਰ ਗੱਲ ਵੱਲ ਇਕ ਉਪਰਾਮ ਦ੍ਰਿਸ਼ਟੀ ਨਾਲ ਵੇਖ ਰਹੀ ਸਾਂ। ਉਹ ਭੀ ਜ਼ਮਾਨਾ ਸੀ ਜਦ ਮੈਨੂੰ ਇਨ੍ਹਾਂ ਦਾ ਖਿਆਲ ਤੱਕ ਨਹੀਂ ਆਉਂਦਾ ਹੁੰਦਾ ਸੀ, ਹੁਣ ਪਤਾ ਨਹੀਂ ਇਨ੍ਹਾਂ 'ਚ ਦਿਲਚਸਪੀ ਕਿਉਂ ਵਧਦੀ ਜਾ ਰਹੀ ਸੀ। ਮੇਰੀ ਮਾਂ ਨੇ ਮੈਨੂੰ ਆਟਾ ਲੱਭ ਕੇ ਗੁੰਨ੍ਹਣ ਲਈ ਆਖਿਆ, ਮੈਂ ਟੁੱਟੇ ਫੁੱਟੇ ਘਸਮੈਲੇ, ਮਟਮੈਲੇ, ਪੀਪੇ ਟੋਂਹਦੀ ਰਹੀ, ਆਖਿਰ ਮੈਨੂੰ ਇਕ ਘੜੇ 'ਚੋਂ ਆਟੇ ਦੀਆਂ ਪੰਜ ਸੱਤ ਮੁੱਠੀਆਂ ਲੱਭੀਆਂ, ਜਿਨ੍ਹਾਂ 'ਚ ਜਾਲਾ ਪਿਆ

ਹੋਇਆ ਸੀ। ਪੁਰਾਣੇ ਆਟੇ ਨੂੰ ਤਾਂ ਮੇਰੀ ਮਾਂ ਨੇ ਛੋਟਿਆਂ ਦੇ ਨੀਰੇ 'ਚ ਪਾ ਦਿੱਤਾ ਤੇ ਆਪ ਇਕ ਛੰਨਾ ਭਰਾ ਕੇ ਗੁਆਂਡੋਂ ਆਟਾ ਲੈ ਆਈ। ਮੈਂ ਆਟਾ ਗੁੰਨ੍ਹਦੀ ਰਹੀ ਤੇ ਮੇਰੇ ਖਿਆਲ ਜਿਨ੍ਹਾਂ 'ਤੇ ਮੇਰਾ ਕਦੇ ਭੀ ਕਾਬੂ, ਨਹੀਂ ਰਿਹਾ ਸੀ, ਇਸ ਦੁੱਖ ਸਮੇਂ ਭੀ ਦਗਾ ਦੇ ਰਹੇ ਸਨ,ਇਕ ਬਦਤਮੀਜ਼ੀ ਤੇ ਬਦਮਾਸ਼ੀ ਕਰ ਰਹੇ ਸਨ, ਮੈਂ ਸੋਚ ਰਹੀ ਸਾਂ, ਮੈਨੂੰ ਭੀ ਇੰਝ ਕੋਈ ਗੁੰਨ੍ਹੇ ਗਾ ਤੇ ਫੇਰ ਉਹ ਰਾਤ, ਜਿਸ ਰਾਤ ਡੱਭਰਾਂ ਤੋਂ ਆਏ ਸ਼ਰਾਬੀ ਮੇਰੀ ਮਾਂ ਨੂੰ ਪੈ ਗਏ ਸਨ....ਨਹੀਂ ਇਹ ਸਭ ਕੁਝ ਬੇਲੋੜਾ ਹੈ, ਜਾਲੇ ਪਏ ਆਟੇ ਵਰਗਾ ਹੈ, ਜਿਸ ਨੂੰ ਡੰਗਰ ਖਾਂਦੇ ਹਨ ਨਹੀਂ ਇਹ ਸਭ ਸੱਚ ਹੈ, ਇਹ ਮੇਰੇ ਖਿਆਲਾਂ ਦੀ ਬਦਤਮੀਜ਼ੀ.... ਇਹ ਮੇਰੇ ਖਿਆਲਾਂ ਦੀ ਬਦਮਾਸ਼ੀ। ਇਹ ਕਿਹੋ ਜਿਹਾ ਭਾਰੀ ਭਾਰੀ ਦਿਨ ਸੀ, ਚੁੱਪ ਚੁੱਪ ਮੌਸਮ। ਗਲੀ 'ਚ ਵਸਦਾ ਕੱਲਾ ਕਹਿਰਾ ਘਰ, 'ਕੱਲੇ ਕਹਿਰੇ ਦਾ ਇਕ ਅੱਧ ਜੁਆਕ, ਇਹ ਕਿਹੋ ਜਹੀ ਗਲੀ ਹੈ। ਬਦਸ਼ਗਨ ਸਮੇਂ, ਬਦਸ਼ਗਨ ਸਮੇਂ ਦਾ ਬਦਸ਼ਗਨ ਰੰਗ ਕਦੇ ਕਦੇ ਫਿੱਕਾ ਪੈਂਦਾ, ਜਦ ਮੈਨੂੰ ਮੇਰੀਆਂ ਦੋ ਵੱਡੀਆਂ ਭੈਣਾਂ ਦੇ ਵਸਦੇ ਘਰਾਂ ਦਾ ਚੇਤਾ ਪੈਂਦਾ। ਇਹ ਉੱਜੜਿਆ ਘਰ, ਇਹ ਉੱਜੜੀ ਜ਼ਿੰਦਗੀ ਤੇ ਫੇਰ ਮੇਰਾ ਖਿਆਲ ਇਕ ਪੀਂਘ ਚੜ੍ਹਾਉਂਦਾ, ਮੇਰਾ ਘਰ ਹੋਵੇਗਾ, ਮੇਰੇ ਘਰ ਆਲਾ ਇਸ ਖਿਆਲ ਨਾਲ ਮੈਂ ਤਿਲਕ ਜਿਹੀ ਜਾਂਦੀ ਤੇ ਇਕ ਦਮ ਜਿਵੇਂ ਥੂ ਕੌੜੀ ਕਹਿ ਕੇ ਖਿਆਲ ਬਦਲ ਜਾਂਦਾ, ਮੇਰੀ ਮਾਂ ਦਾ ਭੀ ਘਰ ਸੀ ਉਸ ਦਾ ਵੀ ਘਰ ਵਾਲਾ ਸੀ। ਕੋਟਲੇ ਆਲੇ ਬਿਸ਼ਨੇ ਚੌਧਰੀ ਦਾ ਮੁੰਡਾ, ਉਹ ਸਿਰਕੱਢ ਪਾਰਟੀ ਅਸੀਂ ਅੱਜ ਰੋਟੀ ਤੋਂ ਵਾਂਝੇ ਗਰੀਬ ਤੇ ਅਮੀਰ ਮੇਰਾ ਦਿਮਾਗ ਇਸ ਬਿੰਦੂ ਤੋਂ ਛੜੱਪਾ ਮਾਰ ਕੇ ਇਉਂ ਭੱਜ ਜਾਂਦਾ ਜਿਵੇਂ ਸਾਡੇ ਕਾਲਜ ਦਾ ਗੁਰਿੰਦਰ ਦਾ ਆਫ਼ ਸਟੈੱਪ ਤੇ ਜੰਪ ਕਰਦਾ ਹੁੰਦਾ ਸੀ, ਗੁਰਿੰਦਰ ਨਾਲ ਭੀ ਤਾਂ ਮੈਂ ਤਿੰਨ ਚਾਰ ਮਹੀਨੇ ਉਲਝੀ ਰਹੀ ਸਾਂ, ਤੇ ਜਦ ਗੁਰਿੰਦਰ ਦਾ ਆਫ਼ ਸਟੈੱਪ ਜੰਪ ਘਟ ਗਿਆ ਸੀ ਮੈਨੂੰ ਕਿੰਨਾ ਸੁਆਦ ਆਇਆ ਸੀ, ਉਹ ਬੁੱਲ੍ਹ ਅਟੇਰੀ ਵਿਕਟਰੀ ਸਟੈਂਡ ਤੇ ਨੰਬਰ ਤਿੰਨ ਤੇ ਖੜ੍ਹਾ ਸੀ, ਵਿਕਟਰੀ ਮੁਕਟ ਪਹਿਨ ਕੇ ਸ਼ਾਇਦ ਦਿਆਲ ਹੱਸ ਕੇ ਗੁਰਿੰਦਰ ਨੂੰ ਮੇਰੇ ਬਾਰੇ ਹੀ ਕੁਝ ਕਹਿ ਰਿਹਾ ਸੀ। ਜੀ ਕੀਤਾ, ਹੁਣ ਦਿਆਲ ਨਿਕਲ ਨਾ ਜਾਵੇ, ਪਰ ਦਿਆਲ ਤਾਂ ਲੱਕੜ ਸੀ, ਰੇਰੂ ਦੀ ਲੱਕੜ, ਇਸ 'ਚ ਤਾਂ ਕੋਈ ਫਾਲ ਘੁਸਦੀ ਹੀ ਨਹੀਂ, ਮੈਂ ਇਸ ਅੰਦਰ ਕਿਵੇਂ

ਜਾਵਾਂ....ਪਿੱਛੇ ਪੈ ਗਈਆਂ ਗੱਲਾਂ ਸਨ ਇਹ ਸਭ ਅਗਾਂਹ ਸੋਚ ਰਹੀ ਸਾਂ ਕੀ ਹੋਣ ਵਾਲਾ ਹੈ।

ਰੇੜ੍ਹੇ ਵਾਲੇ ਤੁਰ ਗਏ, ਦੋ ਦੋ ਗੁੱਲੀਆਂ ਜਿਹੜੀਆਂ ਬਚੀਆਂ ਅਸੀਂ ਸਭ ਨੇ ਵੰਡ ਕੇ ਖਾ ਲਈਆਂ। ਮੈਂ ਤੇ ਮੇਰੀ ਮਾਂ ਨੇ ਸਬਰ ਕੀਤਾ, ਪਾਣੀ ਪੀਤਾ, ਕਿੱਥੇ ਇਹ ਰੁੱਖੀਆਂ, ਮਿੱਸੀਆਂ ਗੁੱਲੀਆਂ ਕਿਥੇ ਕਾਲਿਜ ਦੀ ਟਕਸ਼ਾਪ ਦੇ ਰਸਗੁਲੇ, ਗੁਲਾਬ ਜਾਮਨਾਂ, ਗਰਮ ਗਰਮ ਨਰਮ ਨਰਮ ਸਮੋਸੇ, ਜ਼ਿੰਦਗੀ ਤੇਜ਼ ਤੇਜ਼ ਕਿੰਨੇ ਮੋੜ ਮੁੜ ਰਹੀ ਸੀ, ਕਿੰਨੇ ਮੋੜ ਮੁੜ ਚੁੱਕੀ ਸੀ।

ਮੈਂ ਤੇ ਮੇਰੀ ਮਾਂ ਸਾਰਾ ਦਿਨ ਬਹੁਕਰ ਬਹਾਰੀ ਕਰਦੇ ਰਹੇ, ਗੁਆਂਢੋਂ ਪਾਣੀ ਦੀਆਂ ਬਾਲਟੀਆਂ ਢੋਂਹਦਿਆਂ ਮੇਰੀਆਂ ਪਿੰਜਣੀਆਂ ਦੁਖਣ ਲਗ ਪਈਆਂ ਸਨ, ਮੇਰੀਆਂ ਪਿੰਜਣੀਆਂ ਗੋਲ ਗੋਲ, ਗੋਰੀਆਂ ਗੋਰੀਆਂ, ਟਸ ਟਸ ਕਰਦੀਆਂ ਪਿੰਜਣੀਆਂ ਕੋਈ ਗੱਲ ਚੇਤੇ ਆਉਂਦੀ ਆਉਂਦੀ ਹਟ ਗਈ, ਜਿਵੇਂ ਕਈ ਵਾਰ ਛਿੱਕ ਆਉਂਦੀ ਆਉਂਦੀ ਹੱਟ ਜਾਂਦੀ ਹੈ, ਸਿਰ ਭਾਰੀ ਭਾਰੀ ਹੋ ਜਾਂਦਾ ਹੈ, ਇੰਜ ਹੀ ਮੇਰਾ ਦਿਲ ਭਾਰੀ ਭਾਰੀ ਹੁੰਦਾ ਬਚਦਾ ਰਿਹਾ, ਕਿਉਂਕਿ ਮੈਂ ਸਰੀਰਕ ਤੌਰ ਤੇ ਥਕਾਵਟ ਮਹਿਸੂਸ ਕਰਦੀ ਸਾਂ। ਛੜਕਾ ਕਰਕੇ ਕੰਧਾਂ ਸਾਫ ਕਰਕੇ ਬਾਹਰ ਧੁੱਪ ਵਿੱਚ ਕੱਪੜੇ ਖਿਲਾਰ ਕੇ, ਪੀਪੇ ਪੀਪੀਆਂ ਧੋ ਕੇ ਮੇਰੀ ਮਾਂ, ਹਫ ਰਹੀ ਸੀ, ਦਮੋਂ ਬਾਹਰ ਹੁੰਦੀ ਜਾ ਰਹੀ ਸੀ। ਮੈਂ ਤੇ ਮੇਰੀ ਮਾਂ, ਮੇਰੇ ਮਾਮੇ ਨੇ ਕਿੰਨਾ ਨਿੱਕੜ ਸੁੱਕੜ ਜਮ੍ਹਾ ਕਰ ਰੱਖਿਆ ਸੀ, ਸਭ ਸੁਆਹ ਖੇਹ ਅਸੀਂ ਇਕ ਪਾਸੇ ਜਮ੍ਹਾ ਕਰ ਦਿਤਾ। ਮੰਜੇ ਮੰਜੀਆਂ ਦੀਆਂ ਦੋਣਾਂ ਕੱਸੀਆਂ, ਇਹ ਸਭ ਕੁਝ ਕਰਦਿਆਂ ਇਕ ਅਨੋਖੀ ਗੱਲ ਵਾਪਰੀ, ਮੈਂ ਥੱਕ ਟੁੱਟ ਕੇ ਅੰਦਰਲੇ ਮੰਜੇ ਤੇ ਜਾ ਡਿੱਗੀ, ਓਪਰੇ ਘਰ 'ਚ ਭੈਅ ਲਗਦਾ ਸੀ, ਪਰ ਥਕਾਵਟ ਵਿਚ ਸਰੀਰ ਨੂੰ ਦਿਮਾਗ ਨੂੰ ਕੁਝ ਨਹੀਂ ਪਤਾ ਸੀ, ਇਕ ਮਿੱਠੀ ਮਿੱਠੀ ਨੀਂਦ ਆਈ ਤੇ ਮੈਂ ਲਿਟ ਗਈ।

ਸੌਂ ਕੇ ਜਦ ਮੈਂ ਠੀ ਘਰ ਦਾ ਕੁਝ ਕੁਝ ਮੂੰਹ-ਮੁਹਾਂਦਰਾ ਨਿੱਖਰਿਆ ਨਿੱਖਰਿਆ ਲੱਗਿਆ। ਅੰਦਰਲੇ ਹਨੇਰੇ ਕਮਰੇ 'ਚ ਇਕ ਅਟੈਚੀ ਪਿਆ ਸੀ, ਅਟੈਚੀ ਤੇ ਕਾਗਜ਼ ਦੇ

ਫਲਾਂ ਦੇ ਤਿੰਨ ਫੁਲਦਾਨ ਫੁੱਲਦਾਨਾਂ ਦੇ ਬਰੀਕ ਬਰੀਕ ਫੁੱਲ, ਇਸ ਮਹਾਂ ਗੰਦ 'ਚ ਸੁਹੱਪਣ। ਮੇਰੇ ਅੰਦਰ ਕੁਰ ਕੁਰੀ ਸੀ ਤੇ ਮੈਂ ਅਟੈਚੀ ਵੱਲ ਵਧੀ, ਫੁੱਲਦਾਨ ਪਾਸੇ ਰੱਖੇ, ਹੈਰਾਨ ਸਾਂ ਫੁੱਲਾਂ ਤੇ ਤਿਲ ਭਰ ਭੀ ਮਿੱਟੀ ਨਹੀਂ ਸੀ। ਕਿੰਨੇ ਸਾਫ਼ ਸਾਫ਼ ਫੁੱਲਦਾਨ, ਅਟੈਚੀ ਤੇ ਇਕ ਚਿੱਟਾ ਗਲਾਫ਼, ਜੇਰਾ ਕਰਕੇ ਗਲਾਫ ਉਤਾਰਿਆ, ਅਟੈਚੀ ਖੋਲ੍ਹਿਆ, ਅਟੈਚੀ ਖੋਲ੍ਹਦਿਆਂ ਹੀ ਮੇਰੀਆਂ ਅੱਖਾਂ ਟੱਡੀਆਂ ਰਹਿ ਗਈਆਂ ਏਨੇ ਨੂੰ ਮੇਰੀ ਮਾਂ ਭੀ ਅੰਦਰ ਆ ਗਈ, ਅਟੈਚੀ ਦੀ ਇਕ ਇਕ ਵਸਤੂ ਇਕ ਇਕ ਪਿਆਰਾ ਜਿਗਰੀ ਟੋਟਾ ਲੱਗ ਰਿਹਾ ਸੀ। ਜਿਗਰ ਦਾ ਟੋਟਾ ਹੀ ਤਾਂ ਹੁੰਦੇ ਹਨ ਬੱਚੇ। ਕਿੰਨੀਆਂ ਖੇਲਾਂ ਸਨ, ਨਿੱਕੇ ਨਿੱਕੇ ਫਰਾਕ, ਨਿੱਕੀਆਂ ਨਿੱਕੀਆਂ ਨਿੱਕਰਾਂ, ਨਿੱਕਾ ਜਿਹਾ ਇਕ ਚਮਚਾ, ਨਿੱਕੀ ਜਿਹੀ ਗਲਾਸੀ, ਪਿੱਤਲ ਦੀ ਨਿੱਕੀ ਜਹੀ ਗੜਵੀ, ਨੈਣਾਂ ਦੇਵੀ ਵਾਲੇ ਰੰਗ ਬਿਰੰਗੇ ਹਾਰ ਜਿਨ੍ਹਾਂ ਦਾ ਰੰਗ ਫਿੱਕਾ ਪੈ ਚੁੱਕਿਆ ਸੀ, ਨਿੱਕਾ ਜਿਹਾ ਇਕ ਬੂਟਾਂ ਦਾ ਜੋੜਾ, ਇਕ ਛੋਟੀ ਜਹੀ ਬੁਨੈਣ। ਸ਼ਾਮ ਹੋ ਚੱਲੀ ਸੀ, ਮੇਰੀ ਮਾਂ ਦੀ ਭੁੱਬ ਨਿਕਲ ਗਈ ਜਿਵੇਂ ਉਹ ਸਭ ਸਮਝ ਗਈ ਸੀ, ਸਮਝ ਰਹੀ ਸੀ। ਮੇਰੀਆਂ ਨਿੱਕੀਆਂ ਨਿੱਕੀਆਂ ਭੈਣਾਂ ਜਿਹੜੀਆਂ ਅਜੇ ਤੱਕ ਸੁੱਤੀਆਂ ਪਈਆਂ ਸਨ, ਮੇਰੀ ਮਾਂ ਦੇ ਰੋਣ ਨਾਲ ਜਾਗ ਪਈਆਂ ਤੇ ਮੇਰੀ ਮਾਂ ਦੇ ਨੇੜੇ ਸਹਿਮ ਕੇ ਬੈਠ ਗਈਆਂ ਸਨ। ਰਾਤ ਦੇ ਹਨੇਰੇ 'ਚ ਪ੍ਰੇਤ ਪ੍ਰਛਾਵੇਂ ਦੇ ਸਿਰ ਤੇ ਇਕ ਪੰਡ ਸੀ, ਰਸੀ ਵਿੱਚ ਪਰੋਈਆਂ ਹੋਈਆਂ ਪੀਪੀਆਂ, ਇਹ ਪ੍ਰੇਤ ਪ੍ਰਛਾਵਾਂ ਮੇਰਾ ਮਾਮਾ ਬਿਰਜੂ ਹੀ ਤਾਂ ਸੀ। ਮੇਰੀ ਮਾਂ ਨੇ ਅਗਾਂਹ ਹੋ ਕੇ ਮਾਮੇ ਦੇ ਸਿਰ ਤੋਂ ਪੰਡ ਫੜੀ। ਮਾਮੇ ਨੇ ਗਲ ਚੋਂ ਪੀਪੀਆਂ ਦਾ ਪਰੋਇਆ ਹੋਇਆ ਗਾਤਰਾ ਲਾਹ ਕੇ ਧਰਤੀ ਤੇ ਟਿਕਾ ਦਿਤਾ। ਪੀਪੀਆਂ ਦਾ ਗਾਤਰਾ ਲਾਂਹੁੰਦਿਆਂ ਮੇਰੇ ਮਾਮੇ ਦੀ ਐਨਕ ਇਕ ਕੰਨ ਤੋਂ ਲਹਿ ਗਈ, ਮੈਂ ਆਪਣੇ ਮਾਮੇ ਦੀ ਐਨਕ ਠੀਕ ਕਰਨ ਲੱਗੀ ਉਸ ਦੇ ਸਾਹ ਸ਼ਰਾਬੀ ਸਨ ਮੈਂ ਸਮਝ ਗਈ ਮਾਮਾ ਭੀ ਸ਼ਰਾਬ ਪੀਂਦਾ ਹੈ, ਪਰ ਇਹ ਕੀ ਇਸ ਦੇ ਪੈਰਾ 'ਚ ਉਲਾਰ ਉਲੂਰ ਨਹੀਂ ਬੋਲਾਂ 'ਚ ਗਾਲਾਂ ਨਹੀਂ ਮੇਰੇ ਮਾਮੇ ਨੇ ਨਾ ਕੋਈ ਗਾਲ ਕੱਢੀ ਨਾ ਦੁਪੱੜ, ਮਲੱਕੜੇ ਜਿਹੇ ਅੰਦਰਲੇ ਕਮਰੇ 'ਚ ਚਲਿਆ ਗਿਆ, ਅਟੈਚੀ ਦੇ ਨਿੱਕ ਸੁੱਕ ਨੂੰ ਵੇਖਦਾ ਰਿਹਾ, ਜਿਵੇਂ ਇਹ ਉਸ ਦੀ ਸ਼ਾਮ ਦੀ ਸੰਧਿਆ ਅਰਚਣਾ ਹੁੰਦੀ ਹੈ। ਅਟੈਚੀ ਵੱਲ ਵੇਖਦਿਆ ਵੇਖਦਿਆਂ ਉਸਦੇ ਲਾਲ ਲਾਲ ਬੁਸੇ ਬੁਸੇ

ਥੱਕੇ ਥੱਕੇ ਨੇਤਰਾਂ ਚੋ ਜਿਹੜੇ ਸਰ੍ਹੋਂ ਦੇ ਦੀਵੇ ਦੀ ਚਲਕੋਰ ਨਾਲ ਹੋਰ ਲਾਲ ਜਾਪਦੇ ਸਨ, ਚਿੱਟਾ ਚਿੱਟਾ ਪਾਣੀ ਡਿੱਗ ਪਿਆ। ਡਿਗਦਾ ਰਿਹਾ ਉਸਨੂੰ ਵੇਖ ਕੇ ਮੇਰੀਆਂ ਅੱਖਾਂ 'ਚੋਂ ਭੀ ਕੋਸਾ ਪਾਣੀ ਵਹਿ ਤੁਰਿਆ। ਕੋਸੇ ਕੋਸੇ ਨਵੇਂ ਨਵੇਂ ਅਨੁਭਵ ਮੈਂ ਪ੍ਰਾਪਤ ਕਰ ਰਹੀ ਸਾਂ। ਮੇਰੀ ਮਾਂ ਮੇਰੇ ਮਾਮੇ ਦੇ ਹੱਥ ਪੈਰ ਧੋਣ ਲਈ ਗਰਮ ਪਾਣੀ ਲੈਣ ਚਲੀ ਗਈ, ਗਰਮ ਪਾਣੀ ਦਾ ਕੁਜੜਾ ਤੇ ਬੱਠਲ ਚੁੱਕੀ ਮੇਰੀ ਮਾਂ ਆ ਗਈ, ਮੈਂ ਸੁੰਨ ਸੁੰਨ ਇਹ ਸਾਰਾ ਸੀਨ ਵੇਖ ਰਹੀ ਸਾਂ, ਮੇਰੀ ਮਾਂ ਦੇ ਹੱਥ ਕੁਜੜਾ ਤੇ ਬੱਠਲ। ਮੇਰੇ ਮਾਮੇ ਦੀਆਂ ਨਜ਼ਰਾਂ ਅਟੈਚੀ ਕੇਸ ਦੀਆਂ ਖਿਲਰੀਆਂ ਵਸਤਾਂ ਤੇ ਵਿਛੀਆਂ ਪਈਆਂ ਸਨ ਤੇ ਫੇਰ ਮੇਰੇ ਮਾਮੇ ਨੇ ਸਾਹਮਣੇ ਪਈ ਮੰਜੀ ਤੇ ਮੇਰੀ ਤਿੰਨ ਕੁ ਸਾਲ ਦੀ ਭੈਣ ਨੂੰ ਚੁੱਕ ਲਿਆ ਤੇ ਉਸ ਬੱਚੀ ਨੂੰ ਆਪਣੇ ਉੱਪਰ ਲਿਟਾ ਕੇ ਉਸ ਮੰਜੀ ਤੇ ਹੀ ਨਿਸਲ ਗਿਆ, ਉਸ ਦੇ ਹੰਝੂ ਸੁੱਕ ਚੁੱਕੇ ਸਨ, ਮੈਂ ਵੇਖਿਆ ਉਸ ਦੇ ਗੋਡਿਆਂ ਤੱਕ ਧੂੜ ਚੜ੍ਹੀ ਪਈ ਸੀ। ਉਸ ਦੇ ਮੂੰਹ ਮੱਥੇ ਤੇ ਗਰਦ ਉਸਦੀਆਂ ਭਿੱਫਣਾ 'ਚ ਮਿੱਟੀ, ਬਿਰਜੂ ਮਾਮੇ ਦੀ ਅਧਕਚਰੀ ਜਹੀ ਦਾਹੜੀ 'ਚ ਭੀ ਘੱਟਾ ਸੀ। ਮੇਰੀ ਮਾਂ ਗਰਮ ਪਾਣੀ ਦਾ ਕੁਜੜਾ ਲਈ ਖੜ੍ਹੀ ਰਹੀ। ਮੈਂ ਸੋਚਦੀ ਰਹੀ, ਪਰ ਬਿਰਜੂ ਮਾਮਾ ਕੁਝ ਮਿੰਟਾਂ ਬਾਅਦ ਹੀ ਘਰਾੜੇ ਮਾਰ ਰਿਹਾ ਸੀ। ਮੇਰੇ ਮਾਮੇ ਦੀ ਚਿੱਤਖੜਿਬੀ ਸ਼ਕਲ ਸ਼ਾਂਤ ਸੀ ਪਰ ਮੇਰੀ ਮਾਂ ਸੋਚ ਸੋਚ ਤੜਪ ਰਹੀ ਸੀ, ਇਹ ਮੇਰਾ ਭਰਾ ਜਿਸ ਨੂੰ ਅਸੀਂ ਸੌ ਸੌ ਸੁੱਖਣਾ ਸੁੱਖ ਸੁੱਖ ਚੁੱਕਦੀਆਂ ਹੁੰਦੀਆਂ ਸਾਂ ਚੁੱਕਣ ਖਾਤਰ ਲੜ ਪੈਂਦੀਆਂ ਸਾਂ, ਜਦੋਂ ਇਹ ਤੁਰ ਜੋਗਾ ਹੋ ਗਿਆ ਤਦ ਭੀ ਚੁੱਕਦੀਆਂ ਰਹੀਆਂ ਸਾਂ, ਸੌ ਸੌ ਉਪਰਾਲੇ ਕਰਦੀਆਂ ਕਿਤੇ ਨਜ਼ਰ ਨਾ ਲੱਗ ਜਾਵੇ, ਮੇਰੀ ਮਾਂ ਮਾਮੇ ਬਿਰਜੂ ਤੋਂ ਥੋੜ੍ਹੀ ਕੁ ਵੱਡੀ ਸੀ, ਸੋ ਮਾਮੇ ਬਿਰਜੂ ਨੂੰ ਮੇਰੀ ਮਾਂ ਨਾਲ ਖੇਡਕੇ ਸੁਆਦ ਮਿਲਦਾ, ਤੇ ਫੇਰ ਮਾਂ ਨੂੰ ਉਹ ਦਿਨ ਯਾਦ ਆਇਆ ਜਦ ਜਿਸ ਦਿਨ ਉਸਦਾ ਭਰਾ ਘੋੜੀ ਚੜ੍ਹਿਆ ਸੀ ਤੇ ਮੇਰੀ ਮਾਂ ਦਾ ਬਾਪ, ਉਸ ਦੇ ਪੈਰ ਧਰਤੀ ਤੇ ਨਹੀਂ ਲਗਦੇ ਸਨ। ਕਬੂਤਰੀ ਵਰਗੀ ਮੇਰੀ ਮਾਂ ਦੀ ਭਾਬੀ ਤੇ ਉੱਪਰਥਲੀ ਦੀ ਸੰਤਾਨ, ਮਾਮੇ ਬਿਰਜੂ ਘਰ ਮੌਤਾਂ ਦਾ ਢੇਰ, ਬਾਪ ਮਰ ਗਿਆ, ਬੱਚੇ ਮਰ ਗਏ, ਭਾਬੀ ਮਰ ਗਈ ਆਹ ਦਿਨ। ਤੇ ਮੇਰੀ ਮਾਂ ਨੇ ਇਕ ਡੂੰਘਾ ਸਾਹ ਲੈਕੇ ਮੇਰੇ ਬਾਪੂ ਬਾਰੇ ਆਖਿਆ, ਉਹ ਔਂਤਰਾ ਇਸ ਵਿਚਾਰੇ ਦੀਆਂ ਟੂੰਮਾਂ ਦਬ ਗਿਆ, ਉਸਦਾ ਕੀ ਗਿਆ

ਟੁੱਟ ਗਏ ਤਾਂ ਅਸੀਂ ਭੈਣ ਭਰਾ" ਮੇਰੀ ਮਾਂ ਹੌਲੀ ਹੌਲੀ ਬੱਠਲ ਹੇਠਾਂ ਰੱਖ ਕੇ ਪੈਰ ਧੋਂਦੀ ਰਹੀ, ਡੁਸਕਦੀ ਰਹੀ, ਗੱਲਾਂ, ਪੁਰਾਣੀਆਂ ਗੱਲਾਂ ਕਰਦੀ ਰਹੀ, ਗੱਲ ਕਰਦੀ ਜਾ ਰਹੀ ਸੀ, ਹੰਝੂ ਡੁਸਕਦੀ ਦੇ ਹੰਝੂ....ਮੇਰੀ ਮਾਂ ਦੀ, ਮੇਰੇ ਮਾਮੇ ਦੀ ਇਹ ਅਵਸਥਾ, ਮੈਂ ਸਮਝ ਰਹੀ ਸਾਂ ਮੇਰੀ ਜ਼ਿੰਦਗੀ ਤੇ ਆਏ ਇਸ਼ਕ ਦਿਹਾੜੇ ਸ਼ਰਮਸਾਰ ਹੋਣ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਹੋ ਨਹੀਂ ਰਹੇ। ਕਿੱਡੀ ਵੱਡੀ ਬੇਵਸੀ ਸੀ। ਮੈਂ ਖਿਆਲਾਂ 'ਚ ਕਿਤੇ ਹੋਰ ਸਾਂ, ਕਦੇ ਕਦੇ ਮੁੜਦੀ ਤਾਂ ਵੇਖਦੀ ਮੇਰੀ ਮਾਂ ਮੇਰੇ ਮਾਮੇ ਦੇ ਪੈਰਾਂ 'ਚ ਜਿਨ੍ਹਾਂ ਦੀਆਂ ਪਤਲੀਆਂ ਤੇ ਮੋਟੀਆਂ ਮੋਟੀਆਂ ਬਿਆਈਆਂ ਸਨ, ਬਿਆਈਆਂ 'ਚ ਅੱਟੀ ਹੋਈ ਮੈਲ ਮੇਰੀ ਮਾਂ ਧੋ ਭੀ ਰਹੀ ਸੀ, ਰੋ ਭੀ ਰਹੀ ਸੀ। ਮੇਰੀ ਮਾਂ ਮੇਰੇ ਮਾਮੇ ਦੇ ਪੈਰ ਧੋਂਦੀ ਰਹੀ ਧੋਂਦੀ ਰਹੀ ਤੇ ਫੇਰ ਉਸ ਨੇ ਮੈਨੂੰ ਆਖਿਆ 'ਜਾਹ, ਕੌਲੀ 'ਚ ਸਰ੍ਹੋਂ ਦਾ ਤੇਲ ਕੋਸਾ ਕਰ ਲਿਆ, "ਕੋਸੇ ਕੋਸੇ ਸਰ੍ਹੋਂ ਦੇ ਤੇਲ ਨੂੰ ਰੂੰ ਦੇ ਫੰਬੇ ਨਾਲ ਪੈਰਾਂ ਦੀਆਂ ਬਿਆਈਆ ਤੇ ਲਾ ਕੇ ਮੋਟੇ ਸਾਰੇ ਕਪੜੇ 'ਚ ਲਪੇਟ ਦਿੱਤਾ। ਮਾਮੇ ਨੂੰ ਮੇਰੀ ਮਾਂ ਨੇ ਉਠਾਇਆ ਨਾ, ਉਹ ਸ਼ਾਇਦ ਜਾਣਦੀ ਸੀ ਸ਼ਰਾਬੀ ਨੂੰ ਰੋਟੀ ਦੀ ਬਹੁਤੀ ਲੋੜ ਨਹੀਂ ਰਹਿੰਦੀ।

ਉਹ ਤਾਂ ਰੋਟੀ ਖੇਹ ਖਰਾਬ ਕਰਕੇ ਹੀ ਖਾਂਦਾ ਹੈ, ਖੈਰ ਤੇ ਨਾਲੇ ਲਗਦਾ ਇਉਂ ਸੀ ਜਿਵੇਂ ਮੇਰੀ ਮਾਂ ਮਾਮੇ ਦੀ ਸ਼ਾਂਤ ਨੀਂਦ ਨੂੰ ਭੰਗ ਕਰਨਾ ਨਹੀਂ ਚਾਹੁੰਦੀ ਸੀ, ਮੇਰੀ ਮਾਂ ਨੇ ਮੇਰੀ ਦੂਜੀ ਨਿੱਕੀ ਭੈਣ ਨੂੰ ਜਿਹੜੀ ਚਾਰ ਕੁ ਸਾਲ ਦੀ ਸੀ, ਚੁੱਕ ਕੇ ਠੀਕ ਲਿਟਾ ਦਿੱਤਾ, ਉਹ ਇਕ ਬਿਸਤਰੇ ਤੇ ਲੁੜ੍ਹਕੀ ਪਈ ਸੀ, ਤੇ ਫੇਰ ਅਸੀਂ ਮਾਵਾਂ ਧੀਆਂ ਮੇਰੇ ਮਾਮੇ ਦੀਆਂ ਲਿਆਂਦੀਆਂ, ਖਾਲੀ ਬੋਤਲਾਂ ਤੇ ਪੀਪੀਆਂ ਨੂੰ ਗਈ ਰਾਤ ਤੱਕ ਸਾਫ ਕਰਦੀਆਂ ਰਹੀਆਂ। ਦਸ ਵੀਹ ਨਿੱਕੇ-ਨਿੱਕੇ ਪੱਕੇ ਪੱਕੇ ਰੋੜ ਬੋਤਲ 'ਚ ਪਾ ਕੇ ਹਿਲਾਂਦੀਆਂ ਰਹਿੰਦੀਆਂ, ਬੋਤਲ ਚਿੱਟੀ ਚਲਕੋਰ ਨਿਕਲ ਆਉਂਦੀ, ਉਸ ਸਮੇਂ ਮੈਨੂੰ ਤੇ ਮੇਰੀਆਂ ਥੱਕੀਆਂ ਅੱਖਾਂ ਨੂੰ ਬੜਾ ਸੁਆਦ ਆਉਂਦਾ। ਚਿੱਟੀ ਚਿੱਟੀ ਸਾਫ਼ ਸਾਫ਼ ਬੋਤਲ, ਬੋਤਲਾਂ ਦੇ ਪਤਲੇ ਪਤਲੇ ਗਲ, ਮੇਰਾ ਦਿਮਾਗ ਬੜਾ ਕੱਬਾ ਸੀ, ਬੋਤਲਾਂ ਨੂੰ ਹੀ ਕੁੜੀਆਂ ਨਾਲ ਮਿਲਾ ਰਿਹਾ ਸੀ, ਤੇ ਫੇਰ ਮੈਨੂੰ ਯਾਦ ਪਈ ਬਿੱਲੇ ਮਾਸਟਰ ਮੋਜੀ ਦੀ ਟਕੋਰ, ਤੈਨੂੰ ਪੀਣਗੇ ਨਸੀਬਾਂ ਵਾਲੇ, ਨਾਭੇ ਦੀਏ ਬੰਦ ਬੋਤਲੇ। ਟੁੱਟ ਪੈਣਾ ਝੱਭੂ ਜਿਹਾ ਕਿਵੇਂ ਜੂਤ ਪਤਾਣ ਹੋ ਕੇ

ਸਕੂਲੋਂ ਨਿਕਲਿਆ ਸੀ ਤੇ ਫੇਰ ਜਦੋਂ ਕਦੇ ਕੋਈ ਰੰਗਦਾਰ ਗੱਦਰ ਜਹੀ ਬੋਤਲ ਆ ਜਾਂਦੀ, ਤਦ ਤਾਂ ਮੈਨੂੰ ਇਕਦਮ ਕੇਸ਼ੋ ਕੀ ਸਰਲਾ ਯਾਦ ਆ ਜਾਂਦੀ। ਸਰਲਾ ਤੇ ਸਲਮਾ ਪੱਕੀਆਂ ਸਹੇਲੀਆਂ ਸਨ, ਕੌੜਤੁੰਮੇ ਵਰਗੇ ਸਰਲਾ ਦੇ ਬੋਲ ਉਸ ਨੂੰ ਕਾਲਜ 'ਚ ਕੋਈ ਮੂੰਹ ਨਹੀਂ ਲਾਉਂਦਾ ਸੀ, ਉਸ ਦੇ ਕੌੜਤੁੰਮੇ ਵਰਗੇ ਬੋਲ ਬਹੁਤੇ ਕਾਲਜੀਏਟ ਤਾਂ ਛੜੱਪਾ ਮਾਰ ਜਾਂਦੇ ਜਦ ਸਰਲਾ ਉਨ੍ਹਾਂ ਨੂੰ ਪੈਂਦੀ ਪਰ ਕਈ ਉਸ ਦੇ ਬੋਲਾਂ ਦਾ ਸੁਆਦ ਲੈਣ ਖ਼ਾਤਰ ਹੀ ਉਸ ਨੂੰ ਛੇੜਦੇ ਤੇ ਫੇਰ ਕੰਨਾਂ ਤੇ ਹੱਥ ਧਰਦੇ ਤੁਰਦੇ ਜਾਂਦੇ, ਸਰਲਾ ਸਣੇ ਕਪੜੀਂ ਮੱਚ ਜਾਂਦੀ, ਸਲਮਾ ਨੂੰ ਤਾਂ ਗੁਲਗੁਲਾ ਆਖ ਕੇ ਛੇੜਦੇ ਰਹਿੰਦੇ। ਹਰ ਨਵੇਂ ਬੰਬੇ ਫੈਸ਼ਨ 'ਚ ਸਲਮਾ ਤੇ ਸਰਲਾ ਮੋਢੀ ਸਨ, ਇਸ ਕਰਕੇ ਕਾਲਿਜ 'ਚ ਉਨ੍ਹਾਂ ਨੂੰ ਰੰਗਦਾਰ ਬੋਤਲਾਂ ਆਖ ਕੇ ਚਿੜਾਉਂਦੇ ਰਹਿੰਦੇ ਸਨ ਕਾਲਜੀਏਟ ਮੰਡੇ। ਕਾਲਜ ਵਿਚ ਕਿੰਨਾ ਹੰਗਾਮਾ ਮੱਚਿਆ ਸੀ। ਕੁੜੀਆਂ ਦੇ ਮਾਪੇ ਆਏ ਸਨ ਧੋਤੀਆਂ ਲਟਕਾਈ ਕਾਲਜ ਦੀ ਮੈਨੇਜਮੈਂਟ ਦੇ ਬਣੀਆਂ ਲੋਕ ਕਾਰਾਂ ਚੋਂ ਕਲਯੁਗੀ ਦੂਤਾਂ ਵਾਂਗ ਨਿਕਲਦੇ ਸਨ, ਜਿੱਦਣ ਪੰਜ ਸੱਤ ਥਾਵੇਂ ਗੱਤਿਆਂ ਤੇ ਲਿਖ ਕੇ ਲਾਇਆ ਹੋਇਆ ਸੀ ਤੇ ਤਸਵੀਰਾਂ ਵਾਹੀਆਂ ਹੋਈਆਂ ਸਨ ਇਕ ਕੌੜਤੁੰਮਾ ਤੇ ਇਕ ਸੂਰ ਕੌੜਤੁੰਮੇ ਨੂੰ ਖਾ ਰਿਹਾ ਹੈ। ਮਿਸਟਰ ਟੀਸ ਟੀਸ ਰੰਗਦਾਰ ਬੋਤਲਾ" ਨਾਟਕ ਪੇਸ਼ ਕਰ ਰਿਹਾ ਹੈ....ਹੇਠਾਂ ਸੱਤੇ ਨਾਂ ਲਿਖੇ ਸਨ ਪਾਤਰ ਹਨ ਸਰਲਾ, ਸਲਮਾ ਸ਼ਾਰਧਾ। ਸਲਮਾ ਮਨੇਜਮੈਂਟ ਦੇ ਪ੍ਰਧਾਨ ਦੀ ਕੁੜੀ ਜੋ ਸੀ....ਆਖਰ ਸਲਮਾ ਨੂੰ ਕਾਲਜ 'ਚੋਂ ਹਟਾ ਲਿਆ। ਬਾਣੀਆਂ ਦੀ ਕੁੜੀ ਜੋ ਠਹਿਰੀ ਊਜ ਲੱਗ ਜਾਵੇ ਅਗਲੇ ਵੀਹ ਨਗੋਚਾਂ ਕੱਢਦੇ ਹਨ। ਰੰਗਦਾਰ ਬੋਤਲਾਂ ਦਾ ਨਾਅਰਾ ਕਾਲਜ 'ਚ ਬਹੁਤ ਦਿਨ ਉੱਚਾ ਰਿਹਾ। ਟੁੱਟ ਪੈਣਾ, ਅੰਗਰੇਜ਼ੀ ਦਾ ਪ੍ਰੋਫੈਸਰ ਉਸ ਨੇ Coloured Bottles ਨਾਂ ਦੀ ਕਵਿਤਾ ਕਦੇ ਲਿਖੀ ਸੀ। ਉਸ ਨੂੰ ਭੀ ਕਾਲਿਜ 'ਚ ਕਾਫ਼ੀ ਖੱਜਲ ਖੁਆਰ ਹੋਣਾ ਪਿਆ ਸੀ। ਮੈਂ ਭੀ ਸੋਚਦੀ ਰਹੀ ਸਾਂ ਜਿਵੇਂ ਹਰ ਕੁੜੀ ਬੋਤਲ ਹੁੰਦੀ ਐ, ਚਿੱਟੀ ਬੋਤਲ, ਰੰਗਦਾਰ ਬੋਤਲ, ਲਾਲ ਬੋਤਲ, ਕਾਲੀ ਬੋਤਲ ਤੇ ਹਰ ਬੋਤਲ ਵਿਚ ਇਕ ਸ਼ਰਾਬ ਹੈ ਦੇਸੀ ਸ਼ਰਾਬ, ਬਰਾਂਡੀ, ਸੋਲਨ ਬਰਾਂਡ ਤੇ ਕਿਸੇ ਕਿਸੇ ਬੋਤਲ 'ਚ ਪੈਰਿਸ ਦੀ ਅੰਗੂਰੀ ਸ਼ਰਾਬ, ਸ਼ਰਾਬ ਦੀ ਖਾਲੀ ਬੋਤਲ ਤੇ ਫੇਰ ਮੈਨੂੰ ਬਾਪੂ ਦਾ ਕਦੇ ਕਦੇ ਖਾਲੀ ਬੋਤਲ ਨੂੰ ਵਗਾਹ ਕੇ ਸੁੱਟਣਾ ਯਾਦ ਪੈ

ਗਿਆ। ਮੇਰੀ ਮਾਂ ਭੀ ਤਾਂ ਇਕ ਸੁੱਟੀ ਹੋਈ ਸ਼ਰਾਬ ਦੀ ਖਾਲੀ ਬੋਤਲ ਹੈ, ਮੇਰਾ ਬਾਪ ਪੀਂਦਾ ਰਿਹਾ, ਪੀਂਦਾ ਰਿਹਾ, ਮੇਰੀ ਮਾਂ ਖਾਲੀ ਹੁੰਦੀ ਰਹੀ ਤੇ ਅੱਜ ਇਹ ਖਾਲੀ ਬੋਤਲ ਏਥੇ ਰੁੜ੍ਹਦੀ ਫਿਰਦੀ ਹੈ। ਆਖਰ ਨੂੰ ਅਸੀਂ ਸਾਰੀਆਂ ਬੋਤਲਾਂ ਪੀਪੀਆਂ ਸਾਫ਼ ਕਰ ਦਿੱਤੀਆਂ ਸਨ ਰਾਤ ਦੇ ਬਾਰਾਂ ਕੁ ਵੱਜ ਚੁੱਕੇ ਸਨ। ਹਰ ਨਾੜ ਟੀਸ ਟੀਸ ਕਰਦੀ ਸੀ, ਮੇਰਾ ਹਰ ਅੰਗ ਬੁਝਿਆ ਬੁਝਿਆ ਪਿਆ ਸੀ। ਇਸ ਤੋਂ ਪਹਿਲਾਂ ਕਦੀਂ ਭੀ ਇੰਨੀ ਹਮਦਰਦੀ ਮੈਂ ਆਪਣੀ ਮਾਂ ਨਾਲ ਨਹੀਂ ਕੀਤੀ ਸੀ। ਓਪਰਾ ਘਰ, ਓਪਰਾ ਸ਼ਹਿਰ, ਓਪਰ ਓਪਰੇ ਖਿਆਲ ਮੈਂ ਆਪਣੀ ਮੰਜੀ ਤੇ ਹਾਰ ਹੁੱਟ ਕੇ ਡਿੱਗੀ ਸਾਂ, ਡਿਗਦੀ ਨੂੰ ਨੀਂਦ ਨੇ ਆ ਘੇਰਿਆ। ਉਸ ਰਾਤ ਮੈਨੂੰ ਕਿਸੇ ਸੁਪਨੇ ਨੇ, ਕਿਸੇ ਉੱਸਲਵੱਟੇ ਨੇ ਨਾ ਘੇਰਿਆ।

ਅਗਲੀ ਸਵੇਰ ਜਦ ਮੈਂ ਉੱਠੀ ਧੁੱਪਾਂ ਚੜ੍ਹ ਗਈਆਂ ਸਨ, ਮੈਂ ਅੱਖਾਂ ਮਲਦੀ ਨੇ ਕੀ ਵੇਖਿਆ, 'ਚੁੱਲ੍ਹੇ ਸਾਹਮਣੇ ਪੀੜ੍ਹੀ ਤੇ ਮੇਰਾ ਮਾਮਾ ਬਿਰਜੂ ਬੈਠਾ ਹੈ, ਉਸ ਦੀ ਬੁੱਕਲ 'ਚ ਮੇਰੀ ਨਿੱਕੀ ਭੈਣ ਪਈ ਹੈ ਤੇ ਉਹ ਬਾਟੀ 'ਚ ਪਾਈ ਚਾਹ ਪੀ ਰਿਹਾ ਹੈ। ਹੌਲੀ ਹੌਲੀ ਹਮਦਰਦ ਜਹੀਆਂ ਗੱਲਾਂ ਕਰਦੇ ਮੇਰਾ ਮਾਮਾ ਤੇ ਮੇਰੀ ਮਾਂ ਚਾਹ ਦੀਆਂ ਚੁਸਕੀਆਂ ਭਰ ਰਹੇ ਹਨ।" ਛੋਟੀਆਂ ਛੋਟੀਆਂ ਪੁਲਾਂਘਾਂ ਪੁੱਟਦਿਆਂ, ਮੈਂ ਆਪਣੇ ਮਾਮੇ ਕੋਲ ਜਾ ਕੇ ਆਖਿਆ, 'ਮਾਮਾ ਜੀ ਨਮਸਤੇ, ਮੇਰੇ ਮਾਮੇ ਨੇ ਨਮਸਤੇ ਸੁਣਨ ਸਾਰ ਮੇਰੇ ਵੱਲ ਤੱਕਿਆ, ਉਸ ਦੀ ਅੱਜ ਹੁਣ ਦੀ ਤੱਕਣੀ ਵਿਚ ਸਨੇਹ ਸੀ। ਮੈਨੂੰ ਇਕਦਮ ਖਿਆਲ ਆਇਆ ਇਹ ਕੀ ਹੋ ਗਿਆ ਰਾਤੋ ਰਾਤ, ਇਹ ਕੱਲ੍ਹ ਵਾਲਾ ਮਾਮਾ ਤਾਂ ਹੈ ਨਹੀਂ ਜਿਸ ਦੇ ਮੱਥੇ ਤੇ ਵੀਹ ਤਿਊੜੀਆਂ ਸਨ, ਜਿਹੜਾ ਸਾਨੂੰ ਵੇਖ ਕੇ ਇਕਦਮ ਕਚੂਚ ਹੋ ਗਿਆ ਸੀ।

******

# 7.

ਦਿਨਾਂ ਦੇ ਫੇਰ ਫਿਰਦੇ ਰਹਿੰਦੇ ਹਨ, ਜ਼ਿੰਦਗੀ ਦੇ ਮੱਥੇ ਦਾ ਰੰਗ ਬਦਲਦਾ ਰਹਿੰਦਾ ਹੈ। ਰੇਸ਼ਮਾ ਨੂੰ ਕਾਕੜ ਨਾਲ ਪਿਆਰ ਸੀ, ਕਾਕੜ ਪਿੰਡ ਛੱਡ ਗਿਆ, ਕਾਕੜ ਦੇ ਜਾਣ ਤੇ ਰੇਸ਼ਮਾ ਨੂੰ ਉਸ ਦੇ ਵਿਛੋੜੇ ਦੀ ਸੱਟ ਵੱਜੀ। ਰੇਸ਼ਮਾ ਨੂੰ ਕਾਕੜ ਦੀ ਯਾਦ ਆਉਂਦੀ ਰਹੀ। ਅਕੇਰਾਂ ਰੇਸ਼ਮਾ ਤੇ ਨਿਹਾਲੇ ਲੰਬਰਦਾਰ ਦੀ ਨੂੰਹ ਬਾਹਰ ਮਿਸਰੂ ਦੇ ਖੂਹ ਤੇ ਸਬੱਬ ਨਾਲ ਮਿਲ ਗਈਆਂ। ਪਹਿਲਾਂ ਤਾਂ ਮਿੱਠੀਆਂ ਮਿੱਠੀਆਂ ਬਾਹਰ ਬਾਹਰ ਦੀਆਂ ਪੋਲੀਆਂ ਪੋਲੀਆਂ ਗੱਲਾਂ ਕਰਦੀਆਂ ਰਹੀਆਂ ਤੇ ਫੇਰ ਰੇਸ਼ਮਾ ਅੰਦਰ ਜਿਵੇਂ ਕਾਕੜ ਦੀ ਯਾਦ ਦਾ ਕਰੋੜਾ ਉੱਠਿਆ ਹੋਵੇ ਤੇ ਉਸ ਤੋਂ ਆਪਮੁਹਾਰੇ ਹੀ ਨਿਕਲ ਗਿਆ ਹੋਵੇ, ਕਿਉਂ ਭਾਬੀ ਪਤੈ ਤੈਨੂੰ ਉਸਦਾ....ਨਿਹਾਲੇ ਦੀ ਨੂੰਹ ਤਾਂ ਆਪ ਚਾਹੁੰਦੀ ਸੀ ਰੇਸ਼ਮਾ ਕੁੱਝ ਫੁੱਟੇ ਤੇ ਉਹ ਭੀ ਆਪਣੇ ਅੰਦਰ ਨੂੰ ਕਾਕੜ ਦੀਆਂ ਗੱਲਾਂ ਨਾਲ ਧਾਫ਼ੜ ਲਵੇ। ਨਿਹਾਲੇ ਦੀ ਨੂੰਹ ਤੇ ਰੇਸ਼ਮਾ ਖੂਹ ਦੀ ਟਾਹਲੀ ਹੇਠ ਖਾਲ ਦੀ ਵੱਟ ਤੇ ਬੈਠੀਆਂ ਕਿੰਨੀ ਦੇਰ ਤੱਕ ਆਪਣੇ ਅੰਦਰਲੇ ਹਿਜਰ ਨੂੰ ਧਾਫੜਦੀਆਂ ਰਹੀਆਂ ਸਨ। ਲੰਬਰਦਾਰ ਦੀ ਨੂੰਹ ਪਿੰਡ ਨੂੰ ਆ ਗਈ ਤੇ ਰੇਸ਼ਮਾ ਆਪਣੇ ਭਰਾਵਾਂ ਦੀ ਰੋਟੀ ਲੈ ਕੇ ਖੇਤਾਂ ਨੂੰ ਤੁਰ ਗਈ। ਰਾਹ 'ਚ ਆਉਂਦੀ ਲੰਬਰਦਾਰ ਦੀ ਨੂੰਹ ਅੰਦਰੋ ਅੰਦਰ ਨੂਣ ਵਾਂਗ ਖੁਰਦੀ ਜਾ ਰਹੀ ਸੀ, "ਕਿਹੋ ਜਿਹੀ ਮੱਖਮਲ ਵਰਗੀ ਕੁੜੀ ਐ....ਇਸ ਦਾ ਭਰਾ ਜਿਨ੍ਹਾਂ ਦੀ ਰੋਟੀ ਲੈ ਚਲੀ ਐ ਉੱਥੇ ਸੌਂਦਾ....ਪੁੱਠੇ ਦਿਨ ਨਾ ਕਿਸੇ ਤੇ ਆਉਣ, ਛੋਟੇ ਦੇ ਸਿਰ ਵਰਗੀ ਰੇਸ਼ਮਾ ਦੇ ਬਾਪ ਦੀ ਧਰਤੀ ਗੋਹਾ ਬਣੀ ਪਈ ਐ ; ਉੱਪਰਥਲੀ ਦੇ ਮੀਂਹਾਂ ਨੇ ਮੋਦਨ ਦੀ ਜ਼ਮੀਨ ਦਾ ਸੱਤਿਆਨਾਸ ਕਰਕੇ ਰੱਖਤਾ। ਰੇਸ਼ਮਾ ਦਾ ਵੱਡਾ ਭਰਾ ਦਾਨਾ ਫਰਵਾਹੀ ਵਾਲੇ ਮੁਕੰਦੇ ਮਿਸਤਰੀ ਨਾਲ ਮੰਡੀ ਨਿੱਤ ਦਿਹਾੜੀ ਤੇ ਜਾਂਦਾ। ਦਿਹਾੜੀ ਤੇ ਜਾਂਦਿਆਂ ਤੇ ਦਿਹਾੜੀ ਤੋਂ ਆਉਂਦਿਆਂ ਖ਼ੱਦਰ ਦੇ ਮੁੱਕੇ ਨਾਲ, ਦਾਨਾ ਆਪਣਾ ਮੂੰਹ ਲੁਕੋ ਜਿਹਾ ਲੈਂਦਾ। ਦਿਨ ਭਰ ਦਿਹਾੜੀ ਕਰਦਾ ਤੇ ਤਾਂ ਜਾ ਕੇ ਚਾਰ ਰੁਪਿਆਂ ਦੇ ਸਿਰ ਹੁੰਦਾ। ਘਰ ਦਾ ਨੂਣ ਪਾਣੀ ਚਲਦਾ। ਦਾਨਾ, ਇਕ ਸਾਊ ਜਿਹਾ ਮਨੁੱਖ ਕੰਮ ਕਰਕੇ ਚਾਰ ਛਿੱਲੜ ਕਮਾਉਣ 'ਚ

ਆਪਣੀ ਹੀਣਤਾ ਨਹੀਂ ਸਮਝਦਾ ਸੀ। ਦਾਨੇ ਦੇ ਦੋ ਹੋਰ ਭਰਾ ਸਨ। ਦਾਨਾ ਵੱਡਾ ਸੀ। ਦਾਨੇ ਦੇ ਤਿੰਨ ਚਾਰ ਬੱਚੇ ਸਨ। ਦਾਨੇ ਨੂੰ ਉਸ ਦੀ ਘਰਵਾਲੀ ਬਹੁਤਾ ਮੂੰਹ ਨਹੀਂ ਲਾਉਂਦੀ ਸੀ, ਕਿਉਂਕਿ ਉਸ ਦੀ ਘਰਵਾਲੀ ਦਾ ਆਪਣੇ ਛੋਟੇ ਦਿਓਰਾਂ ਨਾਲ ਅੱਖ ਮਟੱਕਾ ਸੀ, ਅੱਖ ਮੱਟਕੇ ਤੋਂ ਅਗਾਂਹ ਲੱਲੇ ਭੱਬੇ ਦੇ ਵਿਵਹਾਰ 'ਚ ਦਾਨੇ ਦੀ ਘਰ ਵਾਲੀ ਘਰ ਦੀ ਮੁੱਖਤਿਆਰਨ ਬਣ ਕੇ ਹੈਂਕੜ ਨਾਲ ਦਿਨ ਕੱਟਦੀ ਸੀ, ਓਧਰ ਦਾਨਾ ਥਿੱਬਿਆ ਥਿੱਬਿਆ ਦੱਬਿਆ ਦੱਬਿਆ ਸਮਾਂ ਟਪਾ ਰਿਹਾ ਸੀ, ਉਹ ਗੱਲ ਦਾ ਬਹੁਤਾ ਪਿੱਛਾ ਨਹੀਂ ਕਰਦਾ ਸੀ ਜੋ ਹੋ ਗਿਆ, ਚਲੋ ਹੋ ਗਿਆ ਬੱਸ ਬਹੁਤਾ ਕਰਦਾ ਤਾਂ ਇਕ ਸਬਰ ਦੀ ਘੁੱਟ ਭਰਦਾ ਕਹਿ ਛੱਡਦਾ 'ਰੱਬ ਦਾ ਭਾਣਾ ਸੀ' ਕਹਿੰਦਿਆਂ ਕਚੂਚ ਜਿਹਾ ਹੋ ਕੇ ਹਾਰ ਜਾਂਦਾ।

ਦੂਜੇ ਪਾਸੇ ਧੱਤੂ ਕਾ ਬਚਨਾ, ਬਚਨੇ ਦੀ ਤਿੰਨ ਕੁ ਵਰ੍ਹਿਆਂ ਦੀ ਭੈਣ ਸੀਤੋ ਆਪਣੇ ਤਾਏ ਦੇ ਘਰ ਰਹਿੰਦੇ ਸਨ। ਬਚਨੇ ਦਾ ਬਾਪੂ ਇਕ ਵਾਰ ਕੱਸੀ ਦਾ ਪਾਣੀ ਲਾ ਰਿਹਾ ਸੀ, ਇਕ ਖੁੱਡ ਨੂੰ ਪੈਰ ਨਾਲ ਦੱਬ ਰਿਹਾ ਸੀ, ਉਸ ਨੂੰ ਕੀੜਾ ਛੂਹ ਗਿਆ, ਵਿਚਾਰੇ ਨੇ ਬਹੁਤੇਰਾ ਗਾਰਾ ਖਾਧਾ ਪਰ ਘਰ ਨੂੰ ਭੱਜ ਪਿਆ, ਚੂਹੜੇ ਗਾਰੜੂ ਕੋਲ ਭੱਜ ਆਉਣ ਨਾਲ ਖ਼ੂਨ ਦਾ ਦੌਰਾ ਤੇਜ਼ ਹੋ ਗਿਆ ਤੇ ਚੂਹੜੇ ਗਾਰੜੂ ਕੇ ਹੱਥਾਂ 'ਚ ਉਹ ਚਲਦਾ ਬਣਿਆ, ਇਕ ਮਹੀਨੇ ਦੇ ਵਿੱਚ ਵਿੱਚ ਬਚਨੇ ਦੀ ਮਾਂ ਭੀ ਤੁਰਦੀ ਬਣੀ। ਬਚਨਾ ਮਸਾਂ ਸੱਤ ਅੱਠ ਵਰ੍ਹਿਆਂ ਦਾ ਸੀ, ਬਚਨੇ ਤੇ ਉਸ ਦੀ ਨਿੱਕੀ ਭੈਣ ਸੀਤੋ ਨੂੰ ਉਸ ਦਾ ਤਾਇਆ ਚੁੱਕ ਲਿਆਇਆ, ਬਚਨਾ ਉਡਾਰ ਹੁੰਦਾ ਰਿਹਾ, ਸੀਤੋ ਦਾ ਮੂੰਹ ਮੁਹਾਂਦਰਾ ਨਿਕਲਦਾ ਗਿਆ ਤੇ ਬਚਨੇ ਦੀ ਤਾਈ ਦੀ ਨੀਤ ਬਦਲਦੀ ਗਈ। ਬਚਨੇ ਦੀ ਤਾਈ ਤੇਜੋ ਖੇੜੀ ਦੀ ਧੀ ਸੀ। ਤੇਜੋ ਨੇ ਵੇਖਿਆ ਤੇ ਦੋ ਕੁ ਮਹੀਨਿਆਂ ਮਗਰੋਂ ਹੀ ਬਚਨੇ ਨੂੰ ਤੇ ਸੀਤੋ ਨੂੰ ਗਾਲਾਂ ਦੇਣ ਲਗ ਪਈ, ਗਾਲਾਂ ਦੇਂਦੀ ਆਪਣੇ ਘਰਵਾਲੇ ਨੂੰ ਭੀ ਧਨੇਸੜੀ ਦੇ ਜਾਂਦੀ, 'ਆਹ ਲਾਤੀ ਸੁਤੌਲ ਦੱਦ ਮੈਨੂੰ।" ਨਿੱਕੇ ਨਿੱਕੇ ਬੱਚੇ ਬਚਨਾ ਤੇ ਉਸਦੀ ਭੈਣ ਸੀਤੋ, ਬਚਨਾ ਬਾਹਰ ਡੰਗਰ ਚਾਰਦਾ ਰਹਿੰਦਾ, ਸੀਤੋ ਘਰੇ ਗਾਲਾਂ ਖਾਂਦੀ ਰਹਿੰਦੀ, ਤਿੰਨ ਚਾਰ ਸਾਲ ਦੀ ਬੱਚੀ ਕਰ ਕੀ ਸਕਦੀ ਸੀ। ਤੇਜੋ ਦੇ ਮੁੰਡੇ ਕਾਫ਼ੀ ਉਡਾਰ ਸਨ, ਇਕ ਦੋ ਤਾਂ ਵਿਆਹੇ ਵਰ੍ਹੇ ਭੀ ਸਨ। ਤੇਜੋ ਨੇ ਪੈਂਤਰਾ ਬਦਲਣਾ ਸ਼ੁਰੂ ਕੀਤਾ। ਜਿਉਂ-ਜਿਉਂ ਬਚਨਾ ਵੱਡਾ ਹੁੰਦਾ ਤਿਉਂ

ਤਿਉਂ ਤੇਜੋ ਨੂੰ ਉਸ ਦੇ ਬਾਪ ਦੀ ਹਿੱਸੇ ਵਾਲੀ ਜ਼ਮੀਨ ਖੁੱਸ ਜਾਣ ਦਾ ਡਰ ਵੱਡਾ ਹੁੰਦਾ ਲਗਦਾ, ਉਹ ਆਪਣੀਆਂ ਨੂੰਹਾਂ ਨੂੰ ਹੁੱਝਾਂ ਮਾਰ ਮਾਰ ਬਚਨੇ ਨੂੰ ਟੇਟੇ ਤੇ ਚੜ੍ਹਾਈ ਰੱਖਣ ਦੀ ਮੁਹਾਰਣੀ ਪੜ੍ਹਾਉਂਦੀ ਰਹਿੰਦੀ।

ਸ਼ਰੀਕਾਂ ਦੇ ਘਰ ਪਲਦੇ ਬਚਨੇ ਨੂੰ ਕਿਸ ਨੇ ਡੋਲੇ ਦੇਣੇ ਸਨ। ਸ਼ਰੀਕਾਂ ਦੀ ਅੱਖ ਤਾਂ ਉਸ ਦੀ ਜ਼ਮੀਨ ਤੇ ਸੀ। ਉਹ ਤਾਂ ਚਾਹੁੰਦੇ ਸੀ, ਬਚਨਾ ਕੁਆਰਾ ਰਹੇ ਤੇ ਘਰ ਦੀਆਂ ਖੁਰਲੀਆਂ ਤੋਂ ਹੀ ਕੱਖ ਪੱਠਾ ਚਰਦਾ ਰਹੇ, ਜੱਟ ਨੂੰ ਜ਼ਮੀਨ, ਜਾਨ ਨਾਲੋਂ ਭੀ ਵੱਧ ਪਿਆਰੀ ਹੁੰਦੀ ਐ। ਪਰ ਨਿਹਾਲੇ ਲੰਬਰਦਾਰ ਨੇ-ਆਪਣੇ ਕੁੜਮਾਂ ਨਾਲ ਮਿਲ ਮਿਲਾ ਕੇ ਬਚਨੇ ਦੀ ਰੇਸ਼ਮਾ ਨਾਲ ਤੇਤੀ ਸੌ ਚ ਗੱਲ ਪੱਕੀ ਕਰਵਾ ਦਿੱਤੀ, ਸੱਤ ਸੌ ਸਿੱਧੇ ਪੇਤੇ ਦਾ। ਨਿਹਾਲੇ ਦੀ ਨੂੰਹ ਨੂੰ ਸਾਰਾ ਪਤਾ ਲਗਦਾ ਰਹਿੰਦਾ ਸੀ। ਮੋਦਨ ਦੇ ਘਰ ਦੋ ਮਹੀਨੇ ਭੇੜ ਪੈਂਦਾ ਰਿਹਾ। ਮੋਦਨ ਦਾ ਵੱਡਾ ਮੁੰਡਾ ਦਾਨਾ ਆਖਦਾ ਰਿਹਾ, "ਮੈਂ ਮਰ ਜੂੰ ਪਰ ਇਹ ਗਊ ਹੱਤਿਆ ਨਹੀਂ ਹੋਣ ਦੇਣੀ।' ਰੇਸ਼ਮਾ ਦੇ ਛੋਟੇ ਭਰਾ ਕਾਕੜ ਤੇ ਰੇਸ਼ਮਾ ਦੀ ਗੱਲ ਨਾਲ ਅੱਕੇ ਹੋਏ ਸਨ। ਦੂਜੇ ਪਾਸੇ, ਘਰ 'ਚ ਆਈ ਗਰੀਬੀ, ਜ਼ਮੀਨ ਹੜ੍ਹਾਂ ਨੇ ਧੋ ਸੁੱਟੀ ਸੀ। ਇਕ ਦੋ ਪਸ਼ੂਆਂ ਦਾ ਉੱਪਰਥਲੀ ਮਰ ਜਾਣਾ, ਘਰ 'ਚ ਚੂਹੇ ਭੁੱਖੇ ਮਰਦੇ ਸਨ, ਦਾਨਾ ਬਹੁਤੇਰੀ ਵਾਰ ਆਖਦਾ, 'ਕੰਜਰ ਦਿਓ ਮਰ ਜੋ, ਆਪਣੀ ਇਕੋ ਇਕ ਭੈਣ ਨੂੰ।"

ਪਰ ਦਾਨਾ ਬਰਫ ਦੀ ਡਲੀ ਵਾਂਗ ਖੁਰ ਜਾਂਦਾ, ਜਦੋਂ ਉਸ ਦੇ ਭਰਾ ਰੇਸ਼ਮਾ ਤੇ ਕਾਕੜ ਦੀ ਗੱਲ ਛੇੜ ਦੇਂਦੇ। ਉਹ ਦਿਨ ਭੁੱਲ ਗਿਆ ਜਿੱਦਣ ਆਖਦਾ ਹੁੰਦਾ ਸੀ, "ਭੈਣੇ ਦਲੀਆ ਧਰ ਲੈ ਵਿਚ ਪਾ ਲੈ ਜ਼ਹਿਰ ਦੀ ਪੁੜੀ ਤੇ ਆਪਾਂ ਸਾਰੇ ਖਾ ਲੈਂਦੇ ਆਂ। ਆਖਰ ਜਦ ਦਾਨੇ ਦਾ ਪਾਈ ਨਾ ਚੜ੍ਹਿਆ ਉਹ ਤਾਂ ਘਰੋਂ ਹੀ ਨਿਕਲ ਗਿਆ। ਮੋਦਨ ਦੇ ਘਰ ਇਕ ਤੂਫਾਨ ਜੰਮ ਪਿਆ—ਛੋਟੇ ਦੋਨੋਂ ਮੁੰਡਿਆ ਨੇ ਰਲ ਕੇ ਬੁੱਢੇ ਦੇ ਮੌਰ ਛਾਂਗ ਦਿੱਤੇ। ਮੋਦਨ ਨੂੰ ਇਹਨਾਂ ਪਿਛਲੇ ਚਾਰ ਪੰਜ ਵਰ੍ਹਿਆਂ ਨੇ ਹੀ ਸੋਟੀ ਤੇ ਕਰ ਦਿੱਤਾ ਸੀ। ਮੋਦਨ ਦੀਆਂ ਸੁੱਕੀਆਂ ਸੱਕੀਆਂ ਲੱਤਾਂ, ਚਿੱਟੀ ਚਿੱਟੀ ਸਾਊ ਸਾਊ ਦਾੜ੍ਹੀ, ਤਪਿਆ ਤਪਿਆ ਅੰਦਰ ਭਟਕਦਾ ਰਹਿੰਦਾ। ਉਹ ਭੀ ਦਿਨ ਸਨ, ਜਦੋਂ ਮੋਦਨ ਦੇ ਖੇਤਾਂ 'ਚ ਦੋ ਹਲ ਚਲਦੇ ਹੁੰਦੇ ਸਨ। ਤਿੰਨ ਪੁੱਤ ਡੰਡਿਆਂ ਵਰਗੇ, ਇਕ ਧੀ ਚੰਨ ਦੀ ਟੁਕੜੀ, ਪਿੰਡ 'ਚ ਮੋਦਨ, ਮੋਦਨ

ਹੀ ਹੁੰਦੀ ਸੀ। ਇਹ ਕੁਵੈੜੇ ਦਿਨ, ਮੋਦਨ ਮੰਜੀ ਤੋਂ ਉੱਠਦਾ, ਪਰ ਉਸ ਦੇ ਦੋ ਪੁੱਤ ਪੈਰ ਪੱਟੀ ਨਹੀਂ ਬੰਨ੍ਹਣ ਦੇਂਦੇ ਸਨ। ਦਾਨਾ ਦਸ ਵੀਹ ਦਿਨ ਬਾਹਰ ਸ਼ਹਿਰ ਮੁਕੰਦੇ ਮਿਸਤਰੀ ਨਾਲ ਦਿਹਾੜੀ ਕਰਦਾ ਰਿਹਾ ਤੇ ਉੱਥੇ ਹੀ ਚਲਦੇ ਕੰਮ ਵਾਲੇ ਘਰ ਚਾਦਰ ਸਿਟ ਕੇ ਪਿਆ ਰਹਿੰਦਾ, ਪਰ ਉਸਨੂੰ ਕੁਵੱਲੇ ਕੁਵੱਲੇ ਸੁਪਨੇ ਆਉਂਦੇ ਜਿਵੇਂ ਉਸ ਦੀ ਭੈਣ ਰੇਸ਼ਮਾ ਨੇ ਕੁਝ ਖਾ ਲਿਆ ਹੁੰਦੈ ਤੇ ਉਸ ਦੀ ਲੋਥ....

ਜਿਵੇਂ ਰੇਸ਼ਮਾ ਨੇ ਕੁਝ ਖਾ ਕੇ ਖੂਹ 'ਚ ਛਾਲ ਮਾਰ ਦਿਤੀ ਹੁੰਦੀ ਐ....ਜਿਵੇਂ ਉਸ ਦਾ ਬਾਪੂ ਨੀਰੇ ਵਾਲੇ ਮਾਰੇ ਕੁੱਤੇ ਵਾਂਗ ਪਿਆ, ਪਾਣੀ ਪਾਣੀ ਕਰਦਾ ਰਹਿੰਦਾ ਹੈ ਤੇ ਪਾਣੀ ਦਾ ਇਕ ਕਟੋਰਾ ਭੀ ਉਸ ਨੂੰ ਨਸੀਬ ਨਹੀਂ, ਮਹੀਨੇ ਵੀਹ ਦਿਨਾਂ ਮਗਰੋਂ ਦਾਨਾ ਨਮੋਸ਼ੀ ਮੰਨਦਾ ਘਰ ਮੁੜ ਆਇਆ। ਰੇਸ਼ਮਾ ਤੇ ਦਾਨਾ ਦੋਨੋਂ ਭੈਣ ਭਰਾ ਮਿਲ ਕੇ ਰੋਂਦੇ ਰਹੇ। ਰੇਸ਼ਮਾ ਨੇ ਸਭ ਕੁਝ ਆਪਣੇ ਭਰਾ ਦਾਨੇ ਨੂੰ ਦੱਸ ਦਿੱਤਾ, ਕਿਵੇਂ ਉਸਦੇ ਛੋਟੇ ਭਰਾਵਾਂ ਨੇ ਉਸ ਦੇ ਬਾਪੂ ਨੂੰ ਕੁਟਿਆ ਤੇ ਉਸ ਨਾਲ ਅੱਜ ਕੱਲ੍ਹ ਕਿਵੇਂ ਬੀਤਦੀ ਹੈ। ਦਾਨਾ ਘਰ ਆ ਚੁਕਾ ਸੀ, ਰਾਤ ਹੋ ਚੁੱਕੀ ਸੀ, ਰੇਸ਼ਮਾ ਆਪਣੇ ਮੰਜੇ ਤੋਂ ਉਠੀ ਚੁੱਪ ਚਪਾਤੇ ਉਸ ਘਰ ਦਾ ਫਿਰਨੀ ਵਾਲਾ ਦਰਵਾਜ਼ਾ ਖੋਲ੍ਹਿਆ ਖੂਹ ਦੀ ਮੌਣ ਤੇ ਜਾ ਖੜ੍ਹੀ ਹੋਈ, ਹੇਠਾਂ ਪਾਣੀ ਟਿਕਿਆ ਚੁੱਪ ਖੜ੍ਹਾ ਸੀ। ਰੇਸ਼ਮਾ ਦੇ ਅੰਦਰ ਦਾ ਧੜਕੂ ਧੂ ਧੂ ਕਰ ਰਿਹਾ ਸੀ ਪਰ ਕੀ ਬਣੂੰਗਾ-ਸੋਚਣਗੇ ਕੋਈ ਕਲੰਕ ਸੀ।

ਸਵੇਰ ਹੋਈ, ਹੁਣ ਰੇਸ਼ਮਾ ਨਾ ਆਪਣੇ ਭਰਾਵਾਂ ਨਾਲ ਬੋਲਦੀ ਨਾ ਆਪਣੇ ਬਾਪੂ ਨਾਲ, ਮਾਂ ਤਾਂ ਉਸ ਦੀ ਮਰ ਹੀ ਚੁੱਕੀ ਸੀ। ਆਪਣੀ ਵਡੀ ਭਾਬੀ ਨਾਲ ਤਾਂ ਬੋਲਣਾ ਹੀ ਕੀ ਸੀ। ਉਹ ਤਾਂ ਚਾਹੁੰਦੀ ਹੀ ਸੀ, ਕਦ ਇਹ ਸਾੜ੍ਹ ਸਤੀ ਉੱਜੜੇ, ਕਿੰਨੀ ਵਾਰ ਉਸ ਆਖਿਆ ਭੀ ਸੀ, ਸਾੜ੍ਹ ਸਤੀਏ ਤੂੰ ਕਿੱਥੇ ਧਰੀ ਪਈ ਸੀ, ਸਾਡੇ ਕਰਮਾਂ 'ਚ, ਸਾਡੀ ਸਾਰੇ ਸ਼ਰੀਕੇ, ਤੁਲੋ ਤੁਲੋ ਕਰਵਾ ਤੀ" ਰੇਸ਼ਮਾ ਦਾ ਕਾਕੜ ਨਾਲ ਪ੍ਰੇਮ ਤਾਂ ਉਸ ਦੇ ਖਿਆਲਾਂ 'ਚ ਤੁਲੋ ਤੁਲੋ ਹੀ ਸੀ, ਪਰ ਉਸ ਦਾ ਆਪਣੇ ਦਿਉਰਾਂ ਨਾਲ ਹੋ ਰਿਹਾ ਚਿੱਠਾ ਯਾਦ ਨਾ ਰਹਿੰਦਾ। ਦਾਨੇ ਨੂੰ ਤਾਂ ਉਹ ਸੂਈ ਕੁੱਤੀ ਵਾਂਗ ਪੈਂਦੀ।

ਸਾਰੀ ਰਾਤ ਲਾਊਡਸਪੀਕਰ ਚਲਦਾ ਰਿਹਾ ਮੌੜਾਂ ਵਾਲਾ ਬਚਨ ਸਿੰਘ ਜੋ ਢੁਕਿਆ ਸੀ। ਦੇਸੀ ਸ਼ਰਾਬ ਪੀਂਦੇ ਜੱਟ ਬਾਈ ਬਚਨ ਸਿੰਘ, ਬਾਈ ਬਚਨ ਸਿੰਘ ਕਰਦੇ ਉਂਗਲਾਂ ਲਾ ਰਹੇ ਸਨ।

"ਓਏ, ਸੁਣਿਐ ਕਬੂਤਰੀ ਐ, ਚੀਨੀ ਕਬੂਤਰੀ' ਬੱਸ ਕੋਈ ਕੋਈ ਵਿੱਚੋਂ ਤੱਤੀ ਗੱਲ ਭੀ ਆਖ ਦੇਂਦਾ, 'ਸਾਲਿਆ ਬਚਨਿਆਂ ਪੱਟਿਆ ਗਿਆ ਹੁਣ ਤਾਂ ਕੜਬਦੇ ਟਾਂਡੇ ਨੇ।

'ਆਹੋ, ਰਿਹਾ ਡੰਗਰਾਂ ਨੂੰ ਧਿਜਾਉਣਾ ਕਿਹੜਾ ਸੌਖਾ ਐ। ਬਚਨ ਸਿੰਘ ਨਸ਼ੇ 'ਚ ਬੇਹੋਸ਼ ਹੋਸ਼ ਵਾਲੀਆਂ ਗੱਲਾਂ ਸੁਣਦਾ ਰਿਹਾ।

ਸਵੇਰ ਹੋਈ, ਅਨੰਦ ਕਾਰਜ ਲਈ ਭਾਈ ਜੀ ਆਪਣੀ ਦੁਕਾਨ ਸਜਾਈ ਬੈਠੇ ਸਨ, ਬਾਬੇ ਦੀ ਦੇਹ ਸਾਹਮਣੇ ਡਿੱਗਦਾ ਚਿੱਟਾ ਨੋਟ ਜਿਵੇਂ ਉਹਨਾਂ ਦੀਆਂ ਅੱਖਾਂ 'ਚ ਭੀ ਚਾਨਣ ਕਰ ਜਾਂਦਾ ਹੋਵੇ। ਆਸਾ ਦੀ ਵਾਰ ਨੂੰ ਲਮਿਆ ਕੇ ਦਸ ਵੱਧ ਨੋਟਾਂ ਦਾ ਲਾਲਚ ਉਹਨਾਂ ਦੀਆਂ ਅੱਖਾਂ 'ਚ ਸਾਫ਼ ਝਲਕਦਾ ਸੀ। ਰਾਤ ਦੇ ਸ਼ਰਾਬ ਦੇ ਨਸ਼ੇ ਦੇ ਭੰਨੇ ਸ਼ਰਾਬੀ ਅਖਾਉਤੀ ਜਿਹਾ ਸਿਰ ਨਿਵਾ ਕੇ ਬਹਿ ਜਾਂਦੇ, ਅੱਚਵੀਂ ਜਹੀ ਲੱਗੀ ਵਾਂਗ ਦੋ ਮਿੰਟਾਂ ਬਾਅਦ ਫੇਰ ਉੱਠ ਖੜੋਂਦੇ, ਲਾੜਾ ਆ ਗਿਆ ਹੱਥ 'ਚ ਉਸ ਦੇ ਕਿਰਪਾਨ ; ਗਲੇ 'ਚ ਇਕ ਹਰੇ ਰੰਗ ਦਾ ਦੁਪੱਟਾ ਜਿਹਾ।

ਬਾਬੇ ਦੀ ਸਵਾਰੀ ਦੇ ਸਾਹਮਣੇ ਬੈਠਣ ਤੋਂ ਪਹਿਲਾਂ, ਲਾੜਾ ਘਰ ਦੇ ਦੂਜੇ ਪਾਸੇ ਦੀ ਅੰਦਰ ਗਿਆ, ਨਿਹਾਲੇ ਲੰਬਰਦਾਰ ਨੇ ਮੋਦਨ ਦੀ ਝੋਲੀ 'ਚ ਚਾਰ ਹਜ਼ਾਰ ਦੇ ਨੋਟ ਪਾਏ। ਮੋਦਨ ਦਾ ਖੱਦਰ ਦਾ ਪਰਨਾ ਜਦ ਉਸ ਦੇ ਮੁੰਡਿਆਂ ਨੇ ਸਿੱਧਾ ਕੀਤਾ, ਮੋਦਨ ਦੀਆਂ ਅੱਖਾਂ 'ਚੋਂ ਤ੍ਰਿਪ ਤ੍ਰਿਪ ਪਾਣੀ ਤੁਰ ਪਿਆ। ਬਚਨੇ ਨੇ ਆਪਣੇ ਚਾਲੀ ਸੌ 'ਚ ਖਰੀਦੇ ਸੌਂਹਰੇ ਦੇ ਪੈਰੀਂ ਹੱਥ ਲਾਏ, ਜਵਾਈ ਦਾ ਸਿਰ ਪਲੋਸਦਿਆਂ ਮੋਦਨ ਨੇ ਆਪਣੇ ਆਪ ਨੂੰ ਪਤਾ ਨਹੀਂ ਕਿਹੜੇ ਨਰਕ ਦਾ ਭਾਗੀ ਸਮਝਿਆ। ਜੰਞ ਤੁਰ ਗਈ, ਵਿਆਹ ਦਾ ਵਿਉਪਾਰ ਨਿਰਵਿਘਨ ਸਮਾਪਤ ਹੋ ਗਿਆ। ਕੁੜੀਆਂ ਨੇ ਖੁਸ਼ੀ ਦੇ ਸੋਗੀ ਗੀਤ ਗਾਏ। ਮੋਦਨ ਦੀ ਧੀ ਰੇਸ਼ਮਾ ਉਸ ਦੇ ਛੋਟੇ ਭਰਾਵਾਂ ਨੇ ਭੁੰਨ ਦਿੱਤੀ।

# 8.

ਬਿਰਜੂ ਦੇ ਵਿਹੜੇ ਹੁਣ ਜ਼ਿੰਦਗੀ ਦਾ ਨਾਚ ਸ਼ੁਰੂ ਹੋ ਗਿਆ, ਭੈਣ ਭਰਾ ਦੇ ਟੁੱਟੇ ਪ੍ਰੀਤ ਤੰਦ ਮੁੜ ਜੁੜ ਗਏ, ਬਿਰਜੂ ਆਪਣੀ ਕਹਾਣੀ ਸ਼ੁਰੂ ਕਰ ਲੈਂਦਾ, "ਵੇਖ ਲੈ ਪਾਰੀਏ, ਜਦੋ ਦਿਨਾਂ ਦੀ ਕਰੋਪੀ ਹੋਵੇ ਸਭ ਛੱਡ ਜਾਂਦੇ ਨੇ, ਆਹ ਜਗਰਾਵਾਂ ਵਾਲੀ ਕੁੜੀ ਨੇ ਤਾਂ ਕਦੀ ਪੈਰ ਵੀ ਏਥੇ ਨਹੀਂ ਰੱਖਿਆ, ਕੀ ਹੋਇਆ ਉਸ ਦੇ ਦਿਨ ਚੰਗੇ ਢਲਣ ਲੱਗ ਪਏ ਹਨ; ਇਕ ਵਾਰੀ ਮੈਂ ਸਿਰ ਖੁਦ ਜਗਰਾਵੀਂ ਗਿਆ, ਸੀ, ਪ੍ਰਾਹੁਣੇ ਨੇ ਜਿਵੇਂ ਓਪਰਾ ਓਪਰਾ ਉਕਰ ਆਦਰ ਜਾ ਕੀਤਾ ਹੋਵੇ।" ਬਿਰਜੂ ਆਖਦਾ ਆਖਦਾ ਫਿਸ ਪਿਆ, 'ਪਾਰੋ ਮੈਂ ਕਿਹੜਾ ਨਿਆਣ, ਸੱਭ ਸਮਝਦਾਂ ਤੇਰੇ ਤਾਂ ਪਾਰੀਏ ਭਾਗ ਪਹਿਲਾਂ ਤੋਂ ਹੀ ਹੌਲੇ ਰਹੇ ਤੂੰ ਭੀ ਮੇਰੇ ਆਂਙੂੰ ਕਬੀਲਦਾਰੀ 'ਚ ਦੱਬੀ ਹੀ ਰਹੀ ਐ, ਜਦੋਂ ਤੁਸੀ ਝੱਭਰੀਂ ਲੱਗੇ ਹੁੰਦੇ ਸੀ, ਕੀ ਸੀ ਤੁਹਾਡੇ ਕੋਲ ਉਹ ਕੰਜਰ ਜਿਹੜਾ ਮਰ ਗਿਆ....ਆਖਦਿਆਂ ਜਿਵੇਂ ਬਿਰਜੂ ਦੇ ਮੂੰਹ 'ਚ ਕਾਲੀ ਮਿਰਚ ਆ ਗਈ ਹੋਵੇ । ਪਾਰੀ, ਲੰਮਾ ਸਾਰਾ ਹਉਕਾ ਲੈ ਕੇ ਆਖਦੀ, 'ਆਹੋ ਭਾਈ ਕੁੜੀ ਤਾਂ ਇਕ ਨਾ ਹੋਵੇ, ਇਹ ਪੂਰੀਆਂ ਪੰਜ ਬਿਰਜੂ ਵਿਚੋਂ ਹੀ ਗੱਲ ਟੋਕ ਕੇ ਆਖਦਾ, ਵੇਖ ਲੈ ਪਾਰੋ ਮੈਂ ਤੇਰੇ ਸਾਹਮਣੇ ਨਿੱਦਰਾ ਸਿੱਦਰਾ ਬੈਠਾਂ ਭੈਣ ਤੇ ਭਰਾ ਘੰਟਿਆਂ ਬੱਧੀ ਦਿਲ ਦੀਆਂ ਗੱਲਾਂ ਕਰਦੇ ਰਹਿੰਦੇ। ਜ਼ਿੰਦਗੀ ਦੀਆਂ ਇਨ੍ਹਾਂ ਸੋਗੀ ਗੱਲਾਂ 'ਚੋਂ ਉਨ੍ਹਾਂ ਨੂੰ ਜਿਵੇਂ ਇਕ ਬਹੁਤ ਵੱਡਾ ਆਸਰਾ ਮਿਲਦਾ ਹੁੰਦਾ ਹੈ। ਪਾਰੋ ਦਾ ਆਪਣੀਆਂ ਦੂਜੀਆਂ ਭੈਣਾਂ ਨਾਲੋਂ ਆਪਣੀ ਭਾਬੀ ਤੇ ਭਰਾ ਨਾਲ ਬਹੁਤਾ ਪਿਆਰ ਸੀ, ਪਰ ਪਿਆਰ ਦੀ ਸਾਂਝ ਰੰਡੀ ਹੋ ਗਈ, ਜਦ ਬਿਰਜੂ ਦੀਆਂ ਪਾਰੋ ਦੇ ਘਰਵਾਲੇ ਨੇ ਟੀਮਾਂ ਰੱਖ ਲਈਆਂ, ਭੈਣ ਭਰਾਵਾਂ ਦੀ ਪਿਆਰ ਸਾਂਝ, ਬਿਰਜ ਰੋਹੀ ਦੀ ਰੁੰਡ ਕਿੱਕਰ ਵਾਂਗ ਦਿਨ ਕੱਟਦਾ ਰਿਹਾ, ਜਿੱਦਣ ਉਸ ਨੂੰ ਆਪਣੇ ਮਰ ਚੁੱਕੇ ਨਿੱਕੇ ਨਿੱਕੇ ਬਾਲ ਸੋਹਣੀ ਸੋਹਣੀ ਘਰਵਾਲੀ ਚੇਤੇ ਆਉਂਦੀ, ਰੱਜ ਕੇ ਪੀਂਦਾ, ਪੀ ਕੇ ਗੁਟ ਹੋ, ਬੇਹੋਸ਼ ਪਿਆ ਰਹਿੰਦਾ। ਫਟੀ ਧੋਤੀ ਦੇ ਮਘੋਰਿਆਂ ਵਿਚ ਦੀ ਬਿਰਜੂ ਦੀਆਂ ਸਕੀਆਂ ਟੰਗਾਂ ਵਲ ਵੇਖ ਵੇਖ ਉਸ ਦੀ ਰਹਿਣੀ

ਬਹਿਣੀ ਬਾਰੇ ਉਹ ਹੈਰਾਨ ਹੁੰਦੇ, ਪਰ ਅੰਦਰ ਜਾ ਕੇ ਵੱਖਣ ਦੀ ਕਿਸੇ ਕੋਸ਼ਿਸ਼ ਨਾ ਕੀਤੀ, ਉਸਦੇ ਅੰਦਰਲੇ ਤਾਪ ਨੂੰ ਕੋਈ ਟੋਹ ਨਹੀਂ ਰਿਹਾ ਸੀ।

ਬਿਰਜੂ ਦੇ ਅੰਦਰਲੀ ਪਿਆਰ ਪਪੀਸੀ ਹੁਣ ਪੱਤਾ ਬਣ ਰਹੀ ਸੀ, ਜਦੋਂ ਬਿਰਜੂ ਦੀਆਂ ਦੋਨੋਂ ਛੋਟੀਆਂ ਛੋਟੀਆਂ ਨਿੱਕੀਆਂ ਨਿੱਕੀਆਂ ਭਾਣਜੀਆਂ ਚਹਿਕਦੀਆਂ ਚਿੜੀਆਂ ਚਿਰ ਚਿਰ ਕਰਦੀਆਂ, ਬਿਰਜੂ ਦੀ ਬੁਕਲ 'ਚ ਬੈਠਣ ਲਈ ਝਗੜ ਪੈਂਦੀਆਂ। ਬਿਰਜੂ ਦੀ ਸਾਰੀ ਥਕਾਵਟ ਮਿਟ ਜਾਂਦੀ ਜਦੋਂ ਉਸਦੀਆਂ ਟੰਗਾਂ ਨੂੰ ਮਿੱਟੀ ਘੱਟੇ ਲਿੱਬੜੀਆਂ ਲੱਤਾਂ ਤੇ ਖੜ੍ਹੀਆਂ ਨਾੜਾਂ ਨੂੰ, ਪਿਆਰੇ ਪਿਆਰੇ ਕੂਲੇ ਕੂਲੇ ਹੱਥ ਆ ਕੇ ਗਲਵਕੜੀ ਪਾ ਲੈਂਦੇ। ਮਰੀਅਲ ਉਮਰ ਦੇ ਬੁੱਢੇ ਹੁੰਦੇ ਜਾ ਰਹੇ ਥੱਕੇ ਵਰ੍ਹਿਆਂ 'ਚ ਪਰਿਵਾਰਿਕ ਜ਼ਿੰਦਗੀ ਦੀ ਤ੍ਰਿਪਤੀ ਬਿਰਜੂ ਨੂੰ ਮਿਲਣ ਲੱਗੀ। ਬਿਰਜੂ ਨਿੱਤ ਨਵੀਂ ਸਵੇਰ ਹਰਿਆਵਲ ਮਹਿਸੂਸ ਕਰਨ ਲੱਗ ਪਿਆ ਸੀ। ਜ਼ਿੰਦਗੀ ਦਾ ਕਿੱਡਾ ਵੱਡਾ ਸੋਕਾ ਉਸਦੀ ਜ਼ਿੰਦਗੀ ਨੂੰ ਬੰਜਰ ਕਰ ਗਿਆ ਸੀ। ਸੰਤਾਨ ਨਾ ਰਹੀ ਘਰ ਵਾਲੀ ਮਰ ਗਈ, ਭੈਣਾਂ ਤਿਹ ਛੱਡ ਗਈਆਂ, ਉਮਰ ਢਲਣ ਲੱਗ ਪਈ, ਤਾਕਤ ਘਟਦੀ ਜਾ ਰਹੀ ਸੀ। ਰੁੱਖੀ ਸੁੱਖੀ ਖਾਕੇ ਗੁਜ਼ਾਰਾ ਕਰਨਾ, ਘਰ ਦਾ ਘੋਲਾ ਬਨਣਾ ਸ਼ੁਰੂ ਹੋ ਗਿਆ ਤੇ ਜ਼ਿੰਦਗੀ 'ਚ ਆਸ ਕੋਈ ਨਾ ਰਹੀ। ਬਿਰਜੂ ਦੀ ਸਭ ਤੋਂ ਛੋਟੀ ਭਾਣਜੀ, ਜਦ ਉਸ ਦੀ ਬੁੱਕਲ 'ਚ ਆ ਪੈਂਦੀ ਆਸ ਦਾ ਸ਼ਗਨ ਜਿਵੇਂ ਉਸ ਦੇ ਪੱਲੇ ਕਿਸੇ ਨੇ ਪਾ ਦਿੱਤਾ ਹੋਵੇ, ਜ਼ਿੰਦਗੀ, ਰੰਡੀ ਜ਼ਿੰਦਗੀ ਦੇ ਸਿਰ 'ਚ ਸੰਧੂਰ ਭਰਿਆ ਜਾਂਦਾ। ਬਿਰਜੂ, ਤ੍ਰਿਪਤ ਬਿਰਜੂ ਅੱਜ ਕੱਲ੍ਹ ਪੀਂਦਾ ਵੀ ਘੱਟ।'

ਦੂਜੇ ਪਾਸੇ ਸ਼ਾਰਧਾ ਦੇ ਮੂੰਹ ਤੇ ਟਿਕਾਅ ਸੀ, ਉਹ ਸ਼ਾਰਧਾ ਜਿਹੜੀ ਕਾਲਜ ਵਿਚ ਮੁੰਡਿਆਂ ਨੂੰ ਟੀਸ ਟੀਸ ਕਰਦੀ ਰਹਿੰਦੀ ਸੀ, ਜ਼ਿੰਦਗੀ ਦੀ ਸਚਾਈ ਨਾਲ ਉਸ ਦੇ ਤੇ ਉਸਦੀ ਮਾਂ ਦੇ ਦੋ ਦੋ ਹੱਥ ਹੋ ਰਹੇ ਸਨ।

ਦਿਨ ਭਰ 'ਚ ਬਿਰਜੂ ਮਾਮੇ ਦੀਆਂ ਗਲ਼ੀ ਗਲੀ ਕੂਚੇ ਕੂਚੇ ਫਿਰਕੇ ਇਕੱਠੀਆਂ ਕੀਤੀਆਂ ਦੋ ਢਾਈ ਦਰਜਨ ਖਾਲੀ ਬੋਤਲਾਂ, ਪੰਜ ਸੱਤ ਖਾਲੀ ਪੀਪੀਆਂ, ਦੋ ਚਾਰ ਸੇਰ ਕਾਗਜ਼ਾਂ ਦੀ ਰੱਦੀ ਨਾਲ ਘਰ ਬੜੀ ਮੁਸ਼ਕਲ ਨਾਲ ਆਟਾ ਚਾਹ ਗੁੜ ਪਾਵ ਦੁੱਧ ਦਾ ਹੀ

ਚਾਲਾ ਚਲਦਾ ਸੀ। ਅਜੇ ਭੀ ਬਿਰਜੂ ਕਦੇ ਕਦੇ ਪੀ ਜਾਂਦਾ, ਪਰ ਬਹੁਤ ਹੀ ਘੱਟ ਪੀਂਦਾ ਸੀ। ਮਿਹਨਤ ਤਾਂ ਪਹਿਲਾਂ ਹੀ ਬਿਰਜੂ ਬਹੁਤ ਕਰਦਾ ਸੀ, ਪਰ ਹੁਣ ਤਾਂ ਉਸ ਨੇ ਸ਼ਹਿਰ ਦੀਆਂ ਬਾਹਰਲੀਆਂ ਬਸਤੀਆਂ ਵਿੱਚ ਭੀ ਜਾਣਾ ਸ਼ੁਰੂ ਕਰ ਦਿੱਤਾ ਸੀ, ਢਾਬ ਉਤੇ ਸੈਂਸੀਆਂ ਦੀਆਂ ਕੁੱਲੀਆਂ, ਰਮਦ ਸਿਆਂ ਵਿਹੜੇ, ਗੱਲ ਕੀ ਸ਼ਹਿਰ ਦਾ ਹਰ ਕੋਨਾ ਛਾਣ ਮਾਰਦਾ, ਏਨੀ ਹੱਡ ਤੋੜਵੀਂ ਮੇਹਨਤ ਨਾਲ ਭੀ ਘਰ ਦੇ ਟੱਬਰ ਦਾ ਗੁਜ਼ਾਰਾ ਬਹੁਤ ਤੰਗੀ 'ਚ ਹੁੰਦਾ। ਸ਼ਾਰਧਾ ਦੀ ਕੋਠੇ ਜਿੱਡੀ ਦੇਹ, ਨਿੱਕੀਆਂ ਬੱਚੀਆਂ ਦੀ ਨਿੱਕੀ ਉੱਮਰ, ਬਿਰਜੂ ਦਾ ਆਉਣ ਵਾਲਾ ਬੁਢਾਪਾ ਪਾਰੋ ਦੀ ਬਿਪਤਾ ਮਾਰੀ ਜਿੰਦ, ਘਰ ਵਿੱਚ ਹਰ ਸਮੇਂ ਇਹ ਗੱਲਾਂ ਪਰੇਤ ਬਣ ਕੇ, ਨੱਚਦੀਆਂ ਰਹਿੰਦੀਆਂ, ਇਕ ਦਿਨ ਚਾਹ ਪੀਂਦਿਆਂ ਬਿਰਜੂ ਨੇ ਪਾਰੋ ਨੂੰ ਆਖਿਆ, "ਵੇਖ ਲੈ ਭੈਣੇ, ਕੀ ਹਰਜ ਐ, ਭਹੀੜੀਆਂ ਦੇ ਕਾਰਖਾਨੇ ਜਿਹੜੇ ਦੋ ਢਾਈ ਆਇਆ ਕਰਨਗੇ ਉਹ ਹੋਰ ਭੀ ਬੁੜ੍ਹੀਆਂ ਆਪਣੇ ਮੁਹੱਲੇ 'ਚੋਂ ਜਾਂਦੀਆਂ ਨੇ ਆਖ ਵਿਰਜੂ ਆਪਣੇ ਡੰਡੋਰਕਾ, ਦੁਪੱਟਾ ਚੁੱਕ ਕੇ ਖਾਲੀ ਪੀਪੀਆਂ ਵਿਕਾਊ, ਖਾਲੀ ਬੋਤਲਾਂ ਕਹਿਣ ਲਈ ਤੁਰ ਪਿਆ। ਪਾਰੀ ਨੂੰ ਅੱਜ ਬਿਰਜੂ ਬਹੁਤ ਪਿਆਰਾ ਲੱਗਿਆ ਪਰ ਉਹ ਸਾਰਾ ਦਿਨ ਮੰਜੀ ਤੇ ਪਈ ਰਹੀ ਤੇ ਉਸ ਦੇ ਜੀ 'ਚ ਕੁਝ ਕੱਚਾ ਕੌੜਾ ਕੌੜਾ ਆਉਂਦਾ ਰਿਹਾ, ਸ਼ਾਰਧਾ ਇਨ੍ਹਾਂ ਸਾਰੀਆਂ ਬਦਲਦੀਆਂ ਗੱਲਾਂ ਨੂੰ ਟੋਹ ਰਹੀ ਸੀ। ਉਸ ਦੇ ਦਿਮਾਗ 'ਚ ਗੱਲ ਆਈ, "ਉਸ ਦੀ ਮਾਂ ਜਿਹੜੀ ਮੰਜੇ ਤੋਂ ਸਾਰਾ ਦਿਨ ਨਹੀਂ ਉੱਠੀ, ਸ਼ਾਇਦ ਉਸ ਅੰਦਰ ਮੇਰੇ ਬਾਪ ਦੇ ਕਮਾਏ ਰਿਸ਼ਵਤ ਦੇ ਧਨ ਤੇ ਉਡਾਏ ਤੋਤੇ ਯਾਦ ਆਏ ਹੋਣ ਤੇ ਫੇਰ ਪਾਰੋ ਨੇ ਆਪਣੀ ਧੀ ਸ਼ਾਰਧਾ ਨੂੰ ਜਦੋਂ ਆਪਣੇ ਕੋਲ ਬੁਲਾ ਕੇ ਆਖਿਆ, 'ਲੈ ਵੇਖ ਲੈ ਪੁੱਤ, ਤੇਰਾ ਮਾਮਾ ਕਿੰਨੀ ਲੰਮੀ ਸੋਚਦੈ, ਤਿੰਨ, ਤਿੰਨ ਢਾਈ ਰੋਜ਼ ਦੇ ਥੋੜ੍ਹੇ ਤਾਂ ਨਹੀਂ, 'ਆਖਿਰ ਮਿਹਨਤ ਮਜ਼ਦੂਰੀ ਕਰਨ 'ਚ, ਆਪਣੇ ਹੱਥਾਂ ਨਾਲ ਕਮਾ ਕੇ ਖਾਣ 'ਚ ਕਿਹੜਾ ਅਲਾਂਭੈ.... ਥੱਕਿਆ ਟੁੱਟਿਆ ਬੋਤਲਾਂ ਪੀਪੀਆਂ ਤੇ ਰੱਦੀ ਕਾਗਜ਼ਾਂ ਦਾ ਭਾਰ ਚੁੱਕੀ ਆਥਣੇ ਬਿਰਜੂ ਆ ਬਹੁੜਿਆ, ਘਰ ਵੜਦਿਆਂ ਉਸ ਨੇ ਆਖਿਆ ਪਾਰੀਏ ਐਵੇਂ ਦੁਖੀ ਨਾ ਹੋ, ਜਦ ਤੱਕ ਮੇਰੇ ਨੈਣ ਪ੍ਰਾਣ ਚਲਦੇ ਨੇ ਮੈਂ ਤਾਂ ਤੁਹਾਡੀ ਟਹਿਲ ਸੇਵਾ ਕਰਦਾ ਰਹਾਂਗਾ, ਮੈਂ ਤਾਂ ਸੁਭੈਕੀ ਤੈਨੂੰ ਆਖਿਆ ਸੀ ਜੇ ਤੇਰਾ ਜੀ ਕਰਦੈ ਤਾਂ ਕਾਰਖਾਨੇ ਵਗ ਜੀ ਗੁੱਸਾ ਨਾ ਕਰ ਬੈਠੀ। ਪਾਰੀ

ਨੇ ਨਾ ਹੂੰ ਕੀਤੀ ਨਾ ਹਾਂ ਕੀਤੀ ਚੁਪ ਕਰਕੇ ਬੈਠ ਗਈ। ਅਗਲੀ ਸਵੇਰ ਹੀ ਸਾਨੂੰ ਸਾਡੀ ਗੁਆਂਢਣ ਖਾਦੀ ਭੰਡਾਰ ਚੋਂ ਸੇਰ ਪੱਕੀ ਰੂੰ ਕੱਤਣ ਨੂੰ ਦੇ ਗਈ। ਮੇਰੀ ਮਾਂ ਨੇ ਸੂਤ ਕੱਤਣਾ ਸ਼ੁਰੂ ਕਰ ਦਿੱਤਾ ਚਰਖਾ ਸਾਰਾ ਦਿਨ ਝੀਂ ਝੀਂ ਕਰਦਾ। ਇਕ ਪੂਣੀ ਇਕ ਤੰਦ ਮੌਜੀ ਨੇ ਕਵਿਤਾ ਲਿਖੀ ਸੀ। ਟੁੱਟ ਪੈਣਾ ਮੌਜੀ, ਮੁਸ਼ਕਿਆ ਅੰਗਰੇਜ਼ੀ ਦਾ ਉਹ ਪ੍ਰੋਫੈਸਰ। ਮੌਜੀ ਇਨ੍ਹਾਂ ਸਭ ਨਾਲੋਂ ਤਿੱਖਾ ਸੀ। ਪੂਣੀਆਂ ਨੂੰ ਵੇਖ ਉਹ ਯਾਦ ਆ ਗਿਆ। ਮੇਰੀ ਮਾਂ ਦੇ ਹੱਥ 'ਚ ਪੂਣੀ, ਇਕ ਲੰਮਾ ਸਾਰਾ ਤੰਦ ਨਿਕਲਦਾ ਮੌਜੀ ਦੀ ਕਵਿਤਾ ਦੀ ਸਤਰ ਮੈਨੂੰ ਵੇਖ ਕੇ ਕਿਵੇਂ ਲੋਕੀਂ ਆਖਣ ਲੱਗ ਪਏ ਸਨ।

ਪਿਆਰ ਪੂਣੀਆਂ ਇਸ਼ਕ ਗਲੋਟਾ

ਤੰਦ ਹਿਜਰ ਦੇ ਪਾਵਾਂ

'ਅੱਜ ਜਿਵੇਂ ਸਾਰੇ ਦਾ ਸਾਰਾ ਕੁਝ ਯਾਦ ਆਉਣ ਲੱਗਿਆ ਸੀ, ਸ਼ਾਇਦ ਦੀਵੇ ਦੀ ਬੁਝਣ ਵੇਲੇ ਬਹੁਤੀ ਰੋਸ਼ਨੀ ਵਾਂਗ ਇਹ ਭੀ ਸਭ ਕੁਝ ਮਿਟ ਰਿਹਾ ਸੀ। ਮੌਜੀ ਦੀਆਂ ਕੱਕੀਆਂ ਮੁੱਛਾਂ, ਫਰੇਬਦਾਰ ਵਤੀਰਾ....ਅੱਜ ਬਕਬਕਾ ਲੱਗ ਰਿਹਾ ਸੀ, ਆਖਰ ਪੂਣੀਆਂ ਕੱਤੀਆਂ ਗਈਆਂ, ਭੰਡਾਰ, ਖਾਦੀ ਭੰਡਾਰ ਵਾਲੇ ਭਾਈ ਨੇ ਲੜ ਝਗੜ ਕੇ ਮਸੋਂ ਜਿਹੇ ਰੁਪਿਆਂ ਚੋਂ ਇੱਕ ਮੇਰੀ ਮਾਂ ਦੇ ਪੱਲੇ ਪਾਇਆ। ਮੈਂ ਤੇ ਮੇਰੀ ਮਾਂ ਦੋਨੋਂ ਬੁੱਲ੍ਹ ਟੇਰੀ ਕਸਤੂਰਬਾ ਖਾਦੀ ਭੰਡਾਰ ਤੋਂ ਵਾਪਿਸ ਮੁੜ ਰਹੀਆਂ ਸਾਂ, ਜਿਵੇਂ ਕਰਾਰੀ ਚੁਪੇੜ ਕਿਸੇ ਨੇ ਸਾਡੇ ਮੂੰਹ ਤੇ ਮਾਰੀ ਹੋਵੇ। ਅਸੀਂ ਭੀ ਅਹਿੰਸਾ ਧਰਮ ਵਾਂਗ ਚਪੇੜ ਸਹਿ ਕੇ ਗਾਂਧੀ-ਵਾਦੀ ਹੋਣ ਦਾ ਬੜਾ ਚੰਗਾ ਸਬੂਤ ਜਿਵੇਂ ਦਿੱਤਾ ਹੋਵੇ। ਮੈਂ ਕਦੇ ਕਦੇ ਸੋਚਦੀ, ਆਦਮੀ ਨੂੰ ਸਿਆਣਾ ਹੋਣਾ ਹੀ ਨਹੀਂ ਚਾਹੀਦਾ, ਪਰ ਫੇਰ ਇੱਕ ਦਮ ਕਹਿੰਦੀ ਇਹ ਕਾਹਦੀ ਸਿਆਣਪ, ਜਿਸ ਦੇ ਪੱਲੇ ਕੁਝ ਨਾ ਹੋਵੇ।

ਫੇਰ ਕਪਾਹ ਦੀ ਰੂੰ ਕੱਢ ਕੱਢ ਬੰਨ੍ਹਣ ਵਾਲਾ ਇਹ ਕਾਰਖਾਨਾ ਕਾਰਖਾਨੇ 'ਚ ਹਜ਼ਾਰਾਂ ਮਣ ਕਪਾਹ ਦੇ ਢੇਰ, ਢੇਰਾਂ ਕੋਲ ਦੀ ਲੰਘ ਕੇ ਮੇਰੀ ਮਾਂ ਪਜੀਆਂ ਤੇ ਜਾ ਬਹਿੰਦੀ, ਪੱਲੇਦਾਰ ਪੱਲੀਆਂ ਦੀਆਂ ਪੱਲੀਆਂ ਕਪਾਹ ਦੀਆਂ ਇਨ੍ਹਾਂ ਤ੍ਰੀਮਤਾਂ ਦੇ ਪਿੱਛੇ ਸੁੱਟ ਜਾਂਦੇ,

ਸਾਰਾ ਦਿਨ ਮੂੰਹ ਬੰਨ੍ਹੀ ਇਹ ਬੁੱਢੀਆਂ, ਪਿੰਜਣੀਆਂ 'ਚ ਥੋੜ੍ਹੀ ਥੋੜ੍ਹੀ ਕਰਕੇ ਕਪਾਹ ਸੁੱਟੀ ਜਾਂਦੀਆਂ। ਢਕੇ ਮੂੰਹ, ਨੰਗੀਆਂ ਅੱਖਾਂ ਜਿਵੇਂ ਡਾਕੂ ਹੋਣ ਲੁੱਟੇ ਜਾਣ ਵਾਲੇ ਡਾਕੂ।

ਸਿਆਲਾਂ ਦੀ ਸਵੇਰ, ਜਦੋਂ ਪੰਜ ਵਜੇ ਕਾਰਖਾਨੇ ਦਾ ਪਹਿਲਾ ਭੋਂਪੂ ਬੋਲਦਾ, ਮੇਰੀ ਮਾਂ ਮੈਨੂੰ ਮੰਜੀ ਤੋਂ ਉਠਾਉਂਦੀ, ਥੱਕੀ ਟੁੱਟੀ, ਭੱਜੀ ਮੇਰੀ ਮਾਂ ਉੱਠਦੀ, ਅੱਖਾਂ ਤੇ ਚਾਰ ਛਿਟਾਂ ਪਾਣੀ ਦੀਆਂ ਪਾਉਂਦੀ, ਚਾਹ ਦੀਆਂ ਚਾਰ ਘੁੱਟਾਂ ਨਾਲ ਰਾਤ ਦੀ ਖੰਨੀ ਰੋਟੀ ਖਾ ਕੇ, ਦੂਜਾ ਭੌਂਪੂ ਬੋਲਣ ਤੋਂ ਪਹਿਲਾਂ ਪਹਿਲਾਂ ਕਾਰਖਾਨੇ ਦੇ ਦਰ ਤੇ ਪੁੱਜ ਜਾਂਦੀ। ਠੰਢ 'ਚ ਗਠੜੀ ਬਣੀ ਮੇਰੀ ਮਾਂ ਨੂੰ ਮੇਰਾ ਮਾਮਾ ਛੱਡ ਕੇ ਆਉਂਦਾ। ਮਾਮਾ ਮੇਰਾ, ਆਪਣਾ ਡੰਡੋਰਕਾ ਚਕਦਾ ਤੇ ਖਾਲੀ ਬੋਤਲ, ਖਾਲੀ ਪੀਪੀਆਂ ਲਈ ਤੁਰ ਜਾਂਦਾ, ਜਦੋਂ ਧੁੱਪਾਂ ਚੜ੍ਹਦੀਆਂ, ਮੈਂ ਆਪਣੀਆਂ ਭੈਣਾਂ ਨੂੰ ਘਰੇ ਖੇਡ ਲਾ ਕੇ, ਆਪਣੀ ਮਾਂ ਦੀ ਰੋਟੀ ਲੈ ਕੇ ਕਾਰਖਾਨੇ ਜਾਂਦੀ। ਇੰਜ ਸਾਡੇ ਦਿਨ ਟੁੱਟਦੇ ਗਏ, ਸਮਾਂ ਅਗਾਂਹ ਸਰਕਦਾ ਰਿਹਾ। ਸਾਡੇ ਘਰ ਥੋੜ੍ਹਾ ਥੋੜ੍ਹਾ ਸੁਖ ਮੁੜਨ ਲਗ ਪਿਆ। ਮੇਰੇ ਮਾਮੇ ਦਾ ਘਰ ਹੁਣ ਕੁਝ ਕੁਝ ਚਮਕਣ ਲੱਗ ਪਿਆ, ਕਰ ਕਰਾ ਕੇ ਅਸੀਂ ਬਿਜਲੀ ਲਗਵਾ ਲਈ, ਘਰ 'ਚ ਚਾਨਣ ਹੋ ਗਿਆ, ਬਿਜਲੀ ਲੱਗੇ ਚਾਨਣ ਘਰ 'ਚ ਉਹ ਰਾਤ ਕਿੰਨੇ ਭਾਗਾਂ ਵਾਲੀ ਸੀ, ਜਿੱਦਣ ਮੈਂ ਆਪਣੇ ਮਾਮੇ ਦੇ ਅੱਤ ਪਿਆਰੇ ਅਟੈਚੀ 'ਚੋਂ ਇਕ ਸੋਹਣਾ ਜਿਹਾ ਫ਼ਰਾਕ ਕੱਢ ਕੇ ਆਪਣੀ ਨਿੱਕੀ ਭੈਣ ਨੂੰ ਪਾ ਦਿੱਤਾ; ਡਰਦੀ ਰਹੀ, ਮਾਮਾ ਗੁੱਸੇ ਹੋਵੇਗਾ, ਪਰ ਉਸ ਰਾਤ ਮਾਮੇ ਦੇ ਮੂੰਹ ਤੇ ਰੌਣਕ ਸੀ। ਉਹ ਕਿੰਨਾ ਖੁਸ਼ ਹੋਇਆ, ਉਸ ਮੇਰੀ ਨਿੱਕੀ ਭੈਣ ਨੂੰ ਸੌ ਸੌ ਵਾਰ ਚੁੰਮਿਆ, ਸੌ ਸੌ ਖੇਲਾਂ ਖੇਲੀਆਂ, ਵੀਹ ਚੋਹਲ ਮੋਹਲ ਕੀਤੇ ਫੇਰ ਮੇਰਾ ਮਾਮਾ, ਮੇਰੀ ਨਿੱਕੀ ਭੈਣ ਨੂੰ ਬਾਜ਼ਾਰ ਲੈ ਗਿਆ, ਮੇਰੀ ਨਿੱਕੀ ਭੈਣ ਦੇ ਹੱਥ 'ਚ ਦੋ ਕੇਲੇ ਦੀਆਂ ਫਲੀਆਂ ਸਨ। ਉਹ ਰਾਤ ਸਾਡੇ ਘਰ ਨਵੀਂ ਜ਼ਿੰਦਗੀ ਦੇ ਨਿੱਘ ਦੀ ਰਾਤ ਸੀ।

ਰਾਤ ਦੇ ਇਸ ਖੁਸ਼ੀਆਂ ਭਰੇ ਚਾਨਣੇ ਮਗਰੋਂ ਅਗਲੀ ਸਵੇਰ, ਜਦ ਮੇਰੀ ਮਾਂ ਤਿਆਰ ਹੋਈ ਤੇ ਮੇਰਾ ਮਾਮਾ ਉਸ ਨੂੰ ਛੱਡਣ ਜਾ ਰਿਹਾ ਸੀ, ਅਜੇ ਉਹ ਦਰੋਂ ਬਾਹਰ ਨਿਕਲਿਆ ਹੀ ਸੀ ਕਿ ਉਹ ਤਿਲਕ ਗਿਆ, ਉਸ ਦਾ ਗੋਡਾ ਇੱਕ ਕੰਧ ਨਾਲ ਲੱਗਿਆ ਚੱਪਣੀ ਲਹਿ ਗਈ, ਚਾਕੂ ਬਣਿਆ, ਮੇਰਾ ਮਾਮ ਧਰਤੀ ਤੇ ਡਿੱਗਿਆ, ਬੇਹੋਸ਼ ਜਿਹਾ ਹੁੰਦਾ

ਗਿਆ। ਮੈਂ ਤੇ ਮੇਰੀ ਮਾਂ ਨੇ ਉਸ ਨੂੰ ਮਸੋਂ ਜਿਹੇ ਚੁੱਕ ਕੇ ਮੰਜੇ ਤੇ ਪਇਆ, ਦਰਦ ਨਾਲ ਮੇਰਾ ਮਾਮਾ ਕਾਫ਼ੀ ਔਖਾ ਸੀ। ਸਾਡੇ ਕੋਲ ਕੁਝ ਨਹੀਂ ਸੀ, ਠਰੇ ਹੱਡਾਂ ਨੂੰ ਸੇਕ ਦੇਈ ਜਾ ਰਹੇ ਸਾਂ, ਤੱਤੀ ਚਾਹ ਦੀਆਂ ਦੋ ਘੁੱਟਾਂ, ਬੁੱਢੇ ਹੱਡ ਬੁੱਢਾ ਸਰੀਰ, ਸਾਡੇ ਤੇ ਬਿਪਤਾ ਫੇਰ ਆਣ ਖੜ੍ਹੀ ਹੋਈ, ਰੋਣ ਹਾਕੀ ਹੋਈ ਮੇਰੀ ਮਾਂ ਬੌਂਦਲੀ ਜਹੀ ਇਉਂ ਲੱਗ ਰਹੀ ਸੀ ਜਿਵੇਂ ਉਸ ਨੂੰ ਕੋਈ ਭੁਆਟਣੀਆਂ ਖੁਆ ਗਿਆ ਹੁੰਦੈ। ਮੈਨੂੰ ਬਹੁਤਾ ਕੁਝ ਪਤਾ ਨਹੀਂ ਸੀ, ਪਰ ਮੈਂ ਆਪਣੀ ਮਾਂ ਦੇ ਇਸ਼ਾਰੇ ਤੇ ਨੱਚ ਰਹੀ ਸਾਂ। ਦਿਨ ਚੜ੍ਹਿਆ ਚਾਨਣ ਹੋਇਆ, ਅੰਤਾਂ ਦੀ ਠੰਢ ਠੁਰ ਠੁਰ ਕਰਦੀ ਮੈਂ ਬਾਜ਼ਾਰ ਗਈ, ਬਾਜ਼ਾਰ ਹੁਣ ਮੈਨੂੰ ਬੜਾ ਘੱਟ ਚੰਗਾ ਲਗਦਾ ਸੀ। ਬਾਜ਼ਾਰ ਜਾਂਦੀ ਨੂੰ ਜੇ ਕੋਈ ਛੇੜਦਾ ਤਾਂ ਕੋਈ ਬਹੁਤਾ ਸੁਆਦੂ ਨਹੀਂ ਆਉਂਦਾ ਸੀ। ਮੇਰੇ ਮਾਮੇ ਨੇ ਮੈਨੂੰ ਦੱਸ ਦਿੱਤਾ ਸੀ, ਚੌਂਕ ਵਾਲਾ ਮੋੜ ਮੁੜ ਕੇ ਟੀਨ ਦੇ ਛੱਪਰ ਵਾਲਾ ਦਾਤਾ ਰਾਮ ਹਲਵਾਈ ਐ, ਕਹਿ ਦੇਵੀਂ, ਤੂੰ ਮੇਰਾ ਨਾਂ ਲੈ ਲਈ।

ਦਾਤਾ ਰਾਮ ਹੱਡਾਂ ਪੈਰਾਂ ਦਾ ਸਿਆਣਾ ਘਰ ਆਇਆ, ਉਸ ਨੂੰ ਮੈਂ ਸੱਦ ਲਿਆਂਦਾ, ਉਹ ਮੇਰੇ ਮਾਮੇ ਦਾ ਗੋਡਾ ਬੰਨ੍ਹ ਗਿਆ। ਸਾਰੀ ਗੱਲ ਨਿੱਖਰ ਗਈ ਕਿ ਕੇਲੇ ਦੇ ਛਿਲਕੇ ਤੋਂ ਤਿਲਕ ਕੇ ਮੇਰਾ ਮਾਮਾ ਡਿਗ ਪਿਆ ਸੀ। ਦਾਤਾ ਰਾਮ ਕਹਿ ਗਿਆ ਸੀ, ਦਸ ਦਿਨ ਲੱਤ ਨੂੰ ਸਿੱਧਾ ਰੱਖਣੈ, ਬਿਪਤਾ ਆਣ ਖੜ੍ਹੀ ਹੋਈ, ਪਰ ਮੈਂ ਕੁਝ ਹੌਂਸਲੇ 'ਚ ਸੀ, ਕਿਉਂਕਿ ਇਹ ਕਿਹੜੀ ਪਹਿਲੀ ਬਿਪਤਾ ਸੀ।

******

## 9.

ਰੇਸ਼ਮਾ ਨੂੰ ਬਚਨੇ ਨੇ ਵੇਖਿਆ, ਰੇਸ਼ਮਾ ਨੂੰ ਬਚਨੇ ਦੀਆਂ ਲਾਲ ਲਾਲ ਸ਼ਰਾਬੀ ਅੱਖਾਂ ਜਿਵੇਂ ਖਾਣਾ ਚਾਹੁੰਦੀਆਂ ਹੋਣ, ਰੇਸ਼ਮਾ ਨੂੰ ਇੱਕ ਕਾਂਬਾ ਛਿੜਿਆ, ਉਸਨੇ ਆਪਣੇ ਆਪ ਨੂੰ ਇੱਕ ਬੱਕਰੀ ਸਮਝਿਆ, ਬਚਨਾ ਝਟਕਈ ਉਸਦੇ ਸਾਹਮਣੇ ਬੈਠਾ ਸੀ, ਭੁੰਨੀ ਹੋਈ ਕੁੜੀ ਇਸ ਤੋਂ ਵੱਧ ਹੋਰ ਸੋਚ ਭੀ ਕੀ ਸਕਦੀ ਐ। ਸੱਜ-ਵਿਆਹੀ ਰੇਸ਼ਮਾ ਨਾਲ ਕੀ ਕੁਝ ਬੀਤਿਆ ਪਿਆ ਸੀ। ਭਾਬੀ ਨੇ ਹਲਕ 'ਚ ਡੰਡਾ ਚੁੱਕ ਕੇ ਕਿਵੇਂ ਖੱਜਲ ਖੁਆਰ ਕੀਤਾ ਸੀ। ਭਰਾਵਾਂ ਨੇ ਉਸ ਨੂੰ ਮੁੱਲ ਵੇਚਿਆ ਸੀ। ਕਾਕੜ ਰੇਸ਼ਮਾ ਨੂੰ ਛੱਡ ਕੇ ਤੁਰ ਗਿਆ ਸੀ, ਰੇਸ਼ਮਾ ਨੂੰ ਭੈਅ ਸੀ ਕਿਤੇ ਰੇਲ ਹੇਠ ਆ ਕੇ ਮਰ ਨਾ ਗਿਆ ਹੋਵੇ। ਰੇਸ਼ਮਾ ਦੀ ਬਦਨਾਮੀ ਹੋ ਚੁੱਕੀ ਸੀ। ਇੱਕ ਤ੍ਰੀਮਤ 'ਚ ਕਿੰਨਾ ਕੁ ਜ਼ੋਰ ਹੈ, ਜਿਹੜੀ ਅਜਿਹੇ ਹਾਦਸੇ ਹੱਸ ਕੇ ਸਹਿ ਸਕੇ। ਮਨੁੱਖ ਨੇ ਤ੍ਰੀਮਤ ਨੂੰ ਸਦੀਆਂ ਤੋਂ ਇੰਝ ਹੀ ਝੰਜੋੜ ਕੇ ਰੱਖਿਆ ਹੈ।

ਰੇਸ਼ਮਾ ਕਰਦੀ ਤਾਂ ਕੀ ਕਰਦੀ, ਖੂਹ 'ਚ ਛਾਲ ਮਾਰਕੇ ਮਰ ਸਕਦੀ ਸੀ, ਮਰਨਾ ਉਸ ਚਾਹਿਆ, ਪਰ ਉਹ ਮਰ ਨਾ ਸਕੀ। ਜਿਊਣ ਜੋਗੀ, ਉਹਨੂੰ ਉਸਦੀ ਬਦਨਾਮੀ ਨੇ, ਉਸਦੇ ਮਾਪਿਆਂ ਨੇ, ਤੇ ਕਾਕੜ ਨੇ ਛੱਡਿਆ ਨਹੀਂ ਸੀ।

ਨਵੇਂ ਘਰ 'ਚ ਸੱਜ-ਵਿਆਹੀ ਮੁਟਿਆਰ, ਸਹਿਕਦੇ ਸਾਹ ਰੇਸ਼ਮਾ, ਬੱਚਨੇ ਦੀ ਵਹੁਟੀ, ਕਾਕੜ ਦੀ ਯਾਦ ਗਠਰੀ ਬਣ ਕੇ ਰਹਿੰਦੀ, ਕੰਮ ਕਾਰ 'ਚ ਉਸਦਾ ਹੱਥ ਨਾ ਖੁੱਲ੍ਹਦਾ। ਸ਼ਰੀਕਾਂ ਨੇ ਬਚਨੇ ਨੂੰ ਆਪਣੇ ਘਰੋਂ ਡੱਕਰ ਦਿੱਤਾ ਸੀ, ਉਹ ਚਾਹੁੰਦੇ ਸਨ, ਬਚਨਾ ਵਿਕ ਜਾਵੇ, ਉਹ ਤਾਂ ਚਾਹੁੰਦੇ ਸਨ, ਬਚਨੇ ਦੀ ਡਲੀ ਡਲੀ ਤਕ ਵਿਕ ਜਾਵੇ ਤੇ ਆਖਰ ਰੋਟੀ ਤੋਂ ਆਡ਼ਾ ਹੋ ਕੇ ਠੂਠਾ ਲੈ ਗਲੀਏ ਮੰਗਣ ਲੱਗ ਜਾਵੇ। ਬਚਨੇ ਦੇ ਵਿਆਹ ਤੇ ਚਾਰ, ਪੰਜ ਸੌ ਦੀ ਸ਼ਰਾਬ ਉੱਡ ਗਈ, ਆਖਿਰ ਵਿਆਹ ਦੇ ਇਸ ਹਿਸਾਬ 'ਚ ਉਹ ਪੰਜ, ਚਾਰ ਹਜ਼ਾਰ ਹੇਠ ਆ ਗਿਆ। ਪੰਜ ਕੁ ਕਿੱਲੇ ਜ਼ਮੀਨ, ਕੱਚਾ ਪਿੱਲਾ ਘਰ ਉਸਦਾ, ਬਚਨਾ ਉਸਦੀ ਇੱਕ ਨਿੱਕੀ ਜਹੀ ਭੈਣ ਸੀਤੋ, ਰੇਸ਼ਮਾ ਨੂੰ ਸੀਤੋ ਦਾ ਬਾਲ ਮੁਹਾਂਦਰਾ ਬੜਾ

ਪਿਆਰਾ ਲਗਦਾ, ਕਹਿੰਦੇ ਨੇ ਜਦ ਬਚਨੇ ਦੀ ਮਾਂ ਮਰੀ ਸੀ, ਸੀਤੋ ਮਸਾਂ ਦੋ ਕੁ ਵਰ੍ਹਿਆਂ ਦੀ ਸੀ। ਸੀਹੋ ਦੀ ਤਾਈ ਨੇ ਬਹੁਤੇਰਾ ਚਾਹਿਆ, ਪਰ ਸੀਤੋ ਮਰੀ ਨਾ ਸੀਤੋ ਨੂੰ ਇਨ੍ਹਾਂ ਵਰ੍ਹਿਆਂ 'ਚ ਗਾਲਾਂ, ਦੁੱਖੜਾਂ, ਝਿੜਕ ਝੰਭਾ ਹੀ ਹੁੰਦਾ ਰਿਹਾ। ਨਿੱਕੀ ਜਹੀ ਸੀਤੋ ਚੁੱਪ ਚੁੱਪ ਆਪਣੀ ਭਾਬੀ, ਨਵੀਂ ਭਾਬੀ ਨਾਲ ਸੁੰਗੜ ਕੇ ਬੈਠ ਜਾਂਦੀ। ਜਦੋਂ ਸੀਤੋ ਆਪਣੀ ਭਾਬੀ ਦੀ ਗੋਦੀ 'ਚ ਬੈਠ ਜਾਂਦੀ, ਰੇਸ਼ਮਾ ਅੰਦਰ ਇੱਕ ਪਿਆਰੀ ਪਿਆਰੀ ਹੂਕ ਉੱਠਦੀ।

ਰੇਸ਼ਮਾ ਨੂੰ ਸ਼ਗਨ ਦੇਣ ਆਈਆਂ ਕੁੜੀਆਂ, ਬੁੜ੍ਹੀਆਂ, ਸ਼ਰੀਕੇ ਦੀਆਂ ਤੀਵੀਆਂ ਇਉਂ ਵੇਖਦੀਆਂ, ਜਿਵੇਂ ਸੌਦਾ ਮਹਿੰਗਾ ਨਹੀਂ ਹੁੰਦਾ, ਰੇਸ਼ਮਾ ਸਮਝਦੀ ਸੀ, ਸਮਝ ਕੇ ਉਸਦੀ ਹਿੱਕ ਤੇ ਇੱਕ ਪੱਥਰ ਜਿਹਾ ਆ ਟਿਕਦਾ। ਰੇਸ਼ਮਾ ਨੂੰ ਆਪਣੇ ਛੋਟੇ ਭਰਾਵਾਂ ਦੀ ਯਾਦ ਅੱਕ ਵਾਂਗ ਕੌੜੀ ਲਗਦੀ। ਪੇਕੇ ਘਰ ਉਸਦਾ ਮਨ ਜੇਕਰ ਤੱਕਦਾ ਤਾਂ ਕੇਵਲ ਆਪਣੇ ਬਾਪੂ ਮੋਦਨ ਤੇ ਵੱਡੇ ਭਰਾ ਦਾਨੇ ਵੱਲ ਹੀ ਉੱਲਰਦਾ। ਰੇਸ਼ਮਾ ਨੂੰ ਉਹ ਦਿਹਾੜਾ ਅਜੇ ਤੱਕ ਭੁੱਲਿਆ ਨਹੀਂ ਸੀ, ਜਦ ਉਸ ਦੇ ਬਾਪੂ ਮੋਦਨ ਨੇ ਆਪਣੇ ਮੋਢਿਆਂ ਦਾ ਪਰਨਾ ਆਪਣੀ ਧੀ ਦੇ ਪੈਰੀਂ ਰੱਖਿਆ ਸੀ ਤੇ ਫੇਰ ਬੁੱਢੇ ਬਾਪ ਦੀ ਭੁੱਬ....ਤੇ ਰੇਸ਼ਮਾ ਦਾ ਵੱਡਾ ਭਰਾ ਦਾਨਾ, ਦਾਨੇ ਦੀ ਘਰ ਵਾਲੀ ਨੇ ਆਪਣੇ ਦਿਓਰਾਂ ਤੋਂ ਵੀਹ ਵਾਰ ਬੇਇੱਜ਼ਤੀ ਕਰਵਾ ਕੇ ਘਰੋਂ ਕਢਵਾਇਆ ਸੀ। ਰੇਸ਼ਮਾ ਨੂੰ ਇੰਜ ਅਜਿਹਾ ਕੁਝ ਸੋਚਦਿਆਂ ਸੋਚਦਿਆਂ ਆਪਣੇ ਗੱਭਰੂ ਬਚਨੇ ਨਾਲ ਤਿਓ ਜਿਹਾ ਭੀ ਹੋਣਾ ਸ਼ੁਰੂ ਹੋ ਜਾਂਦਾ। ਬਚਨੇ ਬਾਰੇ ਸਾਰੀਆਂ ਗੱਲਾਂ ਖੁੱਲ੍ਹਣ ਲੱਗ ਪਈਆਂ ਸਨ, ਕਿਵੇਂ ਸ਼ਰੀਕੇ ਦੀਆਂ ਖੁਰਲੀਆਂ ਤੇ ਉਹ ਕੱਖ ਹੂੰਝਦਾ ਰਿਹਾ ਸੀ, ਸ਼ਰੀਕੇ 'ਚੋਂ ਹੀ ਇੱਕ ਉਸਦੀ ਭਾਬੀ ਕਿਵੇਂ ਉਸ ਦੇ ਪਿੱਛੇ ਪਈ ਹੋਈ ਸੀ। ਬਚਨੇ ਦਾ ਲੰਗੋਟੀਆ ਦਿਵਾਨੇ ਕਾ ਮਿਸਰੂ ਕਿਹੜਾ ਚੰਗੀ ਮੱਤ ਦਾ ਮਾਲਕ ਸੀ, ਉਹ ਭੀ ਤਾਂ ਅਕੇਰਾਂ ਆਪਣੇ ਛੋਟੇ ਭਰਾ ਦੇ ਵਿਆਹ ਨੂੰ ਅੰਦਰਲੀ ਸਬਾਤ 'ਚ ਬਿਸਤਰਿਆਂ 'ਚ ਲੁਕ ਕੇ ਪੈ ਗਿਆ, ਜਦ ਉਸਦੇ ਛੋਟੇ ਭਰਾ ਦੀ ਸੱਜ-ਵਿਆਹੀ ਨਾਰ, ਨਹਾ ਧੋ ਕੇ ਕੱਪੜੇ ਬਦਲਣ ਲੱਗੀ, ਮਿਸਰੂ ਕੌਡੀ ਕੌਡੀ ਕਹਿ ਕੇ ਉਸ ਨੂੰ ਪੈ ਗਿਆ, ਬਹੂ ਨੇ ਰੌਲਾ ਪਾ ਦਿੱਤਾ, ਘਰ 'ਚ ਘੜਮੱਸ ਪੈ ਗਿਆ, ਸਿਆਲਾਂ 'ਚ ਜਿਵੇਂ ਊਠ ਨੂੰ ਖੂੰਡੇ ਪੈਂਦੇ ਨੇ, ਮਿਸਰੂ ਮੌਰਾਂ 'ਚ ਕੁੱਟ ਕੁੱਟ ਪੂੰ ਪਾ ਤੀ, ਤੇ ਓਦਣ ਤੋਂ ਆਪਣਾ ਤਵਾ ਪਰਾਤ ਚੁੱਕ ਕੇ ਮਿਸਰੂ ਫਿਰਨੀ ਆਲੇ

ਬਾਹਰਲੇ ਘਰ ਸੀ, ਬਚਨੇ ਦਾ ਪੱਕਾ ਮੁਲਾਹਜ਼ੇਦਾਰ ਮਿਸ਼ਰੂ ਬਚਨੇ ਨੂੰ ਕਹਿੰਦਾ ਰਹਿੰਦਾ, ਵੇਖ ਓ ਬਚਨਿਆ ਇਹ ਤੀਵੀਆਂ, ਜਿਹੜੀਆਂ ਓਪਰੀਆਂ ਖੁਰਲੀਆਂ ਤੇ ਕੱਖ ਚੱਬਣ ਲੱਗ ਜਾਣ....ਮਸੋਂ ਹੀ ਧਿੱਜਦੀਆਂ ਨੇ, ਬਚਨਾ ਪੱਕੇ ਪੈਰੀਂ ਹੋ ਕੇ, ਕੰਨਾਂ ਦਾ ਕੱਚਾ, ਰੇਸ਼ਮਾ ਨਾਲ ਜੂਤ ਪਤਾਣ ਕਰਦਾ ਰਹਿੰਦਾ, ਰੇਸ਼ਮਾ ਹਾੜੇ ਕੱਢਦੀ, ਵੇ ਮੈਂ ਤਾਂ ਤੇਰੀ ਕਪਲਾ ਗਊਆਂ, ਪਰ ਬਚਨਾ ਇਕ ਨਾ ਸੁਣਦਾ, ਸ਼ਰਾਬ ਦਾ ਪ੍ਰਯੋਗ, ਕਰਜ਼ੇ ਦਾ ਬੋਝ, ਦਿਲ 'ਚ ਸ਼ੱਕ, ਬਚਨੇ ਨੂੰ ਲੈ ਬੈਠਾ, ਦਿਨਾਂ 'ਚ ਹੀ ਬਚਨਾ ਠਰਨ ਲੱਗ ਪਿਆ, ਦਿਨ ਰਾਤ ਰੇਸ਼ਮਾ ਦੇ ਪੇਕਿਆਂ ਨੂੰ ਬਚਨਾ ਗਾਲਾਂ ਕੱਢਦਾ ਰਹਿੰਦਾ, ਰੇਸ਼ਮਾ ਇਹ ਸਭ ਕੁਝ ਸੁਣ ਕੇ ਪਾਣੀ 'ਚ ਬਹਿ ਜਾਂਦੀ। ਬਚਨੇ ਦੀ ਇਸ ਹਾਲਤ ਤੇ ਉਸਦਾ ਸ਼ਰੀਕਾ ਬੜਾ ਖੁਸ਼ ਹੁੰਦਾ। ਜ਼ਿੰਦਗੀ 'ਚ ਇਉਂ ਛਤਰਾਉਲ ਹੁੰਦੀ ਨੂੰ ਵੇਖ ਕੇ ਰੇਸ਼ਮਾ ਘਰ 'ਚ ਬੈਠੀ ਰੋਂਦੀ ਰਹਿੰਦੀ। ਸੀਤੋ ਇੱਕ ਮਾਸੂਮ ਜਹੀ ਬਲੂੰਗੜੀ ਬਣ ਕੇ ਉਸਦੀ ਬੁੱਕਲ 'ਚ ਬੈਠ ਜਾਂਦੀ।

ਨਰਕ ਕੁੰਡੀ, ਰੇਸ਼ਮਾ ਦੀ ਜਿੰਦ ਦਿਨ ਟੁੱਟਦੇ ਰਹੇ, ਚੀਂਗ ਚਿਹਾੜੇ 'ਚ ਰੇਸ਼ਮਾ ਨੂੰ ਕਦੇ ਕਦੇ ਕਾਕੜ ਦੀ ਫੋਕੀ ਫੋਕੀ ਯਾਦ ਆਉਂਦੀ, ਇਹ ਫੋਕੀ ਯਾਦ, ਜਿਹੜੀ ਕਦੀ ਬੇਹੱਦ ਨਿੱਘੀ ਸੀ। ਰੇਸ਼ਮਾ ਨਾਲ ਇਕ ਦਿਨ ਜਿਵੇਂ ਇੰਜ ਹੋਣਾ ਹੀ ਸੀ। ਆਖਰ ਇਕ ਦਿਨ ਰੇਸ਼ਮਾ ਦੇ ਪੇਕਿਆਂ ਦਾ ਲਾਗੀ ਆਇਆ, ਸੁੱਖ ਸੁਨੇਹੇ ਦੀ ਉਡੀਕ, ਰੇਸ਼ਮਾ ਦਾ ਆਪਣੇ ਪੇਕਿਆਂ ਦੇ ਲਾਗੀ ਨੂੰ ਵੇਖ ਕੇ ਪੱਬ ਧਰਤੀ ਤੇ ਨਹੀਂ ਸੀ ਲੱਗਦਾ, ਪਰ ਕਰਮਾਂ ਮਾਰੀ ਰੇਸ਼ਮਾ ਦਾ ਜਿਵੇਂ ਤਿਗ ਟੁੱਟ ਗਿਆ ਹੁੰਦੈ, ਸੁਣ ਕੇ ਉੱਥੇ ਹੀ ਢਹਿ ਢੇਰੀ ਹੋ ਗਈ, ਘਰ ਵਿੱਚ ਰੁਦਨ ਸ਼ੁਰੂ ਹੋ ਗਿਆ। ਕੀਰਨੇ ਲੰਮੇ ਲੰਮੇ ਦਰਦੀ ਕੀਰਨੇ, ਜਿਵੇਂ ਬਚਨੇ ਦੇ ਖੋਲੇ ਦੀਆਂ ਕੰਧਾਂ ਕੰਬ ਉਠੀਆਂ ਹੋਣ। ਆਂਢਣਾਂ ਗੁਆਂਢਣਾਂ ਆਈਆਂ, ਏਧਰ ਉੱਧਰ ਦੀਆਂ ਮਾਰਦੀਆਂ ਰਹੀਆਂ, ਸੱਥਰ ਵਿਛ ਗਿਆ, ਸੱਥਰ ਤੇ ਬੈਠ ਕੇ ਧਰਮੀ ਬਾਬਲ ਦੇ ਕੀਰਨੇ, ਸ਼ਰੀਕੇ ਦੀਆਂ ਬੁੱਢੀਆਂ ਮੋਦਨ ਦੇ ਧਰਮੀ ਬਾਬਲ ਦੇ ਵੈਣ ਪਾ ਪਾ ਜਿਵੇਂ ਰੇਸ਼ਮਾ ਦੇ ਲਿੱਤੇ ਪੈਸਿਆਂ ਦੀ ਗੱਲ ਛੇੜਦੀਆਂ ਹੋਣ। ਮੋਦਨ ਮਰ ਗਿਆ, ਰੇਸ਼ਮਾ ਅੰਦਰ ਜਿਵੇਂ ਕੋਈ ਪੱਥਰ ਧਰ ਗਿਆ ਹੋਵੇ।

ਰੇਸ਼ਮਾ ਨੇ ਬਚਨੇ ਦੇ ਪੈਰੀਂ ਹੱਥ ਲਾਏ, ਸੌ ਤਰਲੇ ਕੀਤੇ ਪਰ ਬਚਨਾ ਨਾ ਮੰਨਿਆ, ਧੀ ਆਪਣੇ ਬਾਪ ਦੇ ਮਰਨੇ ਤੇ ਭੀ ਨਾ ਜਾ ਸਕੀ। ਬਚਨੇ ਨੂੰ ਮਿਸਰੂ ਨੇ ਪੱਕਾ ਕੀਤਾ ਹੋਇਆ ਸੀ, "ਕੰਜਰ ਦਿਆ ਵੇਖੀਂ ਤੋਰਦੇਂ ਮੁੱਲ ਦੀ ਐ, ਤੋਰਣੀ ਨਹੀਂ, ਫੇਰ ਰੋਵੇਂਗਾ ਅੱਖਾਂ 'ਚ ਘਸੁੱਨ ਦੇ ਦੇ ਇਹ ਜੱਟ ਬੜੇ ਕੁਪੱਤੇ ਹੁੰਦੇ ਨੇ" ਰੇਸ਼ਮਾ ਦੇ ਤਰਲੇ, ਤਰਲੇ ਹੀ ਰਹਿ ਗਏ ਤੇ ਰੇਸ਼ਮਾ ਨੇ ਉਸ ਦਿਨ ਤੋਂ ਬਾਅਦ ਤਾਂ ਕਹਿਣਾ ਹੀ ਛੱਡ ਦਿੱਤਾ, ਜਿੱਦਣ ਬਚਨੇ ਮੋੜ ਦਿੱਤਾ, "ਆਹੋ, ਕਾਕੜ ਯਾਦ ਆਉਂਦਾ ਹੋਊਗਾ।"

*******

# 10.

ਕਾਕੜ ਦੀ ਗੱਡੀ ਦਾ ਸਫ਼ਰ ਖ਼ਤਮ ਹੋਣ ਵਾਲਾ ਸੀ। ਜਿਉਂ ਜਿਉਂ ਗੱਡੀ ਦਾ ਸਫ਼ਰ ਖਤਮ ਹੋਣ ਨੂੰ ਆਉਂਦਾ, ਤਿਉਂ ਤਿਉਂ ਉਸ ਨੂੰ ਸੋਚ ਖੜ੍ਹੀ ਹੋ ਜਾਂਦੀ। ਰਾਹ 'ਚ ਜਿਹੜਾ ਨਿੱਕ ਸੁੱਕ ਉਸ ਨੂੰ ਅਸਟੇਸ਼ਨ ਤੋਂ ਮਿਲਦਾ ਉਹ ਖਾ ਪੀ ਛੱਡਦਾ। ਜਦੋਂ ਕਦੇ ਕਾਕੜ ਨੂੰ ਫਿਕਰ ਪੈਂਦਾ, ਕਿੱਥੇ ਜਾਵੇਗਾ, ਕੀ ਕਰੇਗਾ ਤੇ ਉਸ ਨੂੰ ਆਪਣਾ ਵਲੈਤੀ ਚਾਚਾ ਚੇਤੇ ਪੈਂਦਾ, ਇੱਕ ਖਿੱਝ ਜਿਹੀ ਉਸਦੇ ਅੰਦਰ ਉੱਠਦੀ ਤੇ ਉਹ ਜਿਵੇਂ ਸੁੰਨ ਜਿਹਾ ਹੋ ਕੇ ਸੋਚਦਾ ਰਹਿੰਦਾ, ਸੋਚਦਾ ਸੋਚਦਾ ਭਾਣੇ ਤੇ ਆ ਕੇ ਉਹ ਟਿੱਕ ਜਾਂਦਾ, ਭਾਣਾ, ਉਨ੍ਹਾਂ ਦੇ ਪਿੰਡ ਦਾ ਖੱਤਰੀਆਂ ਦਾ ਮੁੰਡਾ ਸੀ, ਭਾਣੇ ਦੀ ਯਾਦ ਆਉਣ ਸਾਰ ਉਸ ਦੀ ਕਹਾਣੀ ਚੇਤੇ ਪੈ ਜਾਂਦੀ, ਉਹ ਕਿਹੜਾ ਕਿਸੇ ਭਲੀਪਤ ਨਾਲ ਪਿੰਡੋਂ ਭੱਜਿਆ ਸੀ ਤੇ ਫੇਰ ਕਾਕੜ ਨੂੰ ਭਾਣੇ ਦੀ ਉਹ ਤੋਰ ਯਾਦ ਆਉਂਦੀ ਜਦੋਂ ਉਹ ਕਦੇ ਸਾਲ ਛਿਮਾਹੀ ਪਿੱਛੋਂ ਪਿੰਡ ਗੇੜਾ ਮਾਰਦਾ ਹੁੰਦਾ ਸੀ। ਭਾਣਾ ਪਹਿਲਾਂ ਤਾਂ ਆਪਣੇ ਪਿੰਡ ਦੇ ਜੰਗੀਰੇ ਦੀਆਂ ਗੱਡੀਆਂ ਤੇ ਰਿਹਾ ਤੇ ਫੇਰ ਸਾਲ ਦੋ ਸਾਲ ਮਗਰੋਂ ਆਪ ਟੈਕਸੀ ਵਾਹੁਣ ਲੱਗ ਪਿਆ। ਹੁਣ ਭਾਣੇ ਦਾ ਕਲਕੱਤੇ ਇੱਕ ਛੋਟਾ ਜਿਹਾ ਢਾਬਾ ਸੀ। ਸ਼ਹਿਰੀ ਦਾਅ ਪੇਚ ਉਸ ਨੂੰ ਪੂਰੇ ਆਉਣ ਲੱਗ ਪਏ ਸਨ। ਢਾਬੇ ਤੇ ਪੁਲਿਸ ਨਾਲ ਮਿਲ ਕੇ ਨਜਾਇਜ਼ ਸ਼ਰਾਬ ਵੇਚ ਕੇ ਬਾਹਵਾ ਕੇ ਬਾਹਵਾ ਆਮਦਨ ਦਾ ਵਸੀਲਾ ਭਾਣੇ ਨੇ ਬਣਾ ਰੱਖਿਆ ਸੀ। ਪੰਜਾਬੀ ਡਰਾਈਵਰਾਂ 'ਚ ਭਾਣੇ ਦਾ ਢਾਬਾ ਮੰਨਿਆ ਪ੍ਰਮੰਨਿਆ ਅੱਡਾ ਸੀ। ਆਖਿਰ ਨੂੰ ਅਸਟੇਸ਼ਣ ਆਇਆ, ਭਮੱਤਰਿਆ ਕਾਕੜ ਉੱਤਰਿਆ, ਗੱਡੀ ਦਾ ਡੱਬਾ ਉਸ ਨੂੰ ਇਨ੍ਹਾਂ ਪਿਛਲੇ ਘੰਟਿਆਂ 'ਚ ਆਪਣਾ ਜਿਵੇਂ ਘਰ ਜਾਪਣ ਲੱਗ ਪਿਆ ਸੀ। ਉਸ ਦਾ ਦਿਲ ਕੀਤਾ ਪਲੇਟਫ਼ਾਰਮ ਤੋਂ ਭੱਜ ਕੇ ਡੱਬੇ 'ਚ ਹੀ ਬੈਠ ਜਾਵੇ। ਹਨੇਰਾ ਹੋ ਗਿਆ ਸੀ, ਪਰ ਚਾਰੇ ਪਾਸੇ ਬਿਜਲੀ ਦੀਆਂ ਬੱਤੀਆਂ ਦੀ ਝਿਲਮਿਲ ਕਰਦੀ ਰੋਸ਼ਨੀ ਦਿਨ ਦੇ ਚਾਨਣੇ ਨੂੰ ਮਾਤ ਕਰ ਰਹੀ ਸੀ, ਇਸ ਰੋਸ਼ਨੀ 'ਚ ਅੱਗ ਲੱਗੀ ਵਾਂਗ ਫਿਰਦੀਆਂ ਮਰਦ ਤ੍ਰੀਮਤਾਂ, ਨੰਗੀਆਂ ਨੰਗੀਆਂ ਮੂਰਤਾਂ ਇਹ ਤ੍ਰੀਮਤਾਂ ਕਾਕੜ ਨੂੰ ਚੰਗੀਆਂ ਚੰਗੀਆਂ ਲੱਗੀਆਂ ਪਰ ਬੁਸਬੁਸੇ ਦਿਲ ਨਾਲ ਸੁੰਦਰਤਾ ਦਾ ਫਿੱਕਾ

ਫਿੱਕਾ ਸੁਆਦ ਉਸ ਦੇ ਮੂੰਹ ਨੂੰ ਕੌੜਾ ਕਰ ਰਿਹਾ ਸੀ। ਕਾਕੜ ਨੂੰ ਇਉਂ ਲੱਗਿਆ ਜਿਵੇਂ ਉਹ ਕਿਸੇ ਮੇਲੇ ਵਿੱਚ ਗੁਆਚ ਗਿਆ ਹੁੰਦੈ ਤੇ ਉਸ ਦਾ ਚਾਚਾ ਵਲੈਤੀ ਉਸ ਨੂੰ ਹਾਕਾਂ ਮਾਰ ਰਿਹਾ ਹੁੰਦੈ। ਕਾਕੜ ਨੇ, ਡਰਦੇ ਡਰਦੇ ਨੇ ਪੁੱਛਿਆ, "ਕਿਉਂ ਬਈ, ਭਾਈ ਜੀ, ਉਹ ਸਾਡੇ ਪਿੰਡ ਵਾਲਾ ਭਾਣਾ " ਕਾਲਾ ਜਿਹਾ ਬਾਬੂ ਵੇਖੇ ਬਿਨਾ ਹੀ ਅਗਾਂਹ ਨੂੰ ਤੁਰਦਾ ਰਿਹਾ, ਕਾਕੜ ਪਲੇਟਫ਼ਾਰਮ ਤੇ ਖੜ੍ਹਾ ਖੜ੍ਹਾ ਇਉਂ ਅਨੁਭਵ ਕਰ ਰਿਹਾ ਸੀ ਜਿਵੇਂ ਕਿਸੇ ਛੋਟੇ ਜਿਹੇ ਬੱਚੇ ਦੀ ਮੇਲੇ 'ਚ ਉਂਗਲ ਛੁੱਟ ਗਈ ਹੁੰਦੀ ਹੈ, ਉਂਗਲ ਹੀ ਨਹੀਂ ਛੁੱਟੀ ਹੁੰਦੀ, ਸਗੋਂ ਉਪਰ ਦੀ ਧੱਕੇ ਭੀ ਪੈ ਰਹੇ ਹੁੰਦੇ ਨੇ...ਕਿਸੇ ਨੇ ਬੱਚੇ ਨੂੰ ਜਲੇਬੀ ਦੇ ਦਿਤੀ ਹੋਵੇ। ਜਲੇਬੀ ਖਾਣ ਦਾ ਸੁਆਦ ਆਪਣੇ ਮਾਪਿਆਂ ਤੋਂ ਵੱਖ ਹੋਣ ਦੀ ਸੁਤਾ, ਮਾਪਿਆਂ ਦੀ ਸੁਤਾ ਆਉਣ ਸਾਰ ਬੱਚਾ ਜਲੇਬੀ ਸੁੱਟ ਕੇ ਭੁਲੇਖਾ ਖਾ ਕੇ ਆਪਣੇ ਬਾਪੂ, ਆਪਣੀ ਮਾਂ ਵੱਲ ਭੱਜੇ ਪਰ ਮੇਲੇ 'ਚ ਬੱਚੇ ਦੀ ਨਿਰਾਸ਼ਾ, ਕਾਕੜ ਨੇ ਦੂਜੀ ਵਾਰ ਫੇਰ ਹੀਆ ਜਿਹਾ ਕਰਕੇ ਇੱਕ ਬੁੱਢੇ ਨੂੰ ਪੁੱਛਿਆ, " ਕਿਉਂ ਭਾਈ, ਸਾਡੇ ਪਿੰਡ ਦਾ ਭਾਣਾ...." ਨੇੜਿਓਂ ਜਾਂਦੇ ਇੱਕ ਪੰਜਾਬੀ ਨੇ ਕਾਕੜ ਨੂੰ ਮੋਢਿਉਂ ਫੜ ਕੇ ਇੱਕ ਚੰਗਾ ਹਲੂਣਾ ਦਿੱਤਾ ਤੇ ਫੇਰ ਆਖਿਆ, "ਸਾਲਿਆ ਤੇਰੇ ਭਾਨੇ ਦਾ ਏਥੇ ਗਦੌੜਾ ਫੇਰਿਆ...." ਤੇ ਫੇਰ ਉਸ ਨੇ ਕਾਕੜ ਨੂੰ ਬਾਹੋਂ ਧੂਹ ਕੇ ਆਪਣੀ ਟੈਕਸੀ 'ਚ ਬਿਠਾਂਦਿਆ ਹੀ ਛੇੜ ਲਿਆ, "ਕਿਉਂ ਫੇਰ ਕਿਹੜੀ ਛੱਮਕ ਛੱਲੋ ਨੂੰ ਛੇੜ ਕੇ ਭੱਜਿਐ..." ਭਾਣਾ ਕਿਹੜੇ ਕੂਲੇ ਹੱਥੀਂ ਏਥੇ ਆਇਆ ਸੀ।

ਹੁਣ ਖੱਬੀ ਖਾਨ ਬਣਿਆ ਬੈਠੈ, ਹੁਣ ਤਾਂ ਸਾਡੇ ਭੀ ਕੰਨ ਕੁਤਰਦੈ, ਜੁਆਨਾ ਇਹ ਤਾਂ ਰਾਜੇ ਵਿਰਾਟ ਦੀ ਨਗਰੀ ਐ....ਏਥੇ ਤਾਂ ਸਭ ਚਲਦੈ, ਖੋਟਾ ਭੀ ਖਰਾ ਭੀ, ਅੱਜ ਤੇਰੇ ਭਾਨੇ ਸਿਰ ਬੋਤਲ ਹੋ ਗੀ। ਕਾਕੜ ਉਸ ਅਣਜਾਣ ਦੀਆਂ ਆਪਸਦਾਰੀ ਦੀਆਂ ਗੱਲਾਂ ਤੇ ਘੱਟ, ਬਾਹਰ ਸ਼ਹਿਰ ਦੇ ਬਜ਼ਾਰ ਵੱਲ ਵੱਧ ਧਿਆਨ ਦੇ ਰਿਹਾ ਸੀ, ਹੁਣ ਉਸ ਦਾ ਧੁੜਕੂ ਤਾਂ ਹੱਟ ਗਿਆ ਸੀ, ਟੈਕਸੀ ਡਰਾਈਵਰ ਕਾਕੜ ਨੂੰ ਉਤਾਰ ਕੇ ਇਸ਼ਾਰੇ ਨਾਲ ਭਾਣੇ ਨੂੰ-ਬੰਦਾ ਸੰਭਾਲ ਕੇ ਕੂਹਣੀ ਹੇਠ ਹੱਥ ਰੱਖ ਕੇ ਬੋਤਲ ਜਿਹੀ ਬਣਾ ਕੇ ਕਹਿੰਦਾ ਗਿਆ, ਆਥਣ ਨੂੰ ਲਾਲਪਰੀ...

*****

# 11.

ਉਸ ਛੋਟੇ ਜਿਹੇ ਸ਼ਹਿਰ 'ਚ ਬਿਰਜੂ ਨੂੰ ਕੌਣ ਨਹੀਂ ਜਾਣਦਾ ਸੀ; ਉਹ ਤਾਂ ਉਸ ਸ਼ਹਿਰ ਦਾ ਇੱਕ ਗਹਿਣਾ ਜਿਹਾ ਬਣ ਚੁੱਕਿਆ ਸੀ। ਜਿਸ ਦਿਨ ਬਿਰਜੂ ਦਾ ਸ਼ਹਿਰ ਦੀਆਂ ਗਲੀਆਂ 'ਚ ਫੇਰਾ ਨਾ ਤ੍ਰੀਮਤਾਂ ਨੂੰ ਔੜ ਕੇ ਆਉਂਦੇ ਰਹਿੰਦੇ। ਬੁੱਢੇ ਬਿਰਜੂ ਨਾਲ ਤ੍ਰੀਮਤਾਂ, ਕੁੜੀਆਂ ਇੱਕ ਤ੍ਰਿਪਤੀ ਪ੍ਰਾਪਤ ਕਰਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਕਰਕੇ, ਹਰ ਤ੍ਰੀਮਤ, ਮਰਦ ਦੋ ਹਿੱਲਦੇ ਬੁੱਲ੍ਹਾਂ ਨੂੰ ਵੇਖ ਕੇ ਸੁਆਦ ਮਾਣਦੀ ਹੈ ਤੇ ਹਰ ਮਰਦ, ਤ੍ਰੀਮਤ ਦੇ ਨੇੜ 'ਚੋਂ ਇੱਕ ਖੁਸ਼ਬੋ ਜਿਹੀ ਲੈਂਦਾ ਰਹਿੰਦਾ ਹੈ। ਬਿਰਜੂ ਭਾਵੇਂ ਬੁੱਢਾ ਸੀ ਪਰ ਹੈ ਤਾਂ ਇਕ ਮਨੁੱਖ ਸੀ ਤੇ ਫੇਰ ਜਿਹੜੀ ਕੋਈ ਭੇਤਣ ਹੁੰਦੀ, ਬਿਰਜੂ ਨਾਲ ਉਸ ਦੀ ਘਰ ਵਾਲੀ ਦੀ ਛੇੜ ਲੈਂਦੀ ਤੇ ਬਸ ਫੇਰ ਕੀ ਹੁੰਦਾ, ਗੱਲਾਂ ਗੱਲਾਂ 'ਚ ਹੀ ਬਿਰਜੂ ਦੀਆਂ ਅੱਖਾਂ 'ਚੋਂ ਘੱਗਰ ਦਾ ਹੜ੍ਹ ਹੰਝੂ ਬਣ ਕੇ ਬਹਿ ਤੁਰਦਾ। "ਹੋਣੀ ਐ ਬੇ ਵੀਰਾ, ਕਾਹਨੂੰ ਆਪਣੀ ਜਾਨ ਨੂੰ ਰੱਸੇ ਵੱਟਦਾ ਫਿਰਦੈਂ, ਕਿਸੇ ਮੰਦਰ, ਗੁਰਦੁਆਰੇ ਜਾ ਬੈਠ, ਕੋਈ ਮਾਲਾ ਮਨਕਾ ਫੇਰੀ ਜਾ, ਇਹ ਤਾਂ ਕਿਸੇ ਜਨਮ ਦਾ ਲੈਣ ਦੇਣ ਹੁੰਦੈ। ਕਿਸੇ ਬੁੱਢੀ ਠੇਰੀ ਦੇ ਆਖੇ, ਧਰਵਾਸ ਅੱਖਰ ਬਿਰਜੂ ਨੂੰ ਪਿਆਰੇ ਨਾ ਲਗਦੇ। ਉਸ ਨੂੰ ਇਹ ਸੱਦੋਂ ਹੀ ਗਿਲਾ ਰਹਿੰਦਾ, "ਜਦੋਂ ਦੁਨੀਆਂ 'ਚ ਬਾਕੀ ਘਰ ਵਸਦੇ ਨੇ, ਸ਼ਹਿਰ 'ਚ ਰੌਣਕ ਵਧਦੀ ਹੈ, ਕਾਲੂ ਸੂਦ ਦੀ ਵਹੁਟੀ ਜਿਊਂਦੀ ਐ, ਫੇਰ ਮੇਰਾ ਘਰ ਕਿਉਂ ਉੱਜੜੇ....ਤੇ ਫੇਰ ਉਹ ਉਸ ਥਾਂ ਤੋਂ ਉੱਠ ਤੁਰਦਾ ਤੇ ਸੇਠ ਲਛਮੀ ਦਾਸ ਦੀ ਹਵੇਲੀ ਹੇਠ ਖਾਲੀ ਬੋਤਲ ਵਕਾਊ ਖਾਲੀ ਦਾ ਹੋਕਾ ਦੇਂਦਾ, ਅੰਦਰੋਂ ਉਸ ਦਾ ਜੀਅ ਕਰਦਾ ਸ਼ਾਇਦ ਕਾਲੂ ਸੂਦ ਦੀ ਘਰ ਵਾਲੀ ਦੇ ਦੀਦਾਰ....ਪਹਿਲ ਪ੍ਰਥਿਮੇ ਦਿਨ ਜਿਸ ਦਿਨ ਬਿਰਜੂ ਆਪਣੀ ਘਰ ਵਾਲੀ ਕ੍ਰਿਸ਼ਨਾ ਨੂੰ ਲੈ ਕੇ ਆਇਆ ਸੀ ਉਸ ਦਿਨ ਬਿਰਜੂ ਆਪਣੀ ਘਰ ਵਾਲੀ ਤੇ....ਕਾਲੂ ਸੂਦ ਦੀ ਘਰਵਾਲੀ ਜਦੋਂ ਕਦੇ ਕਾਰ 'ਚ ਬੈਠ ਕੇ ਸ਼ਹਿਰ ਦੀ ਸੜਕ ਤੋਂ ਜਾਂਦੀ ਐ ਬਿਰਜੂ ਨੂੰ ਉਹ ਦਿਨ ਬਹੁਤ ਭਾਰੀ ਲਗਦਾ ਹੈ, ਉਹ ਉਸ ਦਿਨ ਰੱਜ ਕੇ ਪੀਂਦਾ ਹੈ, ਪੀ ਕੇ ਸੋਚਦਾ ਹੈ, "ਉਸ ਦੀ ਕ੍ਰਿਸ਼ਨਾ ਨੂੰ ਟੀ.ਬੀ. ਹੋ ਗਈ ਸੀ ਤੇ ਇਹ.....ਸੋਠਾਨੀ ਘੁੱਕਰ ਵਰਗੀ ਸੇਠਾਨੀ....." ਬਿਰਜੂ ਨੂੰ ਨਾ ਮੰਦਰ

ਨਾਲ ਪਿਆਰ ਸੀ ਨਾ ਮਾਲਾ ਨਾਲ। ਸ਼ਰਾਬ ਭੀ ਉਹ ਆਪਣੀ ਘਰਵਾਲੀ ਕ੍ਰਿਸ਼ਨਾ ਤੇ ਉੱਪਰ ਥਲੀ ਦੇ ਬੱਚਿਆਂ ਦੀ ਮੌਤ ਮਗਰੋਂ ਪੀਣ ਲਗਿਆ ਸੀ। ਬਿਰਜੂ ਨੂੰ ਭੈਣ ਪਾਰੋ ਜੇ ਕਦੇ ਧਰਵਾਸ ਦੇ ਅੱਖਰ ਆਖਦੀ, ਬਿਰਜੂ ਨੂੰ ਉਹ ਬਿੱਛੂ ਵਾਂਗ ਡੰਗ ਮਾਰਦੇ।

ਹੁਣ ਕਈ ਦਿਨਾਂ ਤੋਂ ਬਿਰਜੂ ਗਲੀਆਂ 'ਚ ਮੁਹੱਲਿਆਂ 'ਚ, ਵਿਹੜਿਆ 'ਚ, ਬਾਜ਼ਾਰਾਂ 'ਚ ਚੱਕਰ ਨਹੀਂ ਲਾ ਰਿਹਾ ਸੀ। ਇਸ ਫੋਟੇ ਮਾਰੇ-ਸ਼ਹਿਰ 'ਚ ਹਰ ਬਦਤਮੀਜ਼ ਗੱਲ ਨੂੰ ਬੜਾ ਚੁੱਕਿਆ ਜਾਂਦਾ। ਕਿਸੇ ਨੇ ਛੁਰਲੀ ਛੱਡ ਦਿੱਤੀ, ਬਿਰਜੂ ਕੇਲੇ ਤੋਂ ਡਿੱਗ ਪਿਆ ਤੇ ਡਿੱਗਦੇ ਦਾ ਹੀ ਮਣਕਾ ਟੁੱਟ ਗਿਆ ਤੇ ਵਿਚਾਰਾ ਪੰਜ ਸੱਤ ਦਿਨ ਧੂਹ ਘੜੀਸ ਕਰਕੇ, ਪਰਲੋਕ ਨੂੰ ਤੁਰਦਾ ਲੱਗਿਆ। ਗੱਲ ਤੁਰਦੀ ਤੁਰਦੀ ਸ਼ਹਿਰ ਦੇ ਗਲੀ ਮੁਹੱਲਿਆਂ 'ਚ ਪਸਰ ਗਈ। ਕਰਿਆੜੀਆਂ ਨੇ ਗੋਲ ਗੱਪੇ ਖਾਂਦੀਆਂ ਨੇ ਬਿਰਜੂ ਦੀਆਂ ਗੱਲਾਂ ਕੀਤੀਆਂ 'ਲੈ ਅੜੇ-ਬਿਰਜੂ ਵਿਚਾਰਾ ਮਰ ਗਿਆ, ਹੁਣ ਉਸ ਦਾ ਸ਼ਰਾਧ ਕੌਣ ਕਰੂ" ਫੋਟੇ ਮਾਰੇ ਇਸ ਸ਼ਹਿਰ 'ਚ ਬਿਰਜੂ ਦੀਆਂ ਪੰਜ ਸੱਤ ਦਿਨ ਗੱਲਾਂ ਹੋਈਆਂ ਫੇਰ ਮੁੜ ਉਹ ਹੀ ਉਸ ਦਾ ਆਪਣਾ ਦੌਰ ਸ਼ੁਰੂ ਹੋ ਗਿਆ। ਉਹ ਸ਼ਹਿਰ ਜਿਸ ਨੂੰ ਬਿਰਜੂ ਨੇ ਕਦੇ ਪਿਆਰ ਨਹੀਂ ਕੀਤਾ ਸੀ, ਬਿਰਜੂ ਨੂੰ ਕਿਉਂ ਪਿਆਰ ਕਰ ਰਿਹਾ ਹੈ। ਨਹੀਂ, ਬਿਰਜੂ ਦਾ ਜ਼ਿਕਰ ਤਾਂ ਇੱਕ ਰਿਵਾਇਤੀ ਰਿਵਾਜ ਸੀ। ਬਿਰਜੂ ਦੀ ਯਾਦ ਦੇ ਰਿਵਾਇਤੀ ਰਿਵਾਜ ਮਗਰੋਂ ਮੁੜ ਉਹ ਹੀ ਫੋਟੇ ਮਾਰੀਆਂ ਗੱਲਾਂ ਸ਼ੁਰੂ ਹੋ ਗਈਆਂ, "ਲੈ ਕੁੜੇ ਬੋਬੀ ਹੁਣ ਤਾਂ ਜਲੂਸ ਤੇ ਜਲੂਸ ਨਿਕਲਦੇ ਨੇ, ਲੋਕ ਹਰਲ ਹਰਲ ਕਰਦੇ, ਪਤਾ ਨੀ ਕੀ ਮੰਗਦੇ ਨੇ, ਮੁੰਨੀ ਦਾ ਬਾਈ ਆਖਦਾ ਸੀ, ਪਰਸੋਂ ਨੰਗੀਆਂ ਤਲਵਾਰਾਂ ਦਾ ਜਲੂਸ ਨਿਕਲਿਆ, ਨੰਗੀਆਂ ਤਲਵਾਰਾਂ ਦਾ।"

ਅਜ਼ਾਦੀ ਦੇ ਵੀਹ ਵਰ੍ਹਿਆਂ 'ਚ ਇਸ ਫੋਟੇ ਮਾਰੇ ਬਦਤਮੀਜ਼ ਸ਼ਹਿਰ ਨੇ ਬੜੀ ਬਦਤਮੀਜ਼ ਉਨਤੀ ਕੀਤੀ ਸੀ। ਇਸ ਸ਼ਹਿਰ ਨੂੰ ਪੰਜ ਸੱਤ ਸੜਕਾਂ ਪੈ ਗਈਆਂ ਸਨ।

ਕਈ ਹੋਰ ਫ਼ਰਮਾਂ ਭੀ ਲੱਛਮੀ ਦਾਸ ਮਹਿਤਾ ਰਾਮ ਦੇ ਬਰਾਬਰ ਦੀਆਂ ਸ਼ਹਿਰ 'ਚ ਪੈਦਾ ਹੋ ਗਈਆਂ ਸਨ। ਕਈ ਸਾਹਿਤਕ ਸਭਾ ਸੁਸਾਇਟੀਆਂ ਦਾ ਜਨਮ ਹੋ ਚੁੱਕਿਆ ਸੀ। ਇਕ

ਦੋ ਅਖਬਾਰ ਨਿਕਲਣੇ ਭੀ ਸ਼ੁਰੂ ਹੋ ਗਏ ਸਨ। ਫੋਟੇ ਮਾਰਿਆ ਕੁੱਤਾ, ਜਿਵੇਂ ਚੋਰੀ ਦਾ ਘਿਉ ਖਾ ਜਾਵੇ ਤੇ ਉਸ ਨੂੰ ਫੇਰ ਬਦਹਜ਼ਮੀ ਹੋ ਜਾਵੇ, ਉਂਞ ਹੀ ਇਸ ਫੋਟੇ ਮਾਰੇ ਸ਼ਹਿਰ ਨੂੰ ਕਾਲੇ, ਬਲੈਕ ਦੇ ਧਨ ਨਾਲ ਬਦਹਜ਼ਮੀ ਵੱਧ ਰਹੀ ਸੀ, ਸ਼ਹਿਰ ਦਾ ਵਾਧਾ ਹੋ ਰਿਹਾ ਸੀ। ਵਾਧੇ ਵਿਚ ਕੋਈ ਸ਼ਊਰ ਨਹੀਂ, ਲੋਕਾਂ ਦੀ ਸੋਚ ਸਾਊ ਤੇ ਸ਼ਹਿਰੀ ਨਹੀਂ ਬਣੀ ਸੀ। ਉਹ ਹੀ ਪੁਰਾਣੀ ਹਲਕੀ ਹੋਈ ਨੀਤ, ਜੇ ਕੋਈ ਤ੍ਰੀਮਤ ਸਜ ਸਜੀ ਸੋਹਣੀ ਸੋਹਣੀ ਸੜਕ ਤੇ ਆਵੇ ਘੂਰ ਘੂਰ ਵੇਖਣ ਵਾਲੇ ਇਕ ਤਣਾਓ ਖੜ੍ਹਾ ਕਰ ਰੱਖਦੇ। ਇਕ ਵਾਰ ਬੰਬਈ ਤੋਂ ਤਿੰਨ ਕੁੜੀਆਂ ਆਪਣੀ ਮਾਸੀ ਕੋਲ ਆ ਗਈਆਂ ਤੇ ਬੱਸ ਫੇਰ ਕੀ ਸੀ, ਸ਼ਹਿਰ ਦੀ ਮੁੰਡ੍ਹੀਰ ਲੰਡਰ ਕੁੱਤਿਆਂ ਵਾਂਗ ਉਨ੍ਹਾਂ ਦਾ, ਬਾਜ਼ਾਰ ਆਈਆਂ ਦਾ ਪਿੱਛਾ ਨਾ ਛੱਡਦੇ ਕਿਸੇ ਗੱਭਰੂ ਕਿਸੇ ਸੁਆਣੀ ਦੀ ਪੁਸ਼ਾਕ ਨੂੰ ਚਰਚਾ ਹੇਠ ਲੈ ਲੈਂਦੇ। ਇਕ ਅੱਧ ਜਲੂਸ ਨੂੰ ਗੋਲੇ ਮਾਰ ਕਰ ਦੇਣੀ, ਇਹ ਆਖ ਕੇ "ਇਸ ਤੋਂ ਵੱਧ ਇਕੱਠ ਤਾਂ ਧਾਣਕੀਆਂ ਦੀ ਬੁੱਢੀ ਦੇ ਮਰਨ ਤੇ ਹੋ ਜਾਂਦਾ" ਭੀੜ ਹੀ ਜਿਵੇਂ ਸੱਚ ਦੀ ਪਛਾਣ ਦਾ ਪੈਮਾਨਾ ਹੁੰਦਾ ਹੈ। ਸੱਭ ਤੋਂ ਵੱਧ ਰੋੜ੍ਹ ਵਾਂਗ ਰੜਕਣ ਵਾਲੀ ਗੱਲ ਇਹ ਸੀ ਕਿ ਸੈਂਕੜੇ ਮਜ਼ਦੂਰਾਂ ਦੇ ਹੱਕ ਇਸ ਸ਼ਹਿਰ ਦੀ ਆਫਰੀ ਕੁੱਖ ਵਿਚ ਹਜ਼ਮ ਹੋ ਰਹੇ ਸਨ।

ਬਿਰਜੂ ਮਹੀਨਾ ਭਰ ਆਪਣੇ ਮੰਜੇ ਤੇ ਪਾਸਾ ਭੀ ਨਾ ਲੈ ਸਕਿਆ, ਗੋਡੇ ਦੀ ਚੱਪਣੀ ਹੀ ਨਹੀਂ ਉਤਰੀ ਸੀ ਸਗੋਂ ਬਿਰਜੂ ਦਾ ਚੂਲਾ ਭੀ ਉੱਤਰ ਗਿਆ ਸੀ। ਇਕ ਵਾਰ ਫੇਰ ਬਿਰਜੂ ਪਾਰੀ ਤੇ ਸ਼ਾਰਧਾ ਤੇ ਸੋਗੀ ਪਰਛਾਵਾਂ ਪੈਣਾ ਸ਼ੁਰੂ ਹੋ ਗਿਆ। ਪਾਰੋ ਕਾਰਖਾਨੇ ਨਾ ਗਈ ਪਰ ਜਦ ਸਰਦਾ ਨਾ ਵੇਖਿਆ ਤਦ ਮਾਂ ਤੇ ਧੀਆਂ ਦੋਨੋਂ ਹੀ ਕਾਰਖਾਨੇ ਜਾਣ ਲੱਗ ਪਈਆਂ। ਘਰ ਵਿਚ ਜ਼ਾਮਤ ਜ਼ਰੀ ਜਾਂਦੀ ਹੈ, ਪਰ ਜਦ ਘਰ 'ਚ ਜਿਉਣ ਦਾ ਹੋਰ ਕੋਈ ਵਸੀਲਾ ਨਾ ਹੋਵੇ ਤਦ ਜ਼ਾਮਤ ਇਕ ਬਹੁਤ ਵੱਡਾ ਜ਼ੁਲਮ ਬਣ ਜਾਂਦੀ ਹੈ। ਮਾਂ ਤੇ ਧੀਆਂ ਦਿਨ 'ਚ ਪੰਜ ਚਾਰ ਰੁਪਏ ਕਮਾ ਲਿਆਉਂਦੀਆਂ ਰੋਟੀ ਟੁੱਕ ਚਲਦਾ ਰਿਹਾ। ਸ਼ਹਿਰ ਨੇ ਪਾਰੋ ਤੇ ਸ਼ਾਰਧਾ ਨੂੰ ਘੂਰ ਘੂਰ ਤੱਕਿਆ। ਸ਼ਾਰਧਾ ਲਈ ਘੂਰ ਭਰੀ ਤੱਕਣੀ ਬੇਸੁੱਧ ਸੀ, ਅਜਿਹੀਆਂ ਤੱਕਣੀਆਂ ਨੂੰ ਉਸ ਵੀਹ ਬਾਰ ਟੀਸ ਟੀਸ ਕੀਤਾ ਸੀ। ਦਸ ਵੀਹ ਸਾਤਿਆਂ ਮਗਰੋਂ ਉਹਨਾਂ ਦਾ ਇਹ ਸਿਲਸਿਲਾ ਜੰਮ ਚੱਲਿਆ। ਬਿਰਜੂ ਨੂੰ ਸਰੀਰਿਕ

ਤਕਲੀਫ ਭਾਵੇਂ ਸੀ ਪਰ ਉਹ ਆਪਣੀਆਂ ਛੋਟੀਆਂ ਦੋਨੋਂ ਭਾਣਜੀਆਂ ਨਾਲ ਪਰਚਦਾ ਮਾਨਸਿਕ ਤ੍ਰਿਪਤੀ ਲੈਂਦਾ ਰਹਿੰਦਾ। ਉਨ੍ਹਾਂ ਨੂੰ ਬਾਤਾਂ ਪਾ ਪਾ ਕੇ ਸੁਣਾਉਂਦਾ ਰਹਿੰਦਾ, "ਇਕ ਕਾਂ ਸੀ, ਵਿਚਾਰਾ ਬੁੱਢਾ ਹੋ ਗਿਆ, ਕੱਲਾ ਰਹਿ ਗਿਆ" ਓ ਤੱਲਾ ਕੁ ਰਹਿ ਗਿਆ, ਆਪਣੀ ਨਿੱਕੀ ਭਾਣਜੀ ਨੂੰ ਘੁੱਟ ਕੇ ਬੁੱਕਲ 'ਚ ਲੈਂਦਿਆਂ, ਬਿਰਜੂ ਫੇਰ ਕਥਾ ਸ਼ੁਰੂ ਕਰ ਦੇਂਦਾ, "ਕਾਂ ਬਿਚਾਰਾ ਬਾਜ਼ਾਰ ਜਾਂਦਾ ਆਪਣੀ ਚਿੜੀ ਖਾਤਿਰ ਕੁਝ ਖਰੀਦ ਲਿਆਉਂਦਾ, ਪਰ ਚਿੜੀ ਅੱਧ ਭੁੱਖੀ ਰਹਿੰਦੀ ਮਰਦੀ ਰਹੀ 'ਮਾਮਾ ਮਾਮਾ ਚਿੜੀ ਦੇ ਤੋਤਲੇ.... " ....ਹਾਂ ਬਈ ਹਾਂ ਉਸ ਚਿੜੀ ਦੇ ਤਿੰਨ ਚੋਚਲੇ ਸਨ ਪਰ ਉਹ ਮਰ ਗਏ "ਮਲਗੇ ਕਿਉਂ ਮਲਗੇ" ਬਿਰਜੂ ਦੀ ਭਾਣਜੀ ਪੁੱਛੀ ਜਾ ਰਹੀ ਸੀ ਬਿਰਜੂ ਕਹਾਣੀ ਸੁਣਾ ਰਿਹਾ ਸੀ, "ਨਹੀ ਬੇਟਾ, ਮਰੇ ਸਨ, ਫੇਰ ਜਿਉਂ ਪਏ" ਬਿਰਜੂ ਆਪਣੀਆਂ ਨਿੱਕੀਆਂ ਭਾਣਜੀਆਂ ਨੂੰ ਆਪਣੀ ਬੁੱਢੀ ਬੁੱਕਲ 'ਚ ਘੁੱਟ ਲੈਂਦਾ, "ਮੈਂ ਮੈਂ ਮੈਂ ਮੈਂ ਤਾਂ ਮਾਮਾ ਕਾਕਾ ਆਂ ਕਾਕਾ....।" ਬਿਰਜੂ ਆਪਣੇ ਮੰਜੇ ਤੇ ਪਿਆ ਆਪਣੀਆਂ ਭਾਣਜੀਆਂ ਨਾਲ਼ ਪਰਚਦਾ ਰਹਿੰਦਾ। ਪਾਰੋ ਤੇ ਸ਼ਾਰਧਾ ਕਾਰਖਾਨੇ ਰੂੰ ਦੀਆਂ ਬੇਲਣੀਆਂ ਤੇ ਜਾਂਦੀਆਂ ਰਹੀਆਂ, ਜ਼ਿੰਦਗੀ ਤੁਰਦੀ ਗਈ ਸਮਾਂ ਟੱਪਦਾ ਰਿਹਾ।

*******

# 12.

ਛੀ ਸੱਤ ਮਹੀਨੇ ਹੋ ਗਏ ਸਨ, ਕਾਕੜ ਨੂੰ ਕਲਕੱਤੇ ਆਇਆਂ। ਹੁਣ ਕਾਕੜ ਕਲੱਕਤੇ ਦਾ ਭਲੀ ਪ੍ਰਕਾਰ ਜਾਣੂ ਹੋ ਗਿਆ ਸੀ। ਹੁਣ ਉਸ ਨੂੰ ਸ਼ਹਿਰ ਦੀਆਂ ਗਲੀਆਂ ਭੁੱਲਦੀਆਂ ਨਹੀਂ ਸਨ, ਚੌਰੰਗੀ ਦੇ ਇਕੱਠ 'ਚੋਂ ਉਹ ਸਾਫ ਸਾਫ ਨਿਕਲ ਸਕਦਾ ਸੀ, ਕਦੇ ਕਦੇ ਸੋਨੇ ਗਾਚੀ 'ਚ ਜਾ ਆਉਂਦਾ। ਪਿਛਲੇ ਬੀਤੇ ਸਮਿਆਂ 'ਚ ਅੱਜ ਕੁਝ ਹੋਰ ਹੋਰ ਹੋ ਰਿਹਾ ਸੀ। ਭਾਨੇ ਕੋਲ, ਹੋਟਲ ਤੇ ਬੈਠਣ ਦੀ ਥਾਵੇਂ ਕਿਸੇ ਪਾਰਕ ਦੀ ਨੁੱਕਰੇ ਜਾ ਬੈਠਾ, ਬੈਠਾ ਰਿਹਾ, ਰੇਸ਼ਮਾ ਦੀ ਯਾਦ ਨੂੰ ਘੁਟ ਘੁਟ ਜੱਫੀਆਂ ਪਾਉਂਦਾ ਰਿਹਾ ਤੇ ਫੇਰ ਉਸ ਨੂੰ ਇਕ ਲੰਮੀ ਸਾਰੀ ਕਹਾਣੀ ਚੇਤੇ ਪਈ।

ਝੱਭਰ, ਦੂਰ ਸਾਰੇ ਪੰਜਾਬ ਦਾ ਇਕ ਮਾਰੂ ਜਿਹਾ ਪਿੰਡ, ਪਿੰਡ ਦੀ ਫਿਰਨੀ ਤੇ ਉਨ੍ਹਾਂ ਦਾ ਘਰ ਹੁੰਦਾ ਸੀ, ਉਸਦੀਆਂ ਬੱਕਰੀਆਂ ਸਨ, ਉਸ ਦਾ ਮਾਮਾ ਸੀ ਮਾਮੇ ਦੇ ਅਲਗੋਜ਼ੇ ਸਨ ਤੇ ਫੇਰ ਮਸੀਤ ਦਾ ਮੌਲਵੀ ਚੇਤੇ ਪਿਆ, ਮਾਂ ਨੇਅਮਤੋ, ਬਾਪੂ ਨੂਰਾ, ਖਤਮ ਕਹਾਣੀ ਦੇ ਸ਼ਬਦ.....ਕਾਕੜ ਨੂੰ ਬਾਹਰਲੇ ਗੁਰਦੁਆਰੇ ਲਿਜਾ ਕੇ ਅੰਮ੍ਰਿਤ ਛਕਾਇਆ ਸੀ ਕਾਕੜ ਦਾ ਜੀ ਔਖਾ ਹੋਇਆ ਸੀ, ਪਰ ਇਹ ਸਭ ਕੁਝ ਉਸ ਨੂੰ ਭੁੱਲ ਗਿਆ, ਵਲੈਤੀ ਮਿਲ ਗਿਆ, ਆਪਣੇ ਚਾਚੇ ਵਲੈਤੀ ਦੀ ਯਾਦ ਬਹੁਗੁਣੀਆਂ ਵਲੈਤੀ ਚਾਚਾ, ਆਖਿਰ ਵਲੈਤੀ ਦੀ ਯਾਦ ਨੂੰ ਛੱਡ ਕੇ ਕਾਕੜ ਨੂੰ ਦਿਮਾਗ ਵਿਚ, ਪਟਸਨ ਦੇ ਕਾਰਖਾਨੇ ਦਾ ਦੈਂਤ ਹੀ ਖੜ੍ਹਾ ਰਿਹਾ, ਪਟਸਨ ਦੇ ਕਾਰਖਾਨੇ 'ਚ ਬੋਰੀਆਂ ਬਣਦੀਆਂ ਹਨ, ਧੂੜ ਤੇ ਗਰਦ ਕਾਕੜ, ਨੂੰ ਏਥੇ ਪਾਰਕ 'ਚ ਬੈਠੇ ਨੂੰ ਫੁੱਲਾਂ ਦੀ ਸੁਗੰਧ 'ਚ ਭੀ ਹੱਥੂ ਆ ਰਹੇ ਸਨ। ਪਟਸਨ ਦੀ ਗਰਮੀ ਨਾਲ ਹਰ ਸਮੇਂ ਮਜ਼ਦੂਰ ਇਕ ਹੁੰਮ 'ਚ ਕੰਮ ਕਰਦੇ ਰਹਿੰਦੇ, ਗਰਮੀ ਆਉਂਦੀ ਮੁੜ੍ਹਕਾ ਤੇ ਮੁੜ੍ਹਕੇ ਦੀ ਗਿਜ਼ਗਿਜ਼ੀ 'ਚ ਭਿੱਜਿਆ ਕਾਕੜ ਭੱਜ ਜਾਣ ਦੀ

ਸੋਚਦਾ, ਭੱਜ ਕੇ ਜਾਏਗਾ ਕਿੱਥੇ, ਨਾ ਘਰ ਨਾ ਦਰ, ਨਾ ਰਿਸ਼ਤੇਦਾਰ ਨਾ ਜਿਗਰੀ, ਸਿਰਫ ਵਲੈਤੀ ਨਾਲ ਉਸ ਨੂੰ ਲੱਗਾ ਸੀ, ਗੱਡੀ ਹੇਠ ਆ ਕੇ ਮਰਨ ਦੀ ਇੱਛਾ ਤੇ ਇਸ ਇੱਛਾ ਪਿਛੋਂ ਵੈਦ ਦੇ ਕੱਟੇ ਦਾ ਗੱਡੀ ਹੇਠ ਆ ਕੇ ਮਰ ਜਾਣ ਦਾ ਦ੍ਰਿਸ਼, ਗੱਡੀ ਦੇ ਇੰਜਣ ਨੇ ਕਿਵੇਂ ਖਲਪਾੜਾ ਵਾਂਗ ਖਿੰਡਾ ਦਿੱਤਾ ਸੀ। ਕਾਕੜ ਪਾਰਕ 'ਚ ਘਾਹ ਤੇ ਲਿਟਿਆ ਅੱਜ ਧੁੜ ਧੁੜੀਆਂ ਜਿਹੀਆਂ ਲੈ ਰਿਹਾ ਸੀ। ਧੁੜ ਧੁੜੀਆਂ ਲੈ ਰਿਹਾ ਕਾਕੜ ਰੇਸ਼ਮਾ ਦੀ ਯਾਦ ਨੂੰ ਜੱਫੀ ਪਾ ਕੇ ਰੇਸ਼ਮਾ ਦੇ ਮਖਮਲੀ ਹੱਥਾਂ ਨੂੰ ਜਿਵੇਂ ਚੁੰਮ ਰਿਹਾ ਹੋਵੇ।

ਫੇਰ ਉਸ ਨੂੰ ਵੈਦ ਤੇ ਭਾਈ ਜੀ ਚੇਤੇ ਪਏ, ਕਾਕੜ ਦੇ ਪੱਲੇ ਕੁਝ ਭੀ ਨਹੀਂ ਪੈ ਰਿਹਾ ਸੀ। ਕਾਕੜ ਅੱਜ ਆਪਣੇ ਸਿਰ ਤੇ ਜਿਵੇਂ ਕਿਸੇ ਭਾਰ ਦੀ ਪੰਡ ਚੁੱਕੀ ਬੈਠਾ ਸੀ, ਉਦਾਸ ਉਦਾਸ ਭਾਰੀ ਕਾਕੜ ਧਰਤੀ ਤੇ ਲਿਟ ਗਿਆ, ਲਿਟੇ ਕਾਕੜ ਨੂੰ ਇਉਂ ਲਗਿਆ ਜਿਵੇਂ ਰੇਸ਼ਮਾ ਦੇ ਰੇਸ਼ਮੀ ਹੱਥ ਉਸ ਨੂੰ ਪਲੋਸ ਰਹੇ ਹੁੰਦੇ ਹਨ ਤੇ ਇਕ ਦਰਖਤ ਪਿੱਛੇ ਖੜ੍ਹੀ ਨਿਹਾਲੋ ਲੰਬਰਦਾਰ ਦੀ ਨੂੰਹ ਮੁਸਕਾ ਰਹੀ ਹੈ, ਕਾਰਖਾਨੇ ਦੇ ਨੇੜੇ ਹੀ ਪਾਰਕ 'ਚ ਕਾਕੜ ਨੇ ਵੇਖਿਆ ਕਾਰਖਾਨੇ ਦੀਆਂ ਚਿਮਨੀਆਂ 'ਚੋਂ ਕਦੇ ਚਿੱਟਾ ਚਿੱਟਾ ਕਦੇ ਕਾਲਾ ਕਾਲਾ, ਕਦੇ ਚਿੱਟਾ ਤੇ ਕਾਲਾ ਧੂੰਆਂ ਨਿਕਲ ਰਿਹਾ ਹੈ, ਬਿਜਲੀ ਦੀਆਂ ਬੱਤੀਆਂ ਚਮਕ ਉੱਠੀਆਂ। ਉਦਾਸ ਚਾਨਣਾ, ਕਾਕੜ ਨੇ ਆਪਣੀ ਬੋਤਲ 'ਚੋਂ ਪੈੱਗ ਮਾਰਿਆ ਤੇ ਘਰ ਵੱਲ ਤੁਰ ਪਿਆ, ਸੋਨਾ ਗਾਚੀ ਦੀ ਯਾਦ ਨੇ ਕਾਕੜ ਨੂੰ ਘੜੀ ਪਲ ਲਈ ਹਲੂਣਿਆਂ ਪਰ ਅੱਜ ਜਿਵੇਂ ਉਸ ਨੂੰ ਸੋਨਾ ਗਾਚੀ ਭੀ ਆਪਣੇ ਪਿੰਡੇ ਦੀ ਗਿਚਗਿਚੀ ਵਾਂਗ ਲੱਗਿਆ।

ਅਗਲੀ ਸਵੇਰ ਕਾਕੜ ਉੱਠਿਆ, ਉੱਠ ਕੇ ਕਾਰਖਾਨੇ 'ਚ ਆਪਣੀ ਡਿਊਟੀ ਤੇ ਜਾ ਪੁੱਜਾ, ਅਜੇ ਸ਼ਿਫਟ ਸ਼ੁਰੂ ਹੋਇਆਂ ਘੰਟਾ ਕੁ ਹੀ ਹੋਇਆ ਸੀ, ਭਾਣਾ ਟੈਕਸੀ ਲੈ ਕੇ ਆ ਪੁੱਜਾ। ਕਾਰਖਾਨੇ ਦਾ ਫੋਰਮੈਨ ਭੀ ਤਾਂ ਮਾਲਵੇ ਦੇ ਪਿੰਡਾਂ 'ਚੋਂ ਹੀ ਸੀ, ਉਸ ਨਾਲ ਭਾਨੇ ਦਾ ਚੰਗਾ ਯਾਰਾਨਾ ਸੀ, ਆਉਂਦਾ ਹੀ ਭਾਨਾ ਉਸ ਨੂੰ ਪੈ ਗਿਆ 'ਓ ਯਾਰ, ਓ ਸਾਡਾ ਮੁੰਡਾ ਉੱਥੇ ਮਿੱਟੀ 'ਚ ਅੜਾ ਰਖਿਐ, ਤੇਰਾ ਕੀ ਫੈਦੈ, ਉਹ ਤਾਂ ਸਾਰੀ ਰਾਤ ਮੇਰੇ ਕੋਲ ਰੋਂਦਾ ਰਿਹਾ, ਤੈਨੂੰ ਦੱਸ ਫੋੜੇ ਤੇ ਰਗੜ ਕੇ ਲਾਉਣੈ।

ਫੋਰਮੈਨ ਨੇ ਕੁਝ ਦਿਨਾਂ ਮਗਰੋਂ ਕਰ ਕਰਾ ਕੇ ਕਾਕੜ ਨੂੰ ਅਸਿਸਟੈਂਟ ਬੁਆਏ ਬਣਾ ਲਿਆ, ਕਾਕੜ ਹੁਣ ਪਹਿਲਾਂ ਨਾਲੋਂ ਬੇਹੱਦ ਸੌਖਾ ਸੀ ਪੰਜ ਸੱਤ ਨਿੱਕੀਆਂ ਮੋਟੀਆਂ ਚਾਬੀਆਂ, ਦੋ ਚਾਰ ਟੁਕੜੇ ਕੱਪੜੇ ਦੇ ਥੈਲੇ 'ਚ ਪਾਈ ਫੋਰਮੈਨ ਦੇ ਪਿੱਛੇ ਪਿੱਛੇ ਫਿਰਦਾ ਰਹਿੰਦਾ। ਕਾਕੜ ਦਿਮਾਗ ਦਾ ਚੁਸਤ ਸੀ, ਕੁਝ ਨਾ ਕੁਝ ਸਮਝਦਾ ਸਮਝਦਾ ਕੁਝ ਨਾ ਕੁਝ ਸਿੱਖਣ ਲੱਗ ਪਿਆ, ਸਿੱਖਦਾ ਰਿਹਾ, ਮਸ਼ੀਨਰੀ ਦੀ ਜਾਚ ਸਿੱਖਦਾ ਰਿਹਾ, ਵੱਧਦਾ ਰਿਹਾ, ਇਨ੍ਹਾਂ ਤਿੰਨ ਚਾਰ ਵਰ੍ਹਿਆਂ 'ਚ ਕਾਕੜ ਦੰਗੀ ਤਨਖਾਹ ਲੈਣ ਲਗ ਪਿਆ। ਕਾਕੜ ਦੀ ਜਦ ਪਹਿਲੇ ਦਿਨ ਵਧੀ ਤਨਖਾਹ ਮਿਲੀ, ਕਾਕੜ ਨੂੰ ਇਉਂ ਲੱਗਿਆ ਜਿਵੇਂ ਉਸ ਨੂੰ ਪੱਥਰ ਤੋ ਇੱਟਾਂ ਪਥਦੇ ਨੂੰ ਕਹੀ ਦੇ ਇੱਕ ਡੂੰਘੇ ਚੇਪੇ ਨਾਲ ਅਸ਼ਰਫੀਆਂ ਦੀ ਭਰੀ ਗਾਗਰ ਮਿਲ ਗਈ ਹੁੰਦੀ ਹੈ। ਤੇ ਫੇਰ ਇਕ ਦਿਨ ਫੱਗੂ ਫੋਰਮੈਨ ਨੂੰ ਕਾਕੜ ਨੇ ਪੱਗ ਦੇ ਕੇ ਆਪਣਾ ਗੁਰੂ ਧਾਰ ਲਿਆ। ਭਾਣੇ ਦੇ ਢਾਬੇ ਤੇ ਸ਼ਰਾਬ ਦਾ ਦੌਰ ਚੱਲਿਆ, ਪੰਜਾਬੀਆਂ ਨੇ ਬੰਗਾਲ ਦੀ ਧਰਤੀ ਤੇ ਭੰਗੜਾ ਪਾ ਪਾ ਹੁਗਲੀ ਤੇ ਸਤਲੁਜ ਦਾ ਸੰਗਮ ਕਰ ਦਿਤਾ। ਕਾਕੜ ਹੁਣ ਫੱਗੂ ਫੋਰਮੈਨ ਪਾਸ ਮਸ਼ੀਨਮੈਨ ਸੀ। ਪੈਂਦੇ ਭੰਗੜੇ 'ਚ ਕਾਕੜ ਨੂੰ ਆਪਣੇ ਮਾਮੇ ਖੁਦਾਈਏ ਦੇ ਅਲਗੋਜ਼ਿਆਂ ਦਾ ਚੇਤਾ ਪਿਆ ਪਰ ਇਹ ਕਿੰਨਾ ਬਾਰੀਕ ਚੇਤਾ ਸੀ। ਆਖਿਰ ਨੂੰ ਕਾਕੜ ਆਪਣੇ ਆਪ ਨੂੰ ਹੁਣ ਪੂਰੀ ਤਰ੍ਹਾਂ ਮੌਜ 'ਚ ਸਮਝਦਾ ਸੀ। ਸਿਰਫ ਉਸ ਨੂੰ ਰੇਸ਼ਮਾ ਤੇ ਚਾਚਾ ਵਲੈਤੀ ਚੇਤੇ ਪੈਂਦੇ ਰਹਿੰਦੇ।

******

# 13.

ਬਿਰਜੂ ਹੁਣ ਅੱਗੇ ਵਾਂਗ ਨਹੀਂ ਤੁਰਦਾ ਸੀ ਖੱਬੇ ਪਾਸੇ ਵਾਲੇ ਤੇ ਦਬਾ ਦੇ ਸੱਜੇ ਹੱਥ 'ਚ ਸੋਟੀ ਦਾ ਸਹਾਰਾ ਲੈ ਕੇ, ਇੱਕ ਆਲਸੀ ਜਿਹੀ ਚਾਲ ਨਾਲ ਤੁਰਦਾ-ਤੁਰਦਾ ਰਹਿੰਦਾ, ਬੋਤਲ ਵਿਕਾਊਂ ਖਾਲੀ, ਖਾਲੀ ਬੋਤਲ ਦੀ ਥਾਵੇਂ ਬਿਰਜੂ ਆਪਣੇ ਇੱਕ ਦੁਪੱਟੇ ਦੇ ਲੜ ਸਸਤਾ ਜਿਹਾ ਚਾਰਖਾਨਾ ਬੰਨ੍ਹ ਕੇ ਤੁਰ ਪੈਂਦਾ, ਪੰਜ ਸੱਤ ਗਜ਼ ਕਪੜਾ ਵੇਚ ਆਉਂਦਾ ਦੇ ਢਾਈ ਰੁਪਏ ਬਣ ਬਣਾ ਜਾਂਦੇ। ਜਿੱਦਣ ਥਾਨ ਵਿਕ ਜਾਂਦਾ ਪਰਨੇ ਲੜ ਬੱਚੀਆਂ ਲਈ ਰਿਉੜੀਆਂ ਬੰਨ੍ਹ ਲਿਆਉਂਦਾ, ਕਦੇ ਗੋਲ ਗੋਲ ਗੋਲੀਆਂ, ਕਦੇ ਕਦੇ ਨਿੱਕੇ ਨਿੱਕੇ ਬਿਸਕੁਟ ਬਿਰਜੂ ਬੱਚਿਆਂ ਵਾਂਗ ਉਡੀਕਦਾ ਰਹਿੰਦਾ ਕਦ ਦਿਨ ਆਵੇ ਉਸ ਦਾ ਥਾਨ ਵਿਕੇ ਤੇ ਉਹ ਆਪਣੇ ਪਰਨੇ ਲੜ ਨਿੱਕੇ ਨਿੱਕੇ ਬਿਸਕੁਟ ਬੰਨ੍ਹ ਕੇ ਲਿਆਵੇ। ਬਿਰਜੂ ਵਿਹੜੇ ਬਹਾਰਾਂ ਫ਼ੇਰ ਮੁੜ ਆਈਆਂ। ਬਿਰਜੂ ਦੀਆਂ ਛੋਟੀਆਂ ਭਾਣਜੀਆਂ ਪੜ੍ਹਨ ਲੱਗ ਪਈਆਂ । ਸ਼ਾਰਧਾ ਨੂੰ ਮੁੜ ਕਾਲਜ ਲਾਉਣ ਦੀ ਗੱਲ ਛਿੜੀ। ਪਾਰੋ ਬੜੇ ਇਤਮਿਨਾਨ ਨਾਲ ਕਾਰਖਾਨੇ ਜਾ ਕੇ ਕੰਮ ਕਰਦੀ ਰਹੀ, ਕਾਰਖਾਨੇ 'ਚ ਪਾਰੋ ਨੂੰ ਆਪਣੇ ਵਰਗੀਆਂ ਕਈ ਬਿਪਤਾ ਮਾਰੀਆਂ ਜਿੰਦੜੀਆਂ ਮਿਲਦੀਆਂ ਰਹਿੰਦੀਆਂ, ਬੈਠ ਕੇ, ਕਦੇ ਕਦੇ ਉਹ ਆਪਣੇ ਆਪਣੇ ਦੁਖ ਦਰਦ ਛੇੜ ਲੈਂਦੀਆਂ। ਪਾਰੋ ਨੂੰ ਕਾਰਖਾਨੇ ਜਾਣ 'ਚ ਬੜਾ ਸੁਆਦ ਆਉਂਦਾ।

ਸ਼ਾਰਧਾ ਦੀ ਚੜ੍ਹਦੀ ਜਵਾਨੀ ਦੇ ਬੇਹੋਸ਼ ਜਜ਼ਬੇ ਹੁਣ ਹੋਸ਼ 'ਚ ਸਨ। ਟੀਸ ਟੀਸ ਕਰਨ ਵਾਲੀ ਸ਼ਾਰਧਾ ਨੇ ਕਾਰਖਾਨੇ ਦੀ ਮਜ਼ਦੂਰੀ ਕਰਕੇ ਆਪਣੀਆਂ ਭੈਣਾਂ ਦਾ ਢਿੱਡ ਭਰਿਆ। ਸ਼ਾਰਧਾ ਨੇ ਆਪਣੀ ਮਾਂ ਨੂੰ ਬੇਪੱਤ ਹੁੰਦਿਆਂ ਵੇਖਿਆ ਸੀ। ਜ਼ਿੰਦਗੀ ਦੀਆਂ ਤਲਖ ਤਸਵੀਰਾਂ ਦੇ ਰੰਗਾਂ ਦਾ ਅਸਰ ਸ਼ਾਰਧਾ ਦੇ ਮਨ ਤੇ ਕਾਫੀ ਹੋ ਚੁੱਕਾ ਸੀ। ਟਪੂਸੀਆਂ ਮਾਰ ਮਾਰ ਤੁਰਨ ਵਾਲੀ ਸ਼ਾਰਧਾ ਹੁਣ ਕਈ ਡੂੰਘੇ ਵਹਿਣਾਂ 'ਚ ਵਹਿ ਕੇ ਵਿਚਾਰ ਕਰਦੀ ਹੁਣ ਉਸ ਦੇ ਬੇਹੋਸ਼ ਜਜ਼ਬਿਆਂ 'ਚ ਭਟਕਣ ਦੀ ਥਾਵੇਂ ਇਕ ਇੱਛਾ ਸੀ, ਅਗਿਆਤ ਇੱਛਾ ਦਾ ਕਲੋਲ ਕਰਦਾ ਪੰਛੀ ਮਚਲ ਉੱਠਦਾ। ਦੀਵਾਲੀ ਦੀ ਪਿਆਰੀ ਪਿਆਰੀ ਰਾਤ'

ਗੁਲਾਬੀ ਠੰਢ ਦਾ ਮਿੱਠਾ ਮਿੱਠਾ ਅਸਰ ਸ਼ਾਰਧਾ ਨੂੰ ਇਓਂ ਲੱਗਿਆ ਜਿਵੇਂ ਉਸ ਦਾ ਕੁਝ ਟੁੱਟ ਗਿਆ ਹੁੰਦਾ ਹੈ। ਸ਼ਾਰਧਾ ਦੀਆਂ ਅੱਖਾਂ 'ਚ ਆਪਣੇ ਮਾਮੇ ਦਾ ਚਿੱਤਰ ਫਿਰ ਗਿਆ, ਉਹ ਕਿਵੇਂ ਅਜੇ ਭੀ ਲੜਖੜਾਂਦਾ ਜਿਹਾ ਬਾਜ਼ਾਰਾਂ ਦੀਆਂ ਪਿਛਲੀਆਂ ਗਲੀਆਂ 'ਚ ਚੱਕਰ ਮਾਰਦਾ ਰਹਿੰਦਾ ਹੈ। ਤੇ ਫੇਰ ਉਸ ਨੂੰ ਆਪਣੇ ਮਾਮੇ ਦਾ ਪਹਿਲ ਪ੍ਰਥਮੇ ਆਉਣਸਾਰ ਖੋਲਾ ਜਿਹਾ ਬਣਿਆ ਭਿਆਨਕ ਘਰ ਚੇਤੇ ਪਿਆ। ਉਹ ਘਰ ਕਿੰਨਾ ਪਿੱਛੇ ਰਹਿ ਗਿਆ ਸੀ। ਉਸ ਘਰ 'ਚ ਅੱਜ ਦਿਵਾਲੀ ਨੂੰ ਬਿਜਲੀ ਦੀਆਂ ਬੱਤੀਆਂ ਦੀ ਰੌਣਕ ਸੀ। ਸ਼ਾਰਧਾ ਵੇਖਿਆ ਉਸਦੀਆਂ ਨਿੱਕੀਆਂ ਭੈਣਾਂ ਇਕ ਮੰਜੇ ਤੇ ਬੈਠੀਆਂ ਉਸ ਦੇ ਮਾਮੇ ਨਾਲ ਕਿਵੇਂ ਚੌਹਲ ਕਰ ਰਹੀਆਂ ਹੁੰਦੀਆਂ ਹਨ।

ਕਾਰਖਾਨੇ ਦੇ ਮਜ਼ਦੂਰਾਂ ਦੇ ਛੋਟੇ-ਛੋਟੇ ਇਕੱਠ, ਇਕੱਠਾਂ 'ਚ ਉਸ ਦਾ ਬੋਲਣਾ ਸ਼ਾਰਧਾ ਸੋਚਦੀ ਰਹੀ, ਇਹ ਕਿਸ ਮਿੱਟੀ ਦਾ ਬਣਿਆ ਹੋਇਆ ਹੈ, ਕੰਮ, ਕੰਮ ਹਰ ਸਮੇਂ ਕੋਈ ਨਾ ਕੋਈ ਕੰਮ ਕਰਦਾ ਹੀ ਰਹਿੰਦਾ ਹੈ ਹਰ ਸਮੇਂ ਸੋਚਦਾ ਹੀ ਰਹਿੰਦਾ ਹੈ, ਕਮਾਲ ਦਾ ਬੰਦਾ ਹੈ। ਸ਼ਾਰਧਾ ਨੂੰ ਬਾਦਲ ਦੀਆਂ ਇਹਨਾਂ ਸਿਫਤਾਂ 'ਚੋਂ ਜਿਵੇਂ ਕੋਈ ਸਰੂਰ ਮਿਲਦਾ ਹੋਵੇ। ਤ੍ਰੀਮਤਾਂ ਦੇ ਇਕੱਠ 'ਚ ਬੱਬਰ ਸ਼ੇਰ ਵਾਂਗ ਗਰਜਦਿਆਂ ਓਦਣ ਉਸ ਕਿਵੇਂ ਆਖਿਆ ਸੀ, "ਇਸ ਕਾਰਖਾਨੇ 'ਚ ਹਰ ਮਾਂ ਭੈਣ ਦੀ ਇੱਜ਼ਤ ਪੂਰੀ ਤਰ੍ਹਾਂ ਸੁਰੱਖਿਅਤ ਰਹੇਗੀ ਜਦ ਤਕ ਸਾਡਾ ਸੰਗਠਨ ਕਾਇਮ ਹੈ।....ਤੇ ਫੇਰ ਉਹ ਦਿਹਾੜੇ ਜਦ ਮੈਨੇਜਰ ਪਾਸੀ ਸਾਹਿਬ ਨੇ ਕਿੰਨੇ ਹੀਲੇ ਵਰਤ ਕੇ ਬਾਦਲ ਨੂੰ ਖੱਜਲ ਖੁਆਰ ਕਰਨ ਤੇ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ ਤੇ....ਬਾਦਲ ਨੇ ਨਾਅਰਾ ਲਾਇਆ ਸੀ, "ਇਹ ਕਾਰਖਾਨਾ ਸਾਡਾ ਹੈ, ਅਸੀ ਮਾਲਕ ਹਾਂ-ਕੌਣ ਹੁੰਦਾ ਹੈ ਪਾਸੀਂ" ਤੇ ਫੇਰ ਕਿਵੇਂ ਸਾਰੇ ਮਜ਼ਦੂਰ ਇਕੱਠ ਚੋਂ ਆਵਾਜ਼ਾਂ ਉੱਠੀਆਂ ਸਨ, 'ਸਾਡੇ ਹੱਕ, ਸਾਡੀਆਂ ਉਜ਼ਰਤਾਂ, ਸਾਡੇ ਭੱਤੇ, ਸਾਡੀ ਸਰਵਿਸ, ਸਾਡੇ ਬੋਨਸ...."ਇਕ ਬਾਗੀ ਜਲੂਸ ਕਾਰਖਾਨੇ ਦੇ ਵੱਡੇ ਦਰਵਾਜ਼ੇ ਅੱਗੇ ਖੜ੍ਹਾ ਹੋ ਕੇ ਪਰਣ ਕਰ ਗਿਆ ਸੀ, "ਜੇ ਕਿਸੇ ਇਕ ਉਂਗਲ ਨੂੰ ਝਰੀਟ ਭੀ ਮਾਰੀ, ਅਸੀਂ ਉਸ ਦਾ ਹੱਥ ਵੱਢ ਦੇਵਾਂਗੇ"

# 14.

ਬਚਨਾ ਤਾਪੋਂ ਉੱਠਿਆਂ, ਤਾਪ ਦਾ ਭੰਨਿਆ ਬਚਨਾ, ਰੇਸ਼ਮਾ ਨੂੰ ਵੱਢ ਖਾਣ ਨੂੰ ਪੈਂਦਾ। ਰੇਸ਼ਮਾ ਦੇ ਬਾਪੂ ਤੋਂ ਆਪਣੀ ਧੀ ਦੀ ਬਿਕਰੀ ਦਾ ਸਦਮਾ ਸਿਹਾ ਨਾ ਗਿਆ, ਉਹ ਤੁਰਦਾ ਲਗਿਆ ਸੀ। ਸੱਤ ਅੱਠ ਮਹੀਨਿਆਂ ਵਿਚ ਵੀਹ ਕਲੇਸ਼ ਰੇਸ਼ਮਾ ਦੀ ਜਿੰਦ ਨੂੰ ਅਲੋਹਾ ਬਣ ਕੇ ਚਿੰਬੜ ਚੁੱਕੇ ਸਨ । ਰੇਸ਼ਮਾ ਨੂੰ ਜੇਕਰ ਆਪਣੇ ਘਰ 'ਚ ਕੋਈ ਧਰਵਾਸ ਮਿਲਦਾ ਸੀ ਤਾਂ ਉਹ ਸੀ ਉਸ ਦੀ ਨਿੱਕੀ ਜਿਹੀ ਮਾਸੂਮ ਨਣਦ ਸੀਤੋ ਦਾ ਮਿੱਠਾ ਮਿੱਠਾ ਨਿੱਘਾ ਨਿੱਘਾ ਪਿਆਰ। ਇਹਨਾਂ ਮਹੀਨਿਆਂ 'ਚ ਰੇਸ਼ਮਾ ਦਾ ਪੈਰ ਭਾਰਾ ਹੋ ਚੁੱਕਿਆ ਸੀ। ਬਚਨਾ ਕੋਈ ਸੀਰੀ ਸਾਂਝੀ ਭੀ ਰਲਾ ਨਾ ਸਕਿਆ, ਬਚਨੇ ਨਾਲ ਹੁਣ ਤਿੰਨ ਕਿੱਲਿਆਂ ਤੇ ਸੀਰੀ ਰਲਦਾ ਭੀ ਕੌਣ ? ਬਚਨਾ ਆਪਣੇ ਆਪ ਹੀ ਖੇਤ ਵੰਨੇ ਹੇਠ ਉੱਤੇ ਹੋਈ ਜਾਂਦਾ। ਲੈ ਦੇ ਕੇ ਪੰਜਾਹ ਸੱਠ ਮਣ ਦਾਣੇ ਹੋ ਗਏ। ਦੋ ਢਾਈ ਸੌ ਰੇਹ ਦਾ ਉਤਾਰਣਾ ਸੀ, ਦੋ ਢਾਈ ਸੌ ਹੀ ਬੀਮਾਰੀ ਵੇਲੇ ਲੱਗ ਗਿਆ। ਲਾਲੇ ਨੇ ਵਿਆਜ ਵੱਟੂ ਲਾ ਕੇ ਤਿੰਨ ਸੌ 'ਚ ਬਚਨੇ ਦਾ ਖਹਿੜਾ ਛੱਡਿਆ। ਪੰਜ ਚਾਰ ਸੌ 'ਚ ਦੇਣਾ ਸੀ। ਆੜ੍ਹਤੀਆਂ ਨੇ ਆਪਣਾ ਕੱਟ ਕਟਾ ਕੇ ਬਚਨੇ ਦੇ ਪੱਲੇ ਦੋ ਸੌ ਪਾ ਦਿਤਾ, ਦੋ ਸੌ ਲੈ ਕੇ ਬਚਨਾ ਘਰ ਆਇਆ, ਰੇਸ਼ਮਾ ਨੂੰ ਦੋ ਸੌ ਦੇਂਦਾ, ਆਪ ਦਸ ਰੁਪੈ ਲੈ ਕੇ ਠੇਕੇ ਨੂੰ ਤੁਰ ਗਿਆ, ਡੱਬੇ ਤੇ, ਬੋਤਲ ਦੀ ਝਾਕ 'ਚ ਬਚਨਾ ਗੋਲੀ ਵਾਂਗ ਜਾ ਰਿਹਾ ਸੀ। ਬਚਨਾ ਦਸ ਫੜ ਕੇ ਪਾਰ ਬੋਲਿਆ ਤੇ ਪਿਛੋਂ ਰੇਸ਼ਮਾ ਨੇ ਅੱਜ ਇੰਝ ਮਹਿਸੂਸ ਕੀਤਾ, ਜਿਵੇਂ ਉਸ ਦਾ ਖਸਮ ਗੋਸਾਈ ਕੋਈ ਹੁੰਦਾ ਹੈ ਤੇ ਉਸ ਅੰਦਰ ਬਚਨੇ ਵਾਸਤੇ ਤਿਉਂ ਦੀ ਤੂਈ ਜੰਮੀ। ਖਾ ਪੀ ਕੇ ਰੇਸ਼ਮਾ ਕੋਠੇ ਤੇ ਚੜ੍ਹ ਗਈ, ਮੰਜੇ ਤੇ ਪਈ ਪਈ ਰੇਸ਼ਮਾ ਨੂੰ ਆਪਣੇ ਪੇਟ 'ਚ ਕੁਝ ਟੱਪਦਾ ਲੱਗਿਆ ਤੇ ਫੇਰ ਰੇਸ਼ਮਾ ਖਿਆਲਾਂ 'ਚ ਗੁਆਚ ਗਈ, ਕਲਪਨਾ ਦੇ ਕਬੂਤਰ, ਕਬੂਤਰੀਆਂ ਗੁਟਗੂੰ ਗੁਟਗੂੰ ਕਰ ਰਹੀਆਂ ਸਨ। ਰੇਸ਼ਮਾ ਦੇ ਸਿੱਕਰੀ ਆਏ ਬੁੱਲ੍ਹਾਂ ਤੇ ਮੁਸਕਾਨ, ਖੁਸ਼ਕ ਜਿਹੀ ਮੁਸਕਾਨ ਆਈ, ਰੇਸ਼ਮਾ ਦੇ ਬੁਲ੍ਹਾਂ ਦੀ ਮੁਸਕਾਨ ਨੈਣਾਂ ਦੀ ਸੰਗ ਤੇ ਸ਼ਰਮ ਤੋਂ ਫੇਰ ਜੰਮਣ ਪੀੜ ਦੀ ਤਕਲੀਫ ਸੀਹ ਦਾ ਤਕਲਾ ਜਿਵੇਂ ਉਸ ਨੂੰ ਚੁਭ ਗਿਆ ਹੋਵੇ। ਰੇਸ਼ਮਾ ਨੂੰ ਇਉਂ ਲੱਗਿਆ

ਜਿਵੇਂ ਕੂਲੀ ਕੂਲੀ ਰਜ਼ਾਈ ਦੇ ਨਗੰਦੇ ਪਾਉਂਦੀ ਦੇ ਘੰਦੂਈ ਸੂਈ ਉਸ ਦੇ ਪੋਟੇ 'ਚੋਂ ਪਾਰ ਹੋ ਗਈ। ਰੇਸ਼ਮਾ ਇਹ ਉਤਾਰ ਚੜ੍ਹਾ ਵਾਲੀਆਂ ਗੱਲਾਂ 'ਚ ਜਦ ਬਚਨੋ ਨੇ ਤਖਤੋ ਦੀ ਅਰਲ ਘੁਮਾ ਕੇ ਬਾਰ ਖੋਲ੍ਹਿਆ, ਰੇਸ਼ਮਾ ਆਪਣੇ ਪਿਆਰੇ ਪਿਆਰੋ ਕੌੜੇ ਕਸੈਲੇ ਖਿਆਲਾਂ 'ਚ ਖੌਝਲਦੀ ਸੌਂ ਚੁੱਕੀ ਸੀ। ਇਹ ਪਹਿਲੀ ਰਾਤ ਸੀ, ਜਿੱਦਣ ਬਚਨੇ ਨੇ ਇਕ ਹੋਰ ਤਕਣੀ ਨਾਲ ਤੱਕਿਆ ਸੀ, ਰੇਸ਼ਮਾ ਨੂੰ, ਰੇਸ਼ਮਾ ਦਾ ਵਧਿਆ ਢਿੱਡ ਤੇ ਢਿੱਡ 'ਚ ਬਚਨੇ ਦੇ ਲਹੂ ਦੀ ਇਕ ਬੂੰਦ, ਸ਼ਰਾਬੀ ਬਚਨੇ ਨੇ ਆਪਣੇ ਪਿੱਛੋਂ ਆਉਂਦੀ ਇਕ ਆਵਾਜ਼ ਸੁਣੀ, "ਓ ਬਾਪੂ, ਓ ਬਾਪੂ ਰੋਟੀ ਖਾ ਲੈ ਤੈਨੂੰ ਮੇਰੀ ਮਾਂ ਸੱਦਦੀ ਐ।" ਤੇ ਫੇਰ ਬਚਨੇ ਨੂੰ ਗੱਲ ਚੇਤੇ ਪਈ ਇਹ ਤਾਂ ਖੁੰਡਾਂ ਤੇ ਬੈਠੇ, ਚਿੰਤੂ ਦਾ ਮੁੰਡਾ ਉਸ ਨੂੰ ਹੁਣੇ ਸੱਦਣ ਆਇਆ ਸੀ, ਬਚਨੇ ਨੇ ਰੇਸ਼ਮਾ ਨੂੰ ਹਲੂਣਿਆ ਰੇਸ਼ਮਾ ਨੇ ਪਾਸਾ ਲੈਂਦਿਆਂ ਅਲਸਾ ਆਵਾਜ਼ 'ਚ ਊਂ-ਉਂ ਕੀਤਾ ਤੇ ਬਚਨੇ ਨੇ ਪਾਸਾ ਲੈਂਦੀ ਰੇਸ਼ਮਾਂ ਵੱਲ ਅੱਜ ਪਹਿਲੀ ਵਾਰ ਨਿਘੇ ਆਪਣੇ ਆਪਣੇ ਖਿਆਲਾਂ ਨਾਲ ਵੇਖਿਆ। ਬਚਨੇ ਨੇ ਰੇਸ਼ਮਾ ਨੂੰ ਫੇਰ ਹਲੂਣਿਆ, ਰੇਸ਼ਮਾ ਨੇ ਆਪਣੇ ਸਿਰਹਾਣੇ ਖੜ੍ਹੇ ਬਚਨੇ ਦੇ ਗਲ ਆਪਣੇ ਹੱਥ ਕੰਘੀ ਪਾ ਕੇ ਵਲ ਦਿੱਤੇ, ਬਚਨੇ ਦੇ ਮੂੰਹ 'ਚੋਂ ਸ਼ਰਾਬ ਦੀ ਦੁਰਗੰਧ ਰੇਸ਼ਮਾ ਨੂੰ ਅੱਜ ਤਿੱਖੀ ਤਿੱਖੀ, ਝੁਲਸੀ ਝਲਸੀ ਨਹੀਂ ਸਗੋਂ ਮਿੱਠੀ ਮਿੱਠੀ ਪਿਆਰੀ ਪਿਆਰੀ ਲੱਗੀ ਤੇ ਫੇਰ ਰੇਸ਼ਮਾ ਤੇ ਬਚਨਾ ਹੇਠਾਂ ਉੱਤਰ ਆਏ। ਪੌੜੀਆਂ ਤੋਂ ਉੱਤਰਦੀ ਰੇਸ਼ਮਾ ਨੂੰ ਬਚਨੇ ਨੇ ਆਖਿਆ, "ਵੇਖੀ ਬਚ ਕੇ ਉੱਤਰੀਂ ਹੇਠਲਾ ਡੰਡਾ ਟੁੱਟਿਆ ਹੋਇਐ ਰੇਸ਼ਮਾ। ਬਚਨੇ ਦੇ ਇਹ ਤਿਓ ਦੇ ਬੋਲ ਸੁਣ ਕੇ ਉਹ ਕੋਠੇ ਤੋਂ ਭੀ ਛਾਲ ਮਾਰ ਸਕਦੀ ਸੀ। ਕਿੰਨੀ ਦੇਰ ਤੱਕ ਤੀਵੀਂ ਮਾਲਕ ਨਿੱਕੀਆਂ ਨਿੱਕੀਆਂ ਆਪਸੀ ਗੱਲਾਂ ਕਰਦੇ ਰਹੇ ਸ਼ਰੀਕਾ ਉਹਨਾਂ ਦੀਆਂ ਗੱਲਾਂ 'ਚ ਆਇਆ, ਇਹ ਰਾਤ ਰੇਸ਼ਮਾ ਨੂੰ ਆਪਣੀ ਸੁਹਾਗ ਰਾਤ ਲੱਗ ਰਹੀ ਸੀ।

ਅਗਲੀ ਸਵੇਰ ਚੁੱਲ੍ਹੇ 'ਚ ਅੱਗ ਸੁਲਗਣੀ ਛੱਡ, ਰੇਸ਼ਮਾ ਬਾਹਰ ਮੈਦਾਨ ਤੁਰ ਗਈ, ਅਜੇ ਮੂੰਹ ਹਨੇਰਾ ਹੀ ਸੀ, ਰਾਹ 'ਚ ਸ਼ਰੀਕੇ 'ਚੋਂ ਦੀਪੇ ਦੀ ਬਹੂ ਰੇਸ਼ਮਾ ਮਿਲੀ; ਜਿਸ ਨੇ ਲਾ ਬੁਝਾਈਆਂ ਲਾ ਕੇ, ਰੇਸ਼ਮਾ ਦੋ ਪੈਰ ਨਹੀਂ ਲੱਗਣ ਦਿੱਤੇ ਸਨ; ਰੇਸ਼ਮਾ ਨੇ ਅੱਜ ਖੰਘੂਰਾ ਮਾਰ ਕੇ ਆਖਿਆ "ਬੇਬੇ ਪੈਰੀਂ ਪੈਣੀ ਆਂ" ਦੀਪੇ ਦੀ ਬਹੂ ਨੂੰ ਰੇਸ਼ਮਾ ਦਾ

ਪੈਰੀਂ ਪੈਣਾ ਗੋਲੀ ਵਾਂਗ ਲੱਗਿਆ। ਬਚਨੇ ਦੀ ਮੱਤ ਸੂਤ ਹੀ ਸੀ, ਬਹੁਤੀ ਲੰਮੀ ਉਸ ਨੂੰ ਸੋਚ ਨਹੀਂ ਸੀ ਆਉਂਦੀ ਇਸ ਕਰ ਕੇ ਹੀ ਉਹ ਸ਼ਰੀਕੇ ਦੀਆਂ ਉਂਗਲਾਂ ਤੇ ਚੜ੍ਹ ਕੇ ਰੇਸ਼ਮਾ ਨੂੰ ਉਲਝਾ 'ਚ ਪਾਈ ਰੱਖਦਾ ਸੀ। ਪਰ ਬਚਨੇ ਨੇ ਇਕ ਦਿਨ ਆਪ ਸੁਣ ਲਿਆ ਸੀ, "ਦਿਵਾਨੇ ਦਾ ਮਿਸਰੂ ਬਚਨੇ ਦਾ ਪੱਗ ਵੱਟ ਯਾਰ ਕੰਨ ਵਲ੍ਹੇਟ ਕੇ ਊ ਊ ਕਰਦਾ ਕੱਚਾ ਲਿੱਲ ਹੋ, ਕਿਵੇਂ ਫਿਟਕਾਰੀ ਖਾ ਕੇ ਨਿਕਲਿਆ ਸੀ, ਜਦੋਂ ਰੇਸ਼ਮਾ ਨੇ ਆਖਿਆ ਸੀ, "ਨਿੱਤ ਬੁੱਥਾ ਚੱਕ ਕੇ ਆ ਜਾਨੈ, ਆਹ ਵੇਖ ਲੈ, ਮੇਰੇ ਕੋਲ ਮੂੰਗਲੀ ਐ, ਕੱਚੇ ਨੂੰ ਖਾ ਜੂੰ, ਬਹੁਤਾ ਆਇਐ ਵੱਡਾ ਹਮੈਤੀ।' ਲਿਪ ਲਿਪ ਕਰਦਾ ਮਿਸਰੂ ਪੈਰ ਘਸਾ ਰਿਹਾ ਸੀ; ਰੇਸ਼ਮਾ ਫੇਰ ਬਿਜਲੀ ਵਾਂਗ ਗੜਕ ਪਈ, "ਮੈਂ ਕੀ, ਮੂੰਕੀ ਦਾ ਪਤਾ ਨੀ, ਮੈਂ ਤਾਂ ਚੂਲੀਐ ਲਹੂ ਪੀ ਜੂੰ ਤੇਰੇ ਵਰਗੇ ਵੀਹ ਢੱਕ ਮਕੌੜੇ ਜੁੱਤੀ ਹੇਠ ਮਿੱਧੇ ਨੇ ਉੱਪਰੋਂ ਯਾਰੀਆਂ ਤੇ ਵਿਚੋਂ ਛੁਰੀ....। ਬਚਨਾ ਨੀਰੇ ਆਲੇ ਬੈਠਾ ਸੁਣਦਾ ਰਿਹਾ, ਉਸ ਦੇ ਕੰਨ ਖੁੱਲ੍ਹੇ, ਉਸ ਦਿਨ ਤੋਂ ਦੀਪੇ ਦੀ ਬਹੂ ਦਾ ਪਾਣੀ ਭੀ ਚੜ੍ਹਣੋਂ ਹਟ ਗਿਆ, ਜਦ ਕਦੀ ਉਹ ਛੇੜਦੀ 'ਲੈ ਮੈਂ ਤਾਂ ਹੱਕੀ ਬੱਕੀ ਰਹਿ ਗਈ ; ਪਰਸੋਂ ਪਚਾ ਕੇ ਮਾਰ ਮਾਰ ਆ ਦੀਵਾਨੇ ਕੇ ਮਿਸਰੂ ਨਾਲ ਪਤਾ ਨੀ ਕੀ ਗਿਟਮਿਟ ਕਰਦੀ ਸੀ....-ਬਚਨੇ ਪਰਸੋਂ ਤਾਂ ਮਿਸਰੋ ਦੀ ਲਾਹ ਪਾਹ ਹੁੰਦੀ ਲੁਕ ਕੇ ਆਪ ਵੇਖੀ ਸੀ।' ਬਚਨਾ ਦੀਪੇ ਦੀ ਬਹੂ ਨੂੰ ਪੈ ਗਿਆ, "ਕਿਉਂ ਮਗਜੌਲੀ ਮਾਰੀ ਐ, ਵੱਡੀ ਆਈ ਐ ਰਕਾਨ, ਜਾ ਭੱਜ ਜਾਹ, ਜੇ ਫੇਰ, ਵੇਖ ਲੈ ਮੈਥੋਂ ਭੈੜਾ...."

ਰੇਸ਼ਮਾ ਤੇ ਬਚਨਾ ਸੁਰ 'ਚ ਸਮੇਂ ਨੇ ਕਰ ਦਿੱਤੇ, ਦਿਨ ਦਿਹਾੜੇ ਟੁੱਟਦੇ ਰਹੇ ਇਕ ਦਿਨ ਰੇਸ਼ਮਾ ਨੂੰ ਪੀੜ ਹੁੰਦੀ ਰਹੀ, ਰਾਤ ਭਰ ਦੀ ਪੀੜ ਨੇ ਰੇਸ਼ਮਾ ਦਾ ਬੁਰਾ ਹਾਲ ਕਰ ਦਿੱਤਾ, ਦੋ ਦਿਨਾਂ ਦੀ ਪੀੜ ਨੇ ਰੇਸ਼ਮਾ ਨੂੰ ਪੀਲੀ ਭੂਕ ਕਰ ਦਿੱਤਾ। ਰੇਸ਼ਮਾ ਦਾ ਬੁਰਾ ਹਾਲ ਹੁੰਦਾ ਬਚਨੇ ਤੋਂ ਵੇਖਿਆ ਨਾ ਜਾਂਦਾ। ਸੀਤੋ ਪੰਜ ਸੱਤ ਮੋਟੀਆਂ ਮੋਟੀਆਂ ਕੱਚੀਆਂ ਪਿੱਲੀਆਂ ਮੈਗੜੀਆਂ ਥੱਪ ਲੈਂਦੀ, ਡੇਲੇ ਪਾਣੀ ਦਾਲ ਬਣਾ ਕੇ ਬਚਨੇ ਨੇ ਆਖਿਆ, "ਆਖੋ ਤੇਰੀ ਭਾਬੀ ਨੂੰ ਝੰਭਰਾਂ ਤੋਂ...." ਰੇਸ਼ਮਾ ਅੰਦਰ ਅਜੇ ਭੀ ਇਸ ਬੁਰੇ ਹਾਲ 'ਚ ਭੀ ਕੁਝ ਬਾਕੀ ਸੀ, ਉਸ ਕੁਲੱਛਣੀ ਦੇ ਮੈਂ ਦਰਸ਼ਨ ਭੀ ਨੀ ਕਰਨੇ, ਹੱਥ ਤਾਂ ਕੀ ਲਵਾਉਣੇ ਨੇ। ਆਖਰ ਆਂਢ ਗੁਆਂਢ ਦੀਆਂ ਬੁੜ੍ਹੀਆਂ ਨੇ ਰੇਸ਼ਮਾ ਦਾ ਜਣੇਪਾ ਕਰਵਾ ਦਿਤਾ।

ਬਚਨਾ, ਬਾਕੀ ਬਚੇ, ਤਿੰਨ ਚਾਰ ਕਿੱਲਿਆਂ ਤੇ ਮੇਹਨਤ ਕਰਦਾ ਰਿਹਾ, ਬਚਨੇ ਨੂੰ ਹੌਲੀ ਹੌਲੀ ਵਾਰਾ ਚਾਨਣ ਹੋ ਚੁੱਕਿਆ ਸੀ ਕਿ "ਰੇਸ਼ਮਾ ਦਾ ਬਾਪੂ ਇਕ ਲਾਣੇ ਦਾ ਬੰਦਾ ਸੀ, ਮੋਦਨ ਦੇ ਛੋਟੇ ਪੁੱਤਰਾਂ – ਤੇ ਉਹਨਾਂ ਨਾਲ ਰਲੀ ਰੇਸ਼ਮਾ ਦੇ ਵੱਡੇ ਭਰਾ ਦੀ ਘਰ ਵਾਲੀ ਨੇ ਆਪਣੇ ਦਿਉਰਾਂ ਨਾਲ ਮਿਲ ਕੇ ਰੇਸ਼ਮਾ ਦੇ ਪੈਸੇ ਲਿੱਤੇ ਸਨ ਤੇ ਗਹਿਣੇ ਦੀ ਜ਼ਮੀਨ ਛੁਡਾਈ ਸੀ, ਮੋਦਨ ਇਸ ਝੋਰੇ ਨਾਲ ਹੀ ਤੁਰਦਾ ਲੱਗਿਆ ਸੀ ਤੇ ਦੂਜੇ ਪਾਸੇ ਬਚਨੇ ਨੇ ਭੀ ਰੇਸ਼ਮਾ ਨੂੰ ਪਰਖ ਲਿਆ ਸੀ। ਬਚਨਾ ਤੇ ਰੇਸ਼ਮਾ ਸੁਰ 'ਚ ਰਹਿਣ ਤੱਗ ਪਏ, ਘਰ 'ਚ ਚਹਿਕ ਆ ਗਈ, ਬਚਨਾ ਆਪਣੇ ਖੇਤਾਂ 'ਚ ਪੁੱਜ ਕੇ ਮੇਹਨਤ ਕਰਦਾ, ਰੋਟੀ ਪਾਣੀ ਮੋਗਾ ਚੱਲਣ ਲੱਗ ਪਿਆ ਸੀ। ਰੇਸ਼ਮਾ ਨੂੰ ਬਚਨੇ ਨੇ ਤਿੰਨ ਚਾਰ ਸੇਰ ਥੰਦਾ ਭੀ ਰਲਾ ਕੇ ਦਿੱਤਾ ਸੀ। ਰੇਸ਼ਮਾ ਬੜੇ ਚਾਅ ਨਾਲ ਆਪਣੀ ਗੁੱਡੀ ਨੂੰ ਸਵਾਂਦੀ ਉਸ ਨੇ ਬੱਚੀ ਦੇ ਜੰਮਣ ਤੇ ਮੱਥੇ ਵੱਟ ਨਾ ਪਾਇਆ, ਬੁੱਢੀ ਠੇਰੀ ਨੂੰ ਇਹ ਆਖ ਚੁੱਪ ਕਰਵਾ ਦੇਂਦੀ ਆਪਣਾ ਭਾਗ ਲੈ ਕੇ ਜੰਮੀ ਐ" ਸੀਤੋ ਦੀ ਗੋਦੀ 'ਚ ਪਈ ਭੰਤੀ ਲੱਤ ਪੈਰ ਮਾਰਦੀ, ਰੇਸ਼ਮਾ ਨੂੰ ਬੜਾ ਚਾਅ ਮਿਲਦਾ। ਰੇਸ਼ਮਾ ਨੂੰ ਹੁਣ ਜੇ ਕਦੀ ਕੋਈ ਕਰੇੜਾ ਉੱਠਦਾ ਤਾਂ ਉਹ ਸੀ ਆਪਣੇ ਮਾਪਿਆਂ ਨਾਲੋਂ ਟੁੱਟ ਜਾਣ ਦਾ, ਰੇਸ਼ਮਾ ਨੂੰ ਨਿਹਾਲੇ ਲੰਬਰਦਾਰ ਦੀ ਨੂੰਹ ਤੋਂ ਆਪਣੇ ਪੇਕੇ ਘਰ ਬਾਰੇ ਪਤਾ ਲਗਦਾ ਰਹਿੰਦਾ, ਉਸ ਦੇ ਦੋਵੇਂ ਭਰਾ ਟਹਿਕ 'ਚ ਸਨ, ਸੇਮ 'ਚ ਆਈ ਜ਼ਮੀਨ 'ਚ ਜੀਰੀ ਬੀਜ ਲੈਂਦੇ, ਰੇਸ਼ਮਾ ਦੇ ਲਿੱਤੇ ਪੈਸਿਆਂ ਨਾਲ ਜਿਹੜਾ ਗਹਿਣਾ ਛੁਟਿਆ ਸੀ, ਉਸ 'ਚ ਕਣਕ ਕਰ ਲੈਂਦੇ, ਦਾਨਾ ਭੀ ਵਿਚਾਰਾ ਸ਼ਹਿਰੋਂ ਅੱਕ ਕੇ ਪਿੰਡ ਆ ਗਿਆ ਸੀ, ਰੇਸ਼ਮਾ ਦੇ ਭਰਾ ਇਸ ਗੱਲ 'ਚ ਆਪਣੀ ਹਲੱਤਣ ਸਮਝਦੇ ਸਨ ; ਕਿ ਉਹਨਾਂ ਦਾ ਸਕਾ ਭਰਾ ਮੰਡੀ 'ਚ ਦਿਹਾੜੀ ਕਰੇ, ਉਹਨਾਂ ਨੂੰ ਇਹ ਡਰ ਭੀ ਸੀ ਕਿ ਕਿਤੇ ਕਿਸੇ ਦੇ ਹੱਥ ਚੜ੍ਹ ਕੇ ਉਹ ਆਪਣਾ ਹਿੱਸਾ ਬੈਅ ਹੀ ਨਾ ਕਰ ਦੇਵੇ, ਪਲੋਸ ਪਲਾਸ ਕੇ ਦਾਨੇ ਨੂੰ ਆਪਣੇ ਨਾਲ ਹੀ ਰੱਖਣਾ ਚਾਹੁੰਦੇ ਸਨ।

ਰੇਸ਼ਮਾ ਦਾ ਵੱਡਾ ਭਰਾ ਦਾਨਾ, ਸੁਭਾਅ ਦਾ ਨਰਮ ਸੀ, ਉਸ ਨੂੰ ਕਦੇ ਨਾ ਕਦੇ ਆਪਣੇ ਘਰ ਦਾ, ਘਰ ਵਾਲੀ ਦਾ, ਆਪਣੀ ਔਲਾਦ ਦਾ ਮੋਹ ਮਾਰਦਾ, ਉਸ ਦੇ ਦੋ ਤਿੰਨ ਕੁੜੀਆਂ, ਨਿੱਕੇ ਨਿੱਕੇ ਤਿੰਨ ਚਾਰ ਮੁੰਡੇ ਸਨ। ਦਾਨਾ ਸਭ ਸਮਝਦਾ ਸੀ ਕਿ ਉਸ ਦੀ ਘਰ ਵਾਲੀ ਦੀ ਗੰਢ ਤੁੱਪ ਆਪਣੇ ਛੋਟੇ ਦਿਉਰਾਂ ਨਾਲ ਹੈ, ਉਹ ਤਾਂ ਹੁਣ ਦਾਨੇ ਨੂੰ ਰੋਟੀ ਭੀ ਕਚੂਚ ਹੋ ਕੇ ਦੇਂਦੀ ਸੀ, ਦਾਨੇ ਦਾ ਸਰੀਰ ਢਲ ਰਿਹਾ ਸੀ। ਚੜ੍ਹਦੀ ਉਮਰ ਦੇ ਦਿਉਰ, ਢਲੀ ਉਮਰ ਦੀ ਭਾਬੀ ਲਈ ਮੌਜਾਂ ਬਣੀਆਂ ਹੋਈਆਂ ਸਨ। ਦਾਨੇ ਨੇ ਪਹਿਲਾਂ ਤਾਂ ਗਲ 'ਚ ਰੱਸਾ ਪਵਾਉਣ ਵਾਲੇ ਡੰਗਰ ਵਾਂਗ, ਸਿਰ ਏਧਰ ਉੱਧਰ ਕੀਤਾ ਪਰ ਟਿਕਦਾ ਟਿਕਦਾ ਉਹ ਟਿਕ ਗਿਆ। ਹੁਣ ਤਾਂ ਉਹ ਖੇਤ ਵਾਲੇ ਕੋਠੇ 'ਚ ਹੀ ਪੈ ਛਡਦਾ, ਚਾਰ ਗੁੱਲੀਆਂ ਉਸਦੀਆਂ ਉਥੇ ਹੀ ਪੁੱਜ ਜਾਂਦੀਆਂ, ਡੰਗਰਾਂ ਦੀਆਂ ਖੁਰਲੀਆਂ 'ਚੋ ਡੱਕਰੇ ਹੂੰਝ ਛੱਡਦਾ, ਕੱਖ ਪੱਠਾ ਪਾਉਣਾ ਉਸ ਦਾ ਜੁੰਮਾ ਸੀ। ਸਾਲ ਛਿਮਾਹੀ ਪਿੱਛੋਂ ਖੱਲ ਧੌੜੀ ਦੀ ਜੁੱਤੀ ਤੇ ਮੈਲੇ ਲੱਠੇ ਦਾ ਕੁੜ੍ਹਤਾ ਸਿਲਾ ਕੇ ਉਸ ਗਰੀਬ ਦੇ ਮੱਥੇ ਮਾਰ ਦੇਂਦੇ। ਤੜਕੇ ਹੀ ਡੰਗਰਾਂ ਦੇ ਰੱਸੇ ਖੋਲ੍ਹ ਕੇ ਦਾਨਾ ਇਕ ਟੀਨ ਦਾ ਡੱਬਾ ਚੁੱਕਦਾ, ਆਪਣੇ ਅੰਦਰ ਦੇ ਪਰਨੇ ਲੜ ਦੋ ਗੁੱਲੀਆਂ ਬੰਨ੍ਹ ਕੇ ਦਿਨ ਭਰ ਡੰਗਰਾਂ ਮਗਰ ਛਿੱਤਰ ਘੜੀਸਦਾ ਰਹਿੰਦਾ। ਦਾਨੇ ਦੇ ਪੁੱਤ ਭੀ ਹੁਣ ਤਾਂ ਘੱਟ ਵੱਧ ਹੀ ਪਿਆਰ ਕਰਦੇ ਸਨ, ਉਹਨਾਂ ਦੇ ਮੂੰਹਾਂ 'ਚ ਭੀ ਚਾਚਾ ਚਾਚਾ ਹੀ ਭਰੀ ਰਹਿੰਦੀ ਸੀ। ਦਾਨਾ ਕਦੇ ਕਦੇ ਤਿਓ 'ਚ ਆ ਕੇ ਆਪਣੇ ਬੱਚਿਆਂ ਨਾਲ ਠੰਡੀਆਂ ਮਿੱਠੀਆਂ ਮਾਰਦਾ : ਪਰ ਸਭ ਤੋਂ ਵੱਧ ਦਾਨੇ ਨੂੰ ਆਪਣੀ ਭੈਣ ਰੇਸ਼ਮਾ ਦੀ ਯਾਦ ਆਉਂਦੀ ਰਹਿੰਦੀ ਸੀ। ਰੇਸ਼ਮਾ ਨੂੰ ਦਾਨੇ ਨੇ ਆਪਣੀ ਧੀ ਵਾਂਗ ਪਾਲਿਆ ਸੀ, ਰੇਸ਼ਮਾ ਦੀ ਮਾਂ ਮਰ ਗਈ ਸੀ।

ਦਾਨੇ ਦੀ ਘਰ ਵਾਲੀ ਦਾ ਕੌੜਾ ਸੁਭਾ : ਰੇਸ਼ਮਾ ਪਲਦੀ ਪਲਦੀ ਪਲ ਗਈ। ਰੇਸ਼ਮਾ ਪਲਦੀ ਪਲਦੀ ਵੱਡੀ ਹੁੰਦੀ ਹੁੰਦੀ ਸਿਆਣੀ ਸਚਿਆਰ ਬਣਦੀ ਰਹੀ ਹਰ ਗੱਲ ਸਮਝਦੀ ਸੀ। ਰੇਸ਼ਮਾ ਨੂੰ ਪਤਾ ਲੱਗ ਗਿਆ ਉਸ ਦੀ ਭਾਬੀ ਹੀ ਹੈ, ਜਿਹੜੀ ਉਸਦੇ

ਭਰਾਵਾਂ ਨੂੰ, ਸਾਕ ਨਹੀਂ ਹੋਣ ਦੇਂਦੀ, ਉਹ ਵੇਖਣ ਆਏ ਨੂੰ ਜਾ ਆਖਦੀ, 'ਵੇਖ ਲੈ ਭਾਈ ਤੂੰ ਮੇਰਾ ਧਰਮ ਦਾ ਬਾਬਲ, ਮੈਂ ਤਾਂ ਨਰਕ ਕੁੰਡੀ 'ਚ ਫਸੀ ਹੀ ਆਂ ਏਥੇ ਤਾਂ ਭੁੱਖੇ ਮਰ ਮਰ ਚੂਹੇ ਭੀ ਭੱਜਦੇ ਨੇ....ਰੇਸ਼ਮਾ ਨੂੰ ਜਦ ਪਤਾ ਲੱਗਿਆ ਉਹ ਖਰੀਆਂ ਖਰੀਆਂ ਆਪਣੀ ਭਾਬੀ ਨੂੰ ਸੁਣਾਉਣ ਲੱਗ ਪਈ। ਨਣਦ ਭਾਬੀ ਦੀ ਚਖਾ-ਮਖੀ ਵਿਚ ਰੇਸ਼ਮਾ ਦੇ ਭਰਾ ਆਪਣੀ ਭਾਬੀ ਵੱਲ ਹੋ ਤੁਰਦੇ, ਅਕੇਰਾਂ ਇਕ ਥਾਂ ਤੋਂ ਸਾਕ ਦੀ ਪੱਕ ਠੱਕ ਹੋਣ ਵਾਲੀ ਹੀ ਸੀ, ਦਾਨੇ ਦੀ ਘਰ ਵਾਲੀ ਪਿੰਡ ਤੋਂ ਬਾਹਰ ਪਹੇ 'ਚ ਜਾ ਮਿਲੀ, "ਵੇਖ ਲੈ ਭਾਈ ਤੂੰ ਮੇਰਾ ਧਰਮ ਦਾ ਭਾਈ ਐ, ਤੂੰ ਮੇਰਾ ਧਰਮ ਦਾ ਭਾਈ ਐ, ਮੈਂ ਤਾਂ ਕੀੜੇ ਪੈ ਕੇ ਮਰਾਂ ਜੇ ਝੂਠ ਬੋਲਾਂ ਕਾਹਨੂੰ ਕੁੜੀ ਨੂੰ ਏਥੇ ਨਰਕ 'ਚ ਧੱਕਾ ਦੇਨੈਂ, ਮੈਂ ਤਾਂ ਬਿਪਤਾ ਦੇ ਦਿਨ ਕਟਦੀ ਆਂ, ਉਹ ਜਿਹੜਾ ਬੁੱਢੇ ਫੀਮ ਨੂੰ ਬੁਰਕੀਆਂ ਵੱਡਦੈ, ਉਂ ਵੇਖਣ ਨੂੰ ਪੱਕਾ ਨਿਹੰਗ ਲਗਦੈ, ਧਰਤੀ ਗਿੱਠ ਗਿੱਠ ਗਹਿਣੇ ਧਰੀ ਪਈ ਐ, ਮੈਂ ਤਾਂ ਉੂਂ ਕੁਝ ਨਹੀਂ ਆਖਦੀ ਪਰ ਭਾਈ, ਧੀ ਭੈਣ ਦਾ ਤਾਂ ਹਉਕਾ ਹੀ ਹੁੰਦਾ ਐ। ਆਖਦੀ ਆਖਦੀ ਰੋ ਪਈ, ਫੱਫੇ ਕੁਟਣੀਆਂ ਮਾਰ ਕੇ ਉਸ ਨੂੰ ਹਿਲਾ ਦਿੱਤਾ। ਵੀਹ ਪੱਤਣਾ ਦੀ ਤਾਰੂ, ਮੋਮੋ ਠਗਣੀਆਂ ਮਾਰ ਕੇ ਦਿਉਰਾਂ ਨੂੰ ਉਲਝਾਈ ਰੱਖਦੀ, ਰੇਸ਼ਮਾ ਦਾ ਪਾਣੀ ਨਾ ਚੜ੍ਹਦਾ ਹੁਣ ਜਦ ਦਿਉਰਾਂ ਦੀ ਬੱਤ ਲੰਘ ਗਈ, ਸੌ ਸੌ ਨਖਰਿਆਂ ਨਾਲ ਉਹਨਾਂ ਨਾਲ ਲਗਦੀ। ਬੇਬੱਤੇ ਦਿਉਰ, ਮੋਮੋ ਠਗਣੀ ਭਾਬੀ ਰੇਸ਼ਮਾ ਦੀ ਕਾਕੜ ਨਾਲ ਹੋਈ ਗੱਲ, ਘਰ 'ਚ ਸਾਕਾ ਹੀ ਹੋਰ ਬਣ ਗਿਆ ਸੀ।

ਕੁੜੀਆਂ ਕਿੰਨੀਆਂ ਰੱਜ ਜਾਣ, ਉਹਨਾਂ ਦੀ ਸੁਤਾ ਆਪਣੇ ਪੇਕਿਆਂ 'ਚ ਜ਼ਰੂਰ ਰਹਿੰਦੀ ਹੈ। ਰੇਸ਼ਮਾ ਦਾ ਭਾਵੇਂ ਆਪਣੇ ਭਰਾਵਾਂ ਨਾਲ ਵਟਿੱਟ ਪੈ ਗਿਆ ਸੀ, ਪਰ ਉਸ ਨੂੰ ਆਪਣਾ ਭਰਾ ਦਾਨਾ, ਆਪਣਾ ਬਾਪੂ ਮੋਦਨ, ਆਪਣੇ ਭਤੀਜੇ ਭਤੀਜੀਆਂ ਰਹਿ ਰਹਿ ਕੇ ਚੇਤੇ ਆ ਰਹੀਆਂ ਸਨ। ਦਾਨੇ ਦੇ ਵੱਡੇ ਮੁੰਡੇ ਦਾ ਵਿਆਹ ਸੀ, ਵਿਆਹ ਦੀ ਗੰਢ ਆਈ, ਰੇਸ਼ਮਾ ਕਿੰਨੇ ਦਿਨ ਸੋਚਦੀ ਰਹੀ ਸੀ, ਕਿਹੜੇ ਮੂੰਹ ਨਾਲ ਜਾਵਾਂ ਜਦ ਬਾਪੂ ਦੇ ਮਰਨੇ ਤੇ....ਆਖਿਰ ਸਾਵੇ ਦਿਨ ਦਾਨਾ ਆਇਆ, ਪਰ ਰੇਸ਼ਮਾ ਨਾ ਤੁਰੀ, ਭੈਣ ਭਰਾ, ਰੇਸ਼ਮਾ ਤੇ ਦਾਨਾ ਗਲ ਲੱਗ ਰੋਂਦੇ ਰਹੇ। ਭੈਣ ਭਰਾਵਾਂ ਦਾ ਰੁਦਨ ਵੇਖ ਕੇ, ਬਚਨੇ ਦੇ ਮੋਹ ਦਾ ਹੇਜ ਉੱਠ ਖੜ੍ਹਾ ਹੋਇਆ। ਨਿਰਾਸ਼ ਦਾਨਾ ਮੁੜ ਗਿਆ। ਰੇਸ਼ਮਾ ਨੇ ਬਚਨੇ ਹੱਥ ਨਿੱਕੁੜ ਸੁੱਕੜ

ਦੇ ਕੇ ਉਸ ਨੂੰ ਸ਼ਾਮ ਨੂੰ ਤੋਰ ਦਿੱਤਾ। ਬਚਨਾ ਜਦ ਪੁੱਜਿਆ ਰੇਸ਼ਮਾ ਨੂੰ ਨਾ ਵੇਖ ਕੇ ਗਲੀ ਗੁਆਂਢ ਦੀਆਂ ਤ੍ਰੀਮਤਾਂ ਨੇ ਬੜੀ ਚਰਚਾ ਕੀਤੀ, 'ਲੈ ਕੁੜੇ ਧੀ ਧਿਆਣੀ ਕਰ ਕੇ ਮਾਰਨੀ ਐ ਭਾਈ ਧੀਆਂ ਤੇ ਕਿਸੇ ਦੇ ਨਾ ਜੰਮਣ ਉਹ ਮੰਦੇ ਭਾਗਾਂ ਵਾਲੀ ਰੇਸ਼ਮਾ ...." ਤੁਲੇ ਤੁਲੋ ਹੁੰਦੀ ਵੇਖ ਕੇ ਦਾਨੇ ਦੀ ਘਰ ਵਾਲੀ ਨੇ ਆਪਣੇ ਇਕ ਦਿਉਰ ਨੂੰ ਘੋੜੀ ਦੇ ਕੇ ਝੱਭਰੀਂ ਘੱਲਿਆ।

*******

# 15.

ਪਿੰਡ 'ਚ ਗਲੀਆਂ ਮੁਹੱਲਿਆਂ ਦੇ ਕਿੰਨੇ ਜਵਾਕਾਂ ਨੂੰ ਬਾਲ ਭੋਗੀਏ ਦੇ ਔੜਕੇ ਪੈਂਦੇ ਸੀ। ਬਾਬਾ ਬਾਲ ਭੋਗੀਆ ਪਹਿਲਾਂ ਪਹਿਲਾਂ ਪੰਜ ਸੱਤ ਦਿਨ ਤਾਂ ਆਉਂਦਾ ਰਿਹਾ, ਕਚੀਚੀ ਜਿਹੀ ਲੈ ਕੇ ਹੁਣ ਉਹ ਕਿਸੇ ਬੱਚੇ ਨਾਲ ਮਸ਼ਗੂਲਾ ਨਹੀਂ ਸੀ ਕਰਦਾ, ਪੀਲਾ ਪੀਲਾ ਉਸ ਦਾ ਮੂੰਹ ਬਹੁਤੇਰਿਆਂ ਨੇ ਆਖਿਆ, "ਜਾਹ ਜਾ ਕੇ ਵੈਦ ਤੋਂ ਦਾਰੂ ਲੈ ਲੈ" ਪਰ ਵਲੈਤੀ ਆਪਣੀ ਹਿੰਡ ਤੋਂ ਮੁੜਣ ਵਾਲਾ ਨਹੀਂ ਸੀ। ਵੈਦ ਤੋਂ ਉਸ ਨੂੰ ਮੁੱਢ ਕਦੀਮ ਤੋਂ ਹੀ ਘਿਰਣਾ ਸੀ, ਅਜੇ ਭਾਈ ਜੀ ਨਾਲ ਤਾਂ ਉਸ ਦੀ ਸੱਥਰੀ ਕਦੇ ਕਦਾਈਂ ਪੈ ਜਾਂਦੀ, ਭਾਈ ਜੀ ਖਾਤਿਰ ਵਲੈਤੀ ਇਉਂ ਆਖਦਾ ਹੁੰਦਾ ਸੀ, "ਇਹ ਤਾਂ ਖੱਦਰ ਦਾ ਪਰਨਾ ਐ ਕਦੇ ਕਦਾਈਂ ਕੰਮ ਤਾਂ ਆ ਹੀ ਜਾਂਦੈ, ਪਰ ਆਹ ਵੈਦ ਤਾਂ ਅੰਗੋਛੈ, ਤੇੜ ਭੀ ਨੀ ਪੈਂਦਾ...." ਤੇ ਫੇਰ ਵਲੈਤੀ ਜਿਵੇਂ ਆਪਣੇ ਅਰਮਾਨਾਂ ਨੂੰ ਗੁੱਛਾ ਮੁੱਛਾ ਕਰ ਲੈਂਦਾ ਹੈ।

ਦਿਨ ਦਿਹਾੜੇ ਗੁਜ਼ਰਦੇ ਗਏ, ਵਲੈਤੀ ਦਿਨ ਪ੍ਰਤੀ ਦਿਨ ਖੁਰਦਾ ਗਿਆ, ਖੁਰਦਾ ਗਿਆ, ਆਖਿਰ ਮੰਜੇ ਤੇ ਡਿਗ ਪਿਆ। ਹੁਣ ਤਾਂ ਕੋਈ ਨਾ ਕੋਈ ਬੁੱਢੀ ਠੇਰੀ ਵਲੈਤੀ ਦਾ ਪਤਾ ਸੁਤਾ ਲੈਣ ਭੀ ਉਸ ਦੇ ਤਬੇਲੇ ਬਹੁੜ ਜਾਂਦੀ। ਬਰਜੀ ਸਿਦਕ ਦੀ ਪੱਕੀ ਨਿਕਲੀ, ਵਲੈਤੀ ਦਾ ਉਪਰਲਾ ਓਹਰ ਪੋਹਰ ਜ਼ਰੂਰ ਕਰਦੀ ਰਹਿੰਦੀ। ਦਲੀਏ ਦੀ ਕੜਛੀ ਦੁੱਧ 'ਚ ਪਾ ਕੇ ਵਲੈਤੀ ਦੇ ਬਚਣ ਦੀ 'ਤੇ ਨਾ ਬਚਣ ਦੀ ਗੱਲ ਛਿੜ ਪੈਂਦੀ।

ਵਲੈਤੀ ਦੀਆਂ ਗੱਲਾਂ ਖੁੰਢਾਂ ਤੇ ਬੈਠੇ ਬੁੱਢੇ ਕਰਦੇ ਰਹਿੰਦੇ, ਪਹੇ ਦੇ ਰੇਤੇ ਤੇ ਰਾਹਲਾਂ ਬਗਲ ਦੇ ਪਾਲੀ, ਗਲੀਆਂ 'ਚ ਖੇਡਦੇ ਮੁੰਡੇ, ਛੋਪ ਕਤਦੀਆਂ ਮੁਟਿਆਰਾਂ ਬਾਬੇ ਬਾਲ ਭੋਗੀਏ ਦੀਆਂ ਗੱਲਾਂ ਕਰਦੇ ਰਹਿੰਦੇ, ਵਲੈਤੀ ਮਰਦਾ ਨੀ "ਧੰਨੇ ਦਾ ਕਿਸ਼ਨਾ ਆਖਦਾ, "ਏ ਤਾਂ ਮਰ ਕੇ ਕਿਹੜਾ ਨਾ ਬਚ ਜੇ ਤੇ ਫੇਰ; ਕਾਕੜ ਦੀਆਂ ਗੱਲਾਂ ਛਿੜ ਪੈਂਦੀਆਂ, ਵਲੈਤੀ ਕਾਕੜ ਨੂੰ ਓਦਰ ਗਿਆ ਸੀ, ਕਾਕੜ ਦਾ ਉਦਰੇਵਾਂ ; ਵਲੈਤੀ ਦੇ ਉਦਰੇਮੇ 'ਚ ਕਾਕੜ ਦੀ ਕਬੱਡੀ ਦੀ ਗੱਲ ਫੁੱਟ ਪੈਂਦੀ। ਬੁੱਢੇ ਵਲੈਤੀ ਦੀਆਂ; ਬੱਚੇ ਬਾਲ

ਭੋਗੀਏ ਵਲੈਤੀ ਦੀਆਂ, ਜਵਾਨ ਕਾਕੜ ਦੀ ਕਬੱਡੀ ਦੀਆਂ ਗੱਲਾਂ ਆਮ ਕਰਦੇ ਰਹਿੰਦੇ। ਕਰਮੂ ਆਖਦਾ "ਯਾਰੋ ਅੱਗ ਦੀ ਨਾਲ ਕਾਕੜ, ਉਂਗਲ ਕੇਹੜਾ ਲੱਗਣ ਦੇਂਦਾ ਸੀ ; ਕੇਰਾਂ ਤਾਂ ਪਿੰਡ ਨੂੰ ਨਾਮਜ਼ਦਗੀ ਦੁਆਤੀ ਸੀ" "ਆਹੋ, ਨਾਮਜ਼ਦਗੀ ਤਾਂ...." ਗੱਲ ਟੁਕ ਕੇ ਮਾੜੂ ਮਿੱਠਾ, ਛੇੜਖਾਨੀ ਕਰਦਾ।

ਮੋਦਨ ਦੀ ਰੇਸ਼ਮਾ ਜਿਵੇਂ ਸਾਰਿਆਂ ਦੀਆਂ ਅੱਖਾਂ 'ਚ ਅਟਕ ਜਾਂਦੀ, "ਬਈ ਕੁੜੀ ਨਿਕਲੀ ਚੀਹੜੀ, ਵੇਖ ਲਓ ਆ ਕੇ ਏਥੇ ਪੈਰ ਨੀ ਧਰਿਆ, ਇਹ ਸਾਲੇ ਬੇਸ਼ੱਕ ਸੌ ਟਰੈਕਟਰਾਂ ਆਲੇ ਹੋ ਜਾਣ।" ਭਨਤੀ ਨੇ ਰੇਸ਼ਮਾ ਦੇ ਸਿਦਕ ਦੀ ਪ੍ਰਸੰਸਾ ਕਰਦਿਆਂ ਆਖਿਆ। ਬਿਨਾਂ ਸਿਰ ਪੈਰਾਂ ਤੋਂ ਠੇਹਕਰਾਂ ਠਿਭੇ ਖਾਂਦੀਆਂ ਗੱਲਾਂ ਫੇਰ ਵਲੈਤੀ ਦੀ ਬੀਮਾਰੀ ਤੇ ਆ ਜਾਂਦੀਆਂ। ਬਰਜੀ ਨੂੰ, ਖੁੰਢਾਂ ਤੇ ਬੈਠੇ ਬੰਦਿਆਂ ਨੇ ਵੇਖਿਆ, ਉਸ ਪਿੱਛੇ ਵੈਦ ਆਪਣਾ ਚਮੜੇ ਦਾ ਥੈਲਾ ਲਟਕਾਈ ਚੱਕਮੇ ਪੈਰੀਂ ਤੁਰਿਆ ਜਾ ਰਿਹਾ ਸੀ। ਸਾਰਿਆਂ ਨੂੰ ਇਹ ਸਮਝਣ 'ਚ ਦੇਰ ਨਾ ਲੱਗੀ ਕਿ ਵਲੈਤੀ ਦੀ ਹਾਲਤ ਹੱਥਾਂ 'ਚ ਆਈ ਹੋਈ ਐ। ਥੋੜ੍ਹੇ ਕੁ ਸਮੇਂ ਮਗਰੋਂ ਜਦ ਵੈਦ ਮੁੜਿਆ, ਖੁੰਢਾਂ ਵਾਲਿਆਂ ਨੇ ਵੈਦ ਤੋਂ ਪੁੱਛਿਆ, "ਕਿਉਂ ਵੈਦ ਜੀ ਵਲੈਤੀ....

"ਬੱਸ ਵੋਹ ਤੋਂ ਅਬ ਆਖਰੀ ਸਾਂਸ...."ਧੰਨੇ ਕੇ ਕਿਸ਼ਨੇ ਨੇ ਸਿਰ ਹਿਲਾਂਦਿਆਂ, ਜਿਵੇਂ ਵਲੈਤੀ ਦੀ ਮੌਤ ਤੋਂ ਇਨਕਾਰੀ ਕੀਤੀ। ਵਲੈਤੀ ਦੇ ਤਬੇਲੇ 'ਚ ਬੁੱਢੇ ਬੁੱਢੀਆਂ ਜੁੜੇ ਰਹਿੰਦੇ। ਬਰਜੀ ਉਸ ਦਾ ਓਹਰ ਪੋਹਰ ਕਰਦੀ ਰਹਿੰਦੀ। ਪਿੰਡ 'ਚ ਸਭ ਨੂੰ ਹੋ ਗਿਆ ਸੀ, ਵਲੈਤੀ ਹੁਣ ਬਚਦਾ ਨਹੀਂ ਅੱਜ ਭਲਕੇ ਵਲੈਤੀ ਨੂੰ ਇਕ ਦੋ ਵਾਰ ਹੇਠਾਂ ਭੀ ਲਾਹ ਲਿੱਤਾ ਸੀ। ਪਿੰਡ 'ਚ ਵਲੈਤੀ ਦੀ ਯਾਦ ਚੱਕਰ ਕੱਟ ਰਹੀ ਸੀ। ਸਵੇਰ ਹੋਈ ਸੂਰਜ ਚੜ੍ਹਿਆ, ਵਲੈਤੀ ਹੇਠਾਂ ਲਾਹਿਆ ਪਿਆ ਸੀ। ਵਲੈਤੀ ਦੇ ਤਬੇਲੇ 'ਚ ਅਜ ਪਹਿਲੀ ਵਾਰ ਲੋਕਾਂ ਨੇ ਸੋਗੀ ਹਉਕੇ ਭਰੇ, ਵਲੈਤੀ ਦਾ ਤਬੇਲਾ ਜਿਥੇ ਹਰ ਸਮੇਂ ਹਾਸੇ ਤਮਾਸ਼ੇ ਤੇ ਮਹਿਫਲਾਂ ਜੁੜੀਆਂ ਰਹਿੰਦੀਆਂ ਹੁੰਦੀਆਂ ਸਨ ਉਸ ਤਬੇਲੇ 'ਚ ਅੱਜ ਮਾਤਮ ਨੇ ਸੱਥਰ ਵਿਛਾ ਲਿਆ ਸੀ। ਝੱਭਰਾਂ, ਪਿੰਡ ਦੀਆਂ ਬੁਢੀਆਂ, ਬੁੱਢੇ, ਬੱਚੇ ਬੱਚੀਆਂ, ਮਰਦ ਤ੍ਰੀਮਤਾਂ

ਜਿਵੇਂ ਆਪਣੇ-ਪਿਆਰੇ ਪਾਤਰ ਵਲੈਤੀ ਨੂੰ ਛਡਣ ਲਈ ਤਿਆਰ ਨਹੀਂ ਹੁੰਦੇ, ਸੋਗੀ ਵਾਤਾਵਰਣ 'ਚ ਲੋਕਾਂ ਨੇ ਮੂੰਹ ਫੇਰ ਕੇ ਵੇਖਿਆ, ਕਾਕੜ ਖੜ੍ਹਾ ਸੀ।

ਕਾਕੜ ਨੇ ਆਪਣੇ ਚਾਚੇ ਨੂੰ ਧਰਤੀ ਤੇ ਪਿਆ ਵੇਖ ਕੇ ਲੇਰ ਛੱਡ ਦਿੱਤੀ, ਕਾਕੜ ਵਲੈਤੀ ਤੇ ਡਿਗ ਪਿਆ, ਬੂਕਦਾ ਰਿਹਾ, ਰੋਂਦਾ ਰਿਹਾ, ਡੁਸਕਦਾ ਰਿਹਾ, ਚਾਚਾ ਵਲੈਤੀ ਸੁੰਨ ਪੱਥਰ ਬੇਹੋਸ਼ ਲਾਸ਼ ਬਣੀ ਪਿਆ ਸੀ। ਆਖਿਰ ਲੋਕਾਂ ਨੇ ਕਾਕੜ ਨੂੰ ਚੁੱਕਿਆ, ਧਰਵਾਸ ਦਿੱਤਾ।

*******

# 16

ਰੇਸ਼ਮਾ ਬੜੇ ਕੌੜੇ ਸੁਭਾਅ ਦੀ ਬਣ ਚੁੱਕੀ ਸੀ, ਜਿਵੇਂ ਉਹ ਕਾਕੜ ਲਈ ਤੇ ਕਾਕੜ ਉਸ ਲਈ ਮਰ ਚੁੱਕਾ ਹੋਵੇ। ਹੁਣ ਰੇਸ਼ਮਾ ਲਈ ਉਸ ਦਾ ਘਰ, ਉਸ ਦੇ ਘਰ ਵਾਲਾ, ਉਸ ਦੀ ਮੁਟਿਆਰ ਹੋ ਚੁੱਕੀ ਨਣਦ ਸੀਤੋ, ਉਸ ਦੀ ਧੀ ਭੰਤੀ ਘਰ 'ਚ ਦੋ ਮੌਲੇ ਬਲਦ, ਇਕ ਖੋਲੀ ਜਹੀ ਮੱਝ, ਇਕ ਬੱਕਰੀ ਤੇ ਤਿੰਨ ਚਾਰ ਕੀਲੇ ਜ਼ਮੀਨ ਹੀ ਉਸ ਦੀ ਸਾਰੀ'ਦਨੀਆਂ ਸਨ। ਬਚਨੇ ਨੂੰ ਕੋਈ ਨਾ ਕੋਈ ਜ਼ੈਮਤ ਚਿੰਬੜੀ ਰਹਿੰਦੀ, ਦਮੇ ਦੀ ਸ਼ਕਾਇਤ ਹੋਣ ਲੱਗ ਪਈ ਸੀ, ਫ਼ੀਮ ਦੇ ਕਾਲੇ ਮਾਵੇ ਨਾਲ ਉਸ ਨੂੰ ਜੱਗ ਚਿੱਟਾ ਲਗਦਾ। ਰੇਸ਼ਮਾ ਦਾ ਕੈੜਾ, ਕਾਠਾ, ਲੱਕੜ ਸੁਭਾਅ, ਰੇਸ਼ਮਾ ਸਿਰ ਤੇ ਮੰਡਾਸਾ ਜਿਹਾ ਮਾਰ ਕੇ ਸਾਰਾ ਦਿਨ ਖੇਤ ਵੰਨੇ ਭੰਬੀਰੀ ਵਾਂਗ ਫਿਰਦੀ ਰਹਿੰਦੀ। ਕੱਚੇ ਘਰ ਦੀਆਂ ਕੰਧਾਂ ਤੇ ਕਾਲੀ ਮਿੱਟੀ ਫੇਰ ਫੇਰ, ਪੀਲੀ ਮਿੱਟੀ ਤੇ ਚਿੱਟੇ ਪਾਂਡੂ ਦੀਆਂ ਤਲੀਆਂ ਤੇ ਪੋਚੇ ਦੇ ਦੇ, ਬਹੁ ਤੇਰੀ ਕੋਸ਼ਿਸ਼ ਕਰਦੀ ਘਰ ਨੂੰ ਮਹਿਲ ਵਰਗਾ ਬਣਾ ਕੇ ਰੱਖਣ ਦੀ ਪਰ ਸੌਣ ਦੇ ਮੀਂਹ ਦੇ ਪਰਛਾਟਿਆਂ ਨਾਲ ਕੰਧਾਂ ਉੱਤੇ ਚਟਾਕ ਪੈ ਜਾਂਦੇ। ਘਰ ਦੀ ਪੁਰਾਣੀ ਛੱਤ, ਛੱਤ ਦੇ ਪੁਰਾਣੇ ਕਾਲੇ ਹੋ ਚੁੱਕੇ ਸ਼ਤੀਰਾਂ ਹੇਠ ਥੱਮ੍ਹੀਆਂ ਦੇ ਦੇ ਛੱਤ ਨੂੰ ਖੜ੍ਹ ਰੱਖਣ ਵਾਲੀ ਰੇਸ਼ਮਾ ਦੇ ਪੈਰਾਂ ਨੂੰ ਜੁੱਤੀ ਨਾ ਜੁੜਦੀ, ਜਦੋਂ ਕਦੇ ਸ਼ਰੀਕੇ 'ਚੋਂ ਕੋਈ, ਰੇਸ਼ਮਾ ਦੇ ਨੰਗੇ ਪੈਰਾਂ ਤੇ ਟਕੋਰ ਮਾਰਦਾ, ਰੇਸ਼ਮਾ ਮੱਕੀ ਦੇ ਗਿੱਲੇ ਦਾਣੇ ਦੇ ਭੁੱਜ ਕੇ ਮੁਰਮੁਰਾ ਬਣਨ ਵਾਂਙ ਮੱਚ ਜਾਂਦੀ। ਰੇਸ਼ਮਾ ਤਿੱਲੇਦਾਰ ਕੁਰਮ ਦੀਆਂ ਜੁੱਤੀਆਂ ਪਾਵੇ ਜਾਂ ਬਚਨੇ ਨੂੰ ਬਚਾਵੇ, ਬਚਨਾ ਤਾਂ ਮੂਲੋਂ ਹੀ ਰਹਿੰਦਾ ਜਾ ਰਿਹਾ ਸੀ। ਮੰਜੇ ਤੇ ਬੈਠਾ ਖੂੰ ਖੂੰ ਖਾਂ ਖਾਂ ਕਰਦਾ, ਰੇਸ਼ਮਾ ਦੇ ਪੇਕਿਆਂ ਨੂੰ, ਆਪਣੇ ਸ਼ਰੀਕੇ ਨੂੰ ਗਾਲਾਂ ਕੱਢਦਾ ਰਹਿੰਦਾ।

ਰੇਸ਼ਮਾ ਬਚਨੇ ਨੂੰ ਜੂੰ ਜਿੰਨੀ ਨਹੀਂ ਆਉਣ ਦੇਣਾ ਚਾਹੁੰਦੀ ਸੀ, ਪਰ ਜਦੋਂ ਕਦੇ ਉਸ ਨੂੰ ਬਚਨੇ ਦੇ ਦਿੱਤੇ ਤਸੀਹੇ ਤੇ ਕੀਤੀਆਂ ਬੇਵਸਾਹੀਆਂ ਤੇ ਬੇਪੱਤੀਆਂ ਯਾਦ ਆਉਂਦੀਆਂ ਤਾਂ ਉਸ ਦੇ ਅੰਦਰ ਦਾਤੀ ਫਿਰ ਜਾਂਦੀ, ਤੇ ਫੇਰ ਰੇਸ਼ਮਾ ਨੂੰ ਮੁੱਲ ਲੈਣ ਦੀ ਬਚਨੇ ਦੀ ਕਹਾਣੀ ਦਾ ਚੇਤਾ ਪੈਂਦਾ।

ਦਮੇ ਦਾ ਦੌਰਾ ਜਦ ਬਚਨੇ ਨੂੰ ਪੈਂਦਾ, ਰੇਸ਼ਮਾ ਨੂੰ ਆਪਣੇ ਘਰ 'ਚ ਕੋਈ ਪਰੇਤ ਵੜਿਆ ਲਗਦਾ, ਦਮੇ ਦਾ ਰੋਗ ਬਚਨੇ ਨੂੰ ਸਿਰ ਨਹੀਂ ਚੁੱਕਣ ਦੇਂਦਾ ਸੀ। ਸੀਤੋ, ਰੇਸ਼ਮਾ ਦੀ ਨਣਦ, ਕਿਉੜੇ ਦੀ ਛੱਲੀ ਵਾਂਙ ਮਹਿਕਦੀ ਜਾ ਰਹੀ ਸੀ। ਰੇਸ਼ਮਾ ਨੂੰ ਸੀਤੋ ਦੀ ਮਹਿਕਦੀ ਜਵਾਨੀ ਦਾ ਸਰੂਰ ਚੜ੍ਹਦਾ, ਧੀਆਂ ਵਾਂਗ ਪਾਲੀ ਨਣਦ ਦੇ ਸਾਹਾਂ ਦੀ ਸੀਰਿਣ ਰੇਸ਼ਮਾ ਨੂੰ ਸੀਤੋ ਦੀ ਕਿਓੜੇ ਦੀ ਛੱਲੀ ਵਰਗੀ ਜਵਾਨੀ ਦਾ ਮਹਿਕਣਾ ਕਦੇ ਕਦੇ ਹਲਕੇ ਕੁੱਤੇ ਵਾਂਗ ਵੱਢਣ ਨੂੰ ਪੈ ਜਾਂਦਾ । ਸੀਤੋ ਰੇਸ਼ਮਾ ਨਾਲ ਘਰ ਦਾ ਸਾਰਾ ਕੰਮ ਕਰਵਾਉਂਦੀ ਰਹਿੰਦੀ, ਰੇਸ਼ਮਾ ਭੀ ਇਕ ਹੁਸਨ ਸੀ, ਪਰ ਫ਼ਿਕਰ ਦੇ ਧੂੰਏਂ ਨੇ ਉਸ ਨੂੰ ਕਾਲਾ ਕਰ ਛੱਡਿਆ ਸੀ। ਗਰੀਬੀ ਦੀ ਗਰਦ ਦਾ ਰੇਤਾ ਉਸ ਦੇ ਸਾਹਾਂ 'ਚ ਹੱਥੂ ਭਰ ਗਿਆ ਸੀ।

ਅੱਜ ਬਚਨੇ ਨੂੰ ਮੰਜੇ ਤੇ ਡਿਗਿਆਂ ਕੋਈ ਦਸਵਾਂ ਦਿਨ ਸੀ। ਦਮੇ ਨੇ ਬਚਨੇ ਨੂੰ ਲੱਕੜ, ਸੁੱਕੀ ਲੱਕੜ ਬਣਾ ਛੱਡਿਆ ਸੀ। ਰੇਸ਼ਮਾ, ਪਹਿਲਾਂ ਬਚਨੇ ਦਾ ਓਹਰ ਪੋਹਰ ਕਰਦੀ ਤੇ ਫੇਰ ਬੱਛੀ ਕੱਟਾ ਸਾਂਭ ਕੇ ਰੇਸ਼ਮਾ ਤੇ ਸੀਤੋ, ਨਣਦ ਤੇ ਭਰਜਾਈ ਖੇਤ ਨੂੰ ਤੁਰ ਪੈਂਦੀਆਂ। ਤਿੰਨ ਕਿੱਲਿਆਂ 'ਚ ਮੱਕੀ, ਕਾਲੇ ਸਿਆਹ ਨਾਗ ਵਰਗੀ ਖੜ੍ਹੀ ਸੀ। ਸਿਰ ਤੇ ਮੰਡਾਸੇ ਮਾਰ ਕੇ ਜੱਟੀਆਂ ਅਲੀ ਅਲੀ ਕਰਕੇ ਗੋਡੀ ਨੂੰ ਪੈ ਜਾਂਦੀਆਂ।

ਮੱਕੀ ਦੀ ਗੋਡੀ ਕਰਦਿਆਂ ਕਰਦਿਆਂ ਰੇਸ਼ਮਾ ਕਈ ਵਾਰ ਸੀਤੋ ਨੂੰ ਛੇੜ ਲੈਂਦੀ, "ਕਿਉਂ ਸੀਤੀਏ ਮੱਕੀ ਨੂੰ ਕੀ ਲੱਗੂਗਾ...." ਸੀਤੋ ਆਪਣੀ ਭਾਬੀ ਦੀ ਮਸ਼ਕਰੀ ਸਮਝਦੀ ਉੱਤਰ ਦੇਂਦੀ, "ਮੱਕੀ ਨੂੰ ਲੱਗਣ ਕੇ ਟਿੰਡੇ,ਰੇਸ਼ਮਾ ਗੱਲ ਹੇਠਾਂ ਨਾ ਡਿੱਗਣ ਦੇਂਦੀ, 'ਅੱਛਾ ਫੇਰ ਤੂੰ ਉਨ੍ਹਾਂ ਟੀਂਡਿਆਂ ਨਾਲ ਢੋਲਕੀ ਖੜਕਾਇਆ ਕਰੇਂਗੀ...." ਤੇ ਫੇਰ ਰੇਸ਼ਮਾ ਸੀਤੋ ਨੂੰ ਬੜੇ ਮਿੱਠੇ ਤਿਉ 'ਚ ਆਖਦੀ ਕਮਲੀਏ ਨਣਦੇ ਇਸ ਨੂੰ ਲੱਗਣਗੀਆਂ ਤੇਰੇ ਵਰਗੀਆਂ ਛੱਲੀਆਂ....ਹੱਸਦੀਆਂ ਖੇਡਦੀਆਂ ਨਣਦ ਭਰਜਾਈ ਦੇ ਦਿਨ ਬੜੇ ਸੋਹਣੇ ਟੁੱਟ ਰਹੇ ਸਨ।

ਅੱਜ ਜਦੋਂ ਨਣਦ ਭਰਜਾਈ ਖੇਤੋਂ ਮੁੜੀਆਂ ਆ ਰਹੀਆਂ ਸਨ। ਰੇਸ਼ਮਾ ਦੇ ਸਿਰ ਤੇ ਟੋਕਰਾ, ਟੋਕਰੇ 'ਚ ਲੱਸੀ ਵਾਲੀ ਬਲ੍ਹਣੀ, ਦੁੱਧ ਵਾਲੀ ਬੋਤਲ, ਪੋਣਾ, ਪਤੀਲੀ, ਰੰਬੇ ਤੇ ਹੋਰ ਨਿੱਕੜ ਸੁੱਕੜ ਸੀ। ਸੀਤੋ ਦੇ ਸਿਰ ਤੇ ਚਰ੍ਹੀ ਦੀ ਭਰੀ ਸੀ। ਇਕ ਮੌਲੀ ਜਿਹੀ ਮੱਝ,

ਇਕ ਦੋ ਕੁ ਸਾਲ ਦਾ ਬੈੜਕਾ ਤੇ ਰੇਸ਼ਮਾ ਦੇ ਹੱਥ ਬੱਕਰੀ ਫੜੀ ਹੋਈ ਸੀ। ਬਚਨੇ ਕੋਲ ਛੋਟੀ ਗੁੱਡੀ ਰਹਿ ਪੈਂਦੀ, ਹੁਣ ਤਾਂ ਉਹ ਭੀ ਪੰਜ ਕੁ ਸਾਲ ਦੀ ਹੋ ਚੁੱਕੀ ਸੀ। ਘਰ ਵੜਦਿਆਂ ਨੂੰ ਵੇਖ ਕੇ ਹੀ ਭੱਜੀ ਭੱਜੀ ਆਈ, "ਬੇਬੇ ਬੇਬੇ ਮਾਮਾ ਆਇਐ" ਰੇਸ਼ਮਾ ਜਿਵੇਂ ਗੁਲਾਬ ਦੇ ਫੁੱਲ ਵਾਂਗ ਖਿੜ ਗਈ ਹੋਵੇ; ਰੇਸ਼ਮਾ ਅੰਦਰ ਜਿਵੇਂ ਚਾਨਣ ਹੋ ਗਿਆ ਹੋਵੇ। ਭੈਣ ਤੇ ਭਰਾ ਗਲੇ ਲੱਗ ਕੇ ਇਕ ਰੁਦਨ 'ਚ ਰੁੱਝ ਗਏ।

ਭੈਣ ਭਰਾ ਬੈਠ ਗਏ, ਪੁਰਾਣੀਆਂ ਕਹਾਣੀਆਂ ਚਲ ਪਈਆਂ। ਦਾਨੇ ਨੇ ਸਭ ਕੁਝ ਸਾਫ ਸਾਫ ਦੱਸਿਆ, 'ਬੀਬੀ ਅੱਗ ਲਾਈ ਨੀ ਲਗਦੀ ਹੁਣ ਤਾਂ ਉਹ ਲੰਗੂਰ ਮੂੰਹਾਂ ਜਿਹਾ ਸਰਪੰਚ ਬਣ ਗਿਐ ਬੜੀ ਪੁੱਛ ਗਿੱਛ ਐ, ਟਰੈਕਟਰ ਲੈ ਲਿਆ, ਓ ਜੇੜ੍ਹਾ ਛੋਟੈ ਉਸ ਨੇ ਬਿਸ਼ਨੀ ਖਤਰਾਣੀ ਦਾ ਗਲਾ ਘੁੱਟ ਕੇ ਉਸ ਦੇ ਦਸ ਕਿੱਲਿਆਂ ਤੇ ਕਬਜ਼ਾ ਕਰ ਲਿਆ" ਰੇਸ਼ਮਾ ਆਪਣੇ ਵੱਡੇ ਭਰਾ ਦਾਨੇ ਦੀ ਗੱਲ ਦਾ ਹੁੰਗਾਰਾ ਭਰਦੀ ਰਹੀ, ਉਸ ਦੇ ਪਿੰਡੇ ਨੂੰ ਜਿਵੇਂ ਅੱਗ ਲਗ ਰਹੀ ਹੋਵੇ। ਦਾਨੇ ਨੇ ਆਖਿਆ, "ਬੀਬੀ ਹੁਣ ਤਾਂ ਪਾਪ ਫਲਦੈ...." ਆਖਦਾ ਦਾਨਾ ਫਿਸ ਪਿਆ, ਦਾਨੇ ਦੀਆਂ ਭਰੀਆਂ ਅੱਖਾਂ 'ਚੋਂ ਪਾਣੀ ਡਿੱਗਦਾ ਰਿਹਾ। ਰੇਸ਼ਮਾ ਨੂੰ ਦਾਨਾ ਦੱਸਦਾ ਰਿਹਾ, ਜਿਵੇਂ ਵਿਆਹ ਪਿੱਛੋਂ ਇਕ ਦਿਨ ਉਸ ਨੂੰ ਘਰ 'ਚ ਕੁਟਾਪਾ ਹੋਇਆ ਜਦ ਮੈਂ ਆਖਿਆ ਕੰਜਰੋ ਕੁੜੀ ਤਾਂ ਨਰਕ ਕੁੰਡੀ 'ਚ ਬਠਾਤੀ ਤੁਸੀਂ ਏਧਰ ਘੋੜੀਆਂ ਜੋੜੀਆਂ ਓ ਪਵਾਣੇ ਓ....ਦਾਨੇ ਨੇ ਨਿਹਾਲੇ ਨੰਬਰਦਾਰ ਨਾਲ ਸਲਾਹ ਕੀਤੀ, "ਨੰਬਰਦਾਰਾ ਮੈਂ ਆਪਣੇ ਹਿੱਸੇ ਦੇ ਜੱਦੀ ਚਾਰ ਕਿੱਲੇ ਬੈਅ ਕਰ ਕੇ ਕੁੜੀ ਦਾ ਮੁੱਲ ਕੁੜੀ ਨੂੰ " ਨੰਬਰਦਾਰ ਨੇ ਦਾਨੇ ਦੇ ਭਰਾ ਸਰਪੰਚ ਪਾਸ ਗੱਲ ਕੀਤੀ ਬੱਸ ਫੇਰ ਕੀ ਸੀ ਦਾਨੇ ਦੇ ਗਲ 'ਚ ਹੱਥ ਦੇ ਲਿਆ, ਕੂਣੇ ਸੁਭਾ ਦਾ ਦਾਨਾ ਡਰਦਾ ਹੁਣ ਅੱਡ ਆਪਣੀ ਭੈਣ ਰੇਸ਼ਮਾ ਕੋਲ ਬੈਠਾ ਰੋ ਰਿਹਾ ਸੀ। ਦਾਨੇ ਦੀਆਂ ਅੱਖਾਂ ਦਾ ਪਾਣੀ ਉਸ ਦੀ ਧੌਲੀ ਦਾੜ੍ਹੀ ਤੇ ਡਿੱਗ ਰਿਹਾ ਸੀ, ਰੇਸ਼ਮਾ ਦਾ ਜਿਵੇਂ ਕੋਈ ਅੰਦਰਲਾ ਕੰਵਲ ਫੁੱਲ ਸੜ ਤੇ ਮੱਚ ਰਿਹਾ ਹੁੰਦੈ।

******

# 17.

ਪਟਸਨ ਕਾਰਖਾਨੇ ਦੀਆਂ ਉੱਚੀਆਂ ਉੱਚੀਆਂ ਕੰਧਾਂ ਵਿਚ ਕੈਦ ਹਜ਼ਾਰਾਂ ਮਣ ਲੋਹਾ ਕਿੰਨੇ ਦਿਨਾਂ ਤੋਂ ਠੰਡਾ ਹੋਇਆ ਪਿਆ ਸੀ। ਤਾਲਾ ਬੰਦ ਕਾਰਖਾਨੇ ਦੇ ਚਾਰੇ ਪਾਸੇ ਪੁਲਿਸ ਦਾ ਪਹਿਰਾ, ਪੁਲਿਸ ਦੇ ਪਹਿਰੇ ਅੰਦਰ ਕਾਰਖਾਨੇਦਾਰ ਹੜਤਾਲ ਤੁੜਵਾਉਣ ਲਈ ਕਿੰਨੀਆਂ ਕਿੰਨੀਆਂ ਲਾਰੇ ਬਾਜ਼ੀਆਂ ਤੇ ਚਾਲਾਂ, ਵਿਉਤਾਂ, ਵਿਉਂਤ ਚੁੱਕੇ ਸਨ। ਉਨ੍ਹਾਂ ਦਾ ਅਜੇ ਤੱਕ ਕਿਤੇ ਹੱਥ ਨਹੀਂ ਸੀ ਪੈ ਰਿਹਾ। ਤਿੰਨ ਹਜ਼ਾਰ ਮਜ਼ਦੂਰਾਂ ਦਾ ਨੇਤਾ ਕਾਮਰੇਡ ਦੇਵਣ ਬਸੂ ਨਾਅਰਾ ਦੇ ਚੁੱਕਾ ਸੀ, "ਅਸੀਂ ਕਾਰਖਾਨੇ ਦੇ ਮਾਲਕ ਹਾਂ, ਕਾਰਖਾਨਾ ਸਾਡਾ ਹੈ ; ਕਾਰਖਾਨਾ ਕੀਹਦਾ ਸਾਡਾ, ਕਾਰਖਾਨਾ ਕੀਹਦਾ ਸਾਡਾ; ਕਾਰਖਾਨਾ ਕੀਹਦਾ....ਸਾਡਾ, ਨਾਅਰੇ ਦੀ ਬੁਲੰਦ ਆਵਾਜ਼ ਬੋਲਦੇ ਮਜ਼ਦੂਰ ਮਹਿਸੂਸ ਕਰਦੇ ਜਿਵੇਂ ਉਨ੍ਹਾਂ ਆਪਣੀ ਮੇਹਨਤ ਤੇ ਆਪ ਕਬਜ਼ਾ ਕਰਨਾ ਹੈ। ਨਾਅਰੇ ਦੀ ਮਜ਼ਬੂਤੀ; ਨਾਅਰੇ ਦਾ ਵਿਸ਼ਵਾਸ ਉਨ੍ਹਾਂ ਦੇ ਆਪਣੇ ਹੱਕ ਦੀ ਰਾਖੀ ਦਾ ਬਹੁਤ ਵੱਡਾ ਰਾਖਾ ਹੋਵੇ ਜਿਵੇਂ। ਉਜਰਤਾਂ ਦੀ ਅਨੁਪਾਤ ਦਾ ਲਾਰਾ ਇਕ ਬੇਹੂਦਗੀ ਹੈ। ਲਾਰੇਬਾਜ਼ੀ ਦੇ ਵਿਰੁੱਧ ਕਾਮਰੇਡ ਦੇਵਣ ਬਸੂ ਨੇ ਇਕ ਦਿਨ ਮਜ਼ਦੂਰਾਂ ਨੂੰ ਸੰਬੋਧਨ ਕੀਤਾ ਸੀ, "ਹਰ ਲਾਰੇਬਾਜ਼ੀ ਇਨਕਲਾਬੀ ਤੱਤ ਨੂੰ ਮੱਠਾ ਕਰਦੀ ਹੈ। ਇਨਕਲਾਬੀ ਤੱਤ ਨਿਰਣਾ ਕਰਦੇ ਹਨ, ਨਿਰਣਿਆਂ ਨੂੰ ਪੂਰ ਚਾੜ੍ਹਦੇ ਹਨ ਉਨ੍ਹਾਂ ਦਾ ਹਰ ਕਦਮ ਪ੍ਰਾਪਤੀ ਲਈ ਇਕ ਤਕੜਾ ਪੁਰਸ਼ਾਰਥ ਹੁੰਦਾ ਹੈ ਮਜ਼ਦੂਰ ; ਦੇਵਣ ਬਸੂ ਤੇ ਜਾਨ ਦੇਂਦੇ ਸਨ, ; ਮਜ਼ਦੂਰ ਦੇਵਣ ਬਸੂ ਨੂੰ ਆਪਣਾ ਮਹਿਬੂਬ ਮਿੱਤਰ ਸਮਝਦੇ ਸਨ। ਦੇਵਣ ਬਸੂ ਜਦ ਪਟਸਨ ਦੇ ਇਸ ਕਾਰਖਾਨੇ 'ਚ ਪਹਿਲੋਂ ਪਹਿਲ ਕੰਮ ਤੇ ਆਇਆ ਸੀ, ਕਿੰਨਾ ਸੰਗਾਊ ਸੁਭਾ ਸੀ ਉਸਦਾ, ਸ਼ਰਮੀਲਾ ਬਸੂ, ਪੜ੍ਹਦਾ ਰਹਿੰਦਾ, ਪੜ੍ਹਦਾ ਰਹਿੰਦਾ, ਆਪਣੇ ਕੰਮ 'ਚ ਲੱਗਿਆ ਰਹਿੰਦਾ, ਲੋਹੜੇ ਦਾ ਮਿਸਤਰੀ ਬਸੂ, ਸਮਝਦਾ ਰਹਿੰਦਾ। ਮਜ਼ਦੂਰ ਦੀ ਮੇਹਨਤ ਦਾ ਲੁਟੇਰਾ; ਅੱਜ ਦੀ ਰਾਜਨੀਤੀ ਦਾ ਮਾਲਕ ਹੈ, ਰਾਜਨੀਤੀ ਦੇ ਪੈਂਤਰੇ ਸਮਝਣ ਤੋਂ ਅਸਮਰਥ ਕਰਕੇ ਮਜ਼ਦੂਰ ਨੂੰ ਸਮਾਜਿਕ ਸੰਘਰਸ਼ ਦੀਆਂ ਮੱਥੇ ਪੱਚੀਆਂ 'ਚ ਪਾਈ ਰੱਖਣਾ ਸਰਮਾਏਦਾਰੀ ਚਾਲ ਹੈ। ਦੇਵਣ ਬਸੂ ਸਾਹਿਤ

'ਚੋਂ ਇਕ ਗੱਲ ਸਿੱਖਦਾ ਸੰਗਠਨ ਦੁਆਰਾ ਸ਼ਕਤੀ ਜਮ੍ਹਾ ਕਰਕੇ ਸ਼ਕਤੀ ਦਾ ਪ੍ਰਯੋਗ ਹੀ ਹਰ ਇਨਕਲਾਬੀ ਪ੍ਰਾਪਤੀ ਲਈ ਜ਼ਰੂਰੀ ਹੈ। ਦੇਵਣ ਬਸੂ ਹੁਣ ਸ਼ਰਮਾਕਲ ਨਹੀਂ ਰਿਹਾ ਸੀ ; ਚਾਰ ਮਜ਼ਦੂਰਾਂ ਨੂੰ ਬੁਲਾਂਦਾ ; ਚਾਰ ਮਜ਼ਦੂਰ ਬੈਠਦੇ ਉਨ੍ਹਾਂ ਨੂੰ ਸਮਝਾਉਂਦਾ ਉਨ੍ਹਾਂ ਨਾਲ ਗੱਲਾਂ ਕਰਦਾ, ਆਪਸਦਾਰੀ ਦੀਆਂ ਗੱਲਾਂ ਅਪਣੱਤ 'ਚੋਂ ਸਿਧਾਂਤ ਬਣਦੇ ਸਨੇਹ ਉਸਰਦਾ, ਗੱਲ ਤੁਰਦੀ, ਸੰਗਠਨ ਜੁੜਦਾ ; ਅੱਜ ਕੁਝ ਹੋਰ, ਭਲਕੇ ਹੋਰ; ਦੇਵਣ ਬਸੂ ਮਜ਼ਦੂਰਾਂ ਨੂੰ ਲੰਮੀਆਂ ਲੰਮੀਆਂ ਕਹਾਣੀਆ ਕਹਿੰਦਾ, ਕਹਾਣੀਆਂ ਪਾ ਕੇ ਰਾਹ ਬਣਦੇ ਤੇ ਅੱਜ...ਹੁਣ ਤਾਂ ਬਸੂ ਕਾਰਖਾਨੇ ਦੇ ਮੈਨੇਜਰ ਦੀਆਂ ਅੱਖ ਦਾ ਰੋੜ ਬਣ ਚੱਲਿਆ ਸੀ, ਅਮਰੀਕਾ ਚੋਂ ਪੜ੍ਹ ਕੇ ਆਏ ਮੈਨੇਜਰ ਲਈ ਬਸੂ ਨੂੰ ਕੁਚਲਣਾ ਕੀ ਵੱਡੀ ਗੱਲ ਸੀ ? ਮੈਨੇਜਰ ਨੇ ਦੇਵਨ ਬਸੂ ਦੇ ਉਲਟ ਚੰਦਿਆਂ ਦੇ ਗਮਨ ਦੀ ਗੱਲ ਦੋ ਮਜ਼ਦੂਰਾਂ 'ਚ ਸੁਲਗਾ ਦਿੱਤੀ-ਗੱਲ ਸੁਲਗਦੀ ਸੁਲਗਦੀ ਭਖਦੀ ਰਹੀ ਦੇਵਣ ਬਸੂ ਦਾ ਮਿਸ਼ਨ ਅਟਕਿਆ, ਸੰਗਠਨ 'ਚ ਆਉਣ ਵਾਲੇ ਮਜ਼ਦੂਰ-ਦੇਵਣ ਬਸੂ ਦੇ ਮੰਦਵਾੜੇ 'ਚ ਆਏ ਮਜ਼ਦੂਰ ਸਾਥੀਆਂ ਦੇ ਭੁਲੇਖੇ ਦੀ ਨੀਤ ਦਾ ਪਿਛੋਕੜ ਪ੍ਰਾਪਤ ਕਰਦਿਆਂ, ਮਜ਼ਦੂਰਾਂ 'ਚ ਗੱਲ ਸਾਫ ਕੀਤੀ, "ਮਿਤਰੋ ਸਰਮਾਏਦਾਰ ਅਜਿਹੀ ਚਾਲ ਚਲਦਾ ਹੈ, ਜਿਸ ਦਾ ਪਿਛੋਕੜ ਤੁਹਾਡੀਆਂ ਬਣ ਚੁਕੀਆਂ ਜਾਂ ਬਣਾ ਦਿਤੀਆਂ ਆਦਤਾਂ ਨੂੰ ਮੇਚ ਆਉਂਦਾ ਹੋਵੇ। ਇਸ ਤੋਂ ਬਚੋ।"

ਹੜਤਾਲ ਆਪਣੇ ਪੂਰੇ ਜ਼ੋਰਾਂ ਤੇ ਸੀ। ਪਟਸਨ ਦੇ ਇਸ ਕਾਰਖਾਨੇ 'ਚ ਤਿੰਨ ਹਜ਼ਾਰ ਮਜ਼ਦੂਰ ਮੁੜ੍ਹਕੋ ਮੁੜ੍ਹਕੀ ਹੋ ਕੇ ਮੇਹਨਤ ਕਰਦੇ ਕਰਦੇ ਜ਼ਿੰਦਗੀ ਨੂੰ ਜਿਉਂਦਿਆਂ ਰੱਖਣ ਲਈ ਮਜ਼ਦੂਰੀ ਕਰਦੇ ਸਨ। ਮੇਹਨਤ ਦਾ ਲੁਟੇਰਾ ਕਾਰਖਾਨੇਦਾਰ ਕਿਸੇ ਆਈ. ਸੀ. ਐਸ. ਮਨੈਜਰ ਤੇ ਮੱਥਾ ਮਾਰਨ ਦਾ ਬੋਝ ਸੁੱਟ ਕੇ ਨੀਤੀ ਦਾ ਨਿਰਧਾਰਨ ਕਰਦਾ ਤੁਰਦਾ ਰਹਿੰਦਾ ਹੈ ਪਰ ਜਦੋਂ ਕਦੇ ਦੇਵਣ ਬਸੂ ਵਰਗੇ ਲੋਹੇ ਦੇ ਥੰਮ੍ਹ ਨਾਲ ਉਨ੍ਹਾਂ ਦਾ ਮੱਥਾ ਲਗਦਾ ਹੈ ਤਾਂ ਉਹ ਆਪਣੇ ਪਾਲੇ ਗੁੰਡਿਆਂ ਨਾਲ, ਪਾਲਤੂ ਕੁੱਤਿਆਂ ਨਾਲ ਮੁਕਾਬਲਾ ਕਰਵਾਉਂਦੇ ਹਨ।

ਅੱਜ ਹੜਤਾਲ ਨੂੰ ਹੋਇਆਂ ਪੰਦਰਾਂ ਦਿਨ ਹੋ ਚਲੇ ਸਨ। ਨਿੱਕੇ ਨਿੱਕੇ ਇਲਾਜ ਲਾਰੇਬਾਜ਼ੀ ਹਨ, ਦੇਵਣ ਬਸੂ ਅੜ ਗਿਆ ਸਾਡਾ ਮੁਨਾਫਾ ਸਾਡਾ ਹੈ ਅਸੀਂ ਇਸ 'ਚੋਂ ਤੁਹਾਨੂੰ ਬੋਨਸ ਦਵਾਂਗੇ, ਤੁਸੀਂ ਬੋਨਸ ਦੇਣ ਵਾਲੇ ਕੌਣ ਹੋ? ਸੰਗਲੀ ਨਿਕਲਦੀ ਨਹੀਂ ਸੀ, ਪਹਿਲਾਂ ਤਾਂ ਕਾਰਖਾਨੇਦਾਰ ਵੇਖਦਾ ਰਿਹਾ ਸ਼ਾਇਦ ਮਜ਼ਦੂਰ ਦੁਖੀ ਤੇ ਤੰਗ ਹੋ ਕੇ ਪਾਟ ਜਾਣਗੇ ਦੇਵਣ ਬਸੂ ਚੰਗੀ ਤਰ੍ਹਾਂ ਸਮਝਦਾ ਸੀ, ਪੰਡ, ਭਾਰ ਦੀ ਪੰਡ, ਚੁੱਕੀ ਜਦੋਂ ਤੱਕ ਮਜ਼ਦੂਰ ਤੁਰਦਾ ਰਹਿੰਦਾ ਹੈ ਤੁਰਿਆ ਜਾਂਦਾ ਰਹਿੰਦਾ ਹੈ ਪਰ ਉਸ ਨੂੰ ਉਸ ਸਮੇਂ ਤੋਂ ਕਾਰਖਾਨੇਦਾਰ ਬਚਾਉਂਦਾ ਰਹਿੰਦਾ ਹੈ ਜਦੋਂ ਉਹ ਪੰਡ ਸੁੱਟ ਕੇ ਬਾਗੀ ਬਣ ਜਾਵੇ। ਦੇਵਣ ਬਸੂ ਨੇ ਮਜ਼ਦੂਰਾਂ ਤੋਂ ਪੰਡ ਸੁਟਵਾ ਦਿੱਤੀ ਸੀ ਤੇ ਹੁਣ ਨੰਗੇ ਹੋ ਕੇ ਮਜ਼ਦੂਰ ਹਰ ਔਕੜ ਲਈ ਅੜ ਸਕਦੇ ਸਨ।

ਕਾਰਖਾਨੇ ਸਾਹਮਣੇ ਪੰਡਾਲ ਦੁਆਲੇ ਲਾਲ ਝੰਡੀਆਂ ਦੇ ਤਿੰਨ ਗੇੜ। ਮਜ਼ਦੂਰ ਨੇਤਾ ਬੈਠੇ ਹਨ ਧਰਨਾ, ਧਰਿਆ ਹੋਇਆ ਹੈ, ਤਾਲਾ ਬੰਦ, ਹੜਤਾਲ ਜਾਰੀ ਹੈ। ਅੱਜ ਵੀਹਵਾਂ ਦਿਨ ਹੋ ਗਿਆ, ਹਰ ਰੋਜ਼ ਦਸ ਹਜ਼ਾਰ ਦਾ ਨਿਰੋਲ ਨੁਕਸਾਨ ਕਾਰਖਾਨੇਦਾਰ ਨੂੰ ਹੋ ਰਿਹਾ ਹੈ। ਪੁਲਿਸ ਦਾ ਪਹਿਰਾ ਹੈ, ਕਾਰਖਾਨੇ ਦੇ ਦਰਵਾਜ਼ਿਆਂ ਅੱਗੇ। ਕਾਰਖਾਨੇ ਦੀ ਚਾਰ ਦਿਵਾਰੀ ਨਾਲ ਪੁਲਿਸ ਗਸ਼ਤ ਕਰਦੀ ਫਿਰਦੀ ਹੈ।

ਦੇਵਣ ਬਸੂ ਅੱਗੇ ਕਹਾਣੀਆਂ ਆਉਂਦੀਆਂ ਹਨ, ਮ ਤੂ ਤਾ ਲੜਕਾ ਮਰ ਗਿਆ ਬਿਮਾਰ ਥਾਂ, ਦਵਾਈ ਕੇ ਵਾਸਤੇ ਪੈਸਾ ਨਾ ਮਿਲਾ ਬੀਸ ਦਿਨ ਸੇ ਕਾਮ ਔਰ ਕਾਰਖਾਨਾ ਬੰਦ ਹੈ। ਸਿਕਣ ਕੇ ਘਰ ਵਾਲੇ ਚਾਵਲ ਵਿੱਚ ਬੋਲਕਰ ਬੀਸ ਦਿਨ ਸੇ ਗੁਜਰ ਕਰਤ ਭਏ....ਕਿਰਪਣ ਕੀ ਕੁੜੀ ਕਾ ਖੰਦਾਵਾ ਵਾਪਿਸ ਲੋਟ ਗਿਆ...." ਦੇਵਣ ਦੱਸਦਾ ਰਹਿੰਦਾ, 'ਸਾਨੂੰ ਦੋਸਤੋ ਇਸ ਦੌਰ ਵਿਚ ਦੀ ਗੁਜ਼ਰਨਾ ਪਵੇਗਾ ਸ਼ਾਇਦ ਇਸ ਤੋਂ ਵੱਧ ਭੀ ਮੁਸ਼ਕਿਲਾਂ ਆਉਣ ਡਟੇ ਰਹਿਣਾ ਪਵੇਗਾ...." ਦੇਵਣ ਬਸੂ ਪੰਡਾਲ ਕੱਢਕੇ ਮਜ਼ਦੂਰਾਂ ਦੀ ਬਸਤੀ ਵਿਚ ਬੈਠਾ ਮਜ਼ਦੂਰ ਸਾਥੀਆਂ ਨਾਲ ਲੰਮੀਆਂ ਲੰਮੀਆਂ ਗੱਲਾਂ ਕਰਦਾ ਰਿਹਾ। ਆਖਰ ਅੜੇ ਤੇ ਡਟੇ ਰਹਿਣ ਦੀ ਬਾਤ ਤੇ ਸਭ ਸਹਿਮਤ ਹੋ ਗਏ। ਦੇਵਣ ਨੇ ਵੀਹ ਪੱਚੀ ਮਜ਼ਦੂਰਾਂ ਨੂੰ ਨਾਲ ਲੈ ਕੇ ਦੂਜੀ, ਤੀਜੀ, ਚੌਥੀ ਬਸਤੀ 'ਚ ਚੱਕਰ ਮਾਰਿਆ ਮਤੇ ਉਹ ਨਾ ਕੰਮ ਤੇ

ਲੱਗ ਜਾਣ। ਕਾਰਖਾਨੇਦਾਰ ਦੀ ਹਰ ਕੋਸ਼ਿਸ਼ ਦਾ ਹਰ ਪਾਸਿਆਂ ਤੋਂ ਸਾਹਮਣਾ ਕਰ ਰਹੇ ਸਨ। ਹੜਤਾਲ 'ਚ ਲੋਕ ਹੋਰ ਪਾਸੇ ਤੋਂ ਸਾਂਝੀਦਾਰ ਹੋ ਰਹੇ ਸਨ। ਹੜਤਾਲ ਦੇ ਦਿਨ ਗੁਜ਼ਰਦੇ ਰਹੇ।

ਅੱਜ ਹੜਤਾਲ ਨੂੰ ਹੋਇਆਂ ਇਕ ਮਹੀਨਾ ਹੋ ਚੱਲਿਆ ਸੀ। ਗੱਲ ਕਿਸੇ ਪਾਸੇ ਵੱਲ ਤੁਰ ਨਹੀਂ 'ਰਹੀ ਸੀ। ਰਾਤ ਦੀ ਟਿਕੀ ਚੁਪ 'ਚ ਪੰਡਾਲ 'ਚ ਚਾਰ ਮਜ਼ਦੂਰ ਸੁੱਤੇ ਪਏ ਸਨ ਦੇਵਣ ਕਿਸੇ ਪਾਸੇ ਕੁਝ ਕਰਨ ਗਿਆ ਹੋਇਆ ਸੀ। ਰਾਤ ਦੀ ਟਿਕੀ ਚੁੱਪ 'ਚ ਸੁੱਤੇ ਮਜ਼ਦੂਰਾਂ ਤੇ ਕਾਰਖਾਨੇਦਾਰ ਦੇ ਪਾਲੇ ਲੰਗਾੜਿਆਂ ਨੇ ਹੱਲਾ ਬੋਲ ਦਿੱਤਾ, ਮਜ਼ਦੂਰਾਂ ਨੂੰ ਚੁੱਕ ਕੇ ਕਾਰਖਾਨੇ ਦੇ ਅੰਦਰ ਲੈ ਗਏ। ਪੰਡਾਲ ਦਾ ਸਫ਼ਾਇਆ ਕਰ ਦਿੱਤਾ। ਲਾਲ ਝੰਡੀਆਂ ਉਖੇੜ ਦਿੱਤੀਆਂ, ਤਾਲੇ ਖੁਲ੍ਹਵਾ ਦਿੱਤੇ, ਤਾਲਾ ਬੰਦ ਹੜਤਾਲ ਦੁੱਗਣੀ ਤਿੱਗਣੀ ਪੁਲਿਸ ਦਾ ਪਹਿਰਾ। ਰਾਤੋ ਰਾਤ ਪੰਜ ਟਰੱਕਾਂ ਵਿਚ ਬਾਹਰੋਂ ਮਜ਼ਦੂਰ ਢੋਹ ਕੇ ਕਾਰਖਾਨੇ -ਅੰਦਰ ਜਮ੍ਹਾਂ ਕਰ ਦਿੱਤੇ, ਕਾਕੜ ਤੇ ਫੱਗੂ ਨੂੰ ਤਰੱਕੀਆਂ ਮਿਲ ਗਈਆਂ। ਲਗਾੜਿਆਂ ਦੇ ਲੀਡਰ ਮੁਰਗਾ ਸ਼ਰਾਬ ਉਡਾਂਦੇ ਰਹੇ ਕਾਰਖਾਨੇ ਦੇ ਕਮਰਿਆਂ ਦੇ ਪਿਛਲੇ ਹਿੱਸਿਆਂ ਚੋਂ ਇਹ ਸ਼ਰਾਰਤ ਜੰਮੀ ਤੇ ਸਵੇਰ ਹੁੰਦਿਆਂ ਹੀ ਅਖਬਾਰਾਂ 'ਚ ਖਬਰਾਂ ਛਪੀਆਂ ਪਈਆਂ ਸਨ ਤਾਲਾ ਬੰਦ ਹੜਤਾਲ। ਮਜੂਮਦਾਰ ਪਟਸਨ ਮਿਲਜ਼ ਦੀ ਤਾਲਾ ਬੰਦ ਹੜਤਾਲ ਤੇ ਮਜ਼ਦੂਰ ਮੁੜ ਪਏ ਤੇ ਉਨ੍ਹਾਂ ਦੇ ਨੇਤਾ ਨੇ ਕਾਰਖਾਨੇਦਾਰ ਨਾਲ ਮਿਲ ਕੇ ਸੌਦਾ ਕਰ ਲਿਆ, ਸੰਗਠਨ ਨਾਲ ਧੋਖਾ ਦੇਵਣ ਬਸੂ ਨੇ ਚੌਰੰਗੀ 'ਚ ਇਕ ਅਖਬਾਰ ਵਾਲੇ ਛੋਕਰੇ ਨੂੰ ਸਥਾਨਿਕ ਅਖਬਾਰ ਦੀ ਖਬਰ ਦਾ ਹੋਕਰਾ ਦੇਂਦਿਆਂ ਅਖਬਾਰ ਵੇਚਦਿਆਂ ਸੁਣਿਆ।

*******

# 18.

ਦੇਵਣ ਨੂੰ ਕਾਕੜ ਦੇ ਪਿਛੋਕੜ ਦਾ ਪਤਾ ਸੀ, ਦੇਵਣ ਬਸੂ ਨੂੰ ਆਪੇ ਹੀ ਤਾਂ ਕਾਕੜ ਨੇ ਆਪਣੀ ਸਾਰੀ ਕਹਾਣੀ ਦੱਸੀ ਸੀ। ਦੇਵਣ ਨੂੰ ਜਦੋਂ ਕਦੇ ਆਪਣੀ ਜ਼ਿੰਦਗੀ ਦੇ ਮੁੱਢਲੇ ਦਿਨਾਂ ਬਾਰੇ ਦੱਸਦਾ, ਉਹ ਆਪਣੇ ਮਾਮੇ ਦੇ ਅਲਗੋਜ਼ਿਆਂ ਬਾਰੇ ਜ਼ਰੂਰ ਦੱਸਦਾ, ਤੇ ਫੇਰ ਉਹ ਦੱਸਦਾ ਕਿਵੇਂ ਉਸ ਨੂੰ ਤੇ ਉਸ ਦੇ ਕਈ ਹੋਰਨਾਂ ਨੂੰ ਬਾਹਰਲੇ ਗੁਰਦੁਆਰੇ ਲੈ ਜਾ ਕੇ ਅੰਮ੍ਰਿਤ ਛਕਾਇਆ ਗਿਆ ਸੀ। ਵੈਦ ਦਿਆਨੰਦ ਨੇ ਆਖਿਆ ਸੀ, "ਇਨ ਕੋ ਸੂਰ.ਕਾ ਮਾਸ ਖਿਲਾਓ" ਕਾਕੜ ਦੇਵਣ ਨੂੰ ਇਹ ਸਭ ਕੁਝ ਦੱਸਦਾ ਦੱਸਦਾ ਰੇਸ਼ਮਾ ਦੀ ਗੱਲ ਲੁਕੋ ਜਾਂਦਾ ਪਰ ਵਲੈਤੀ ਚਾਚੇ ਬਾਰੇ ਦੱਸ ਕੇ ਉਸ ਨੂੰ ਇਕ ਸਬਰ ਜਿਹਾ ਮਿਲਦਾ, ਆਪਣੀ ਖੇਡ ਦੀ ਗੱਲ, ਆਪਣੇ ਚੱਕਰ ਦੀ ਗੱਲ ਪਥੇਰ, ਪਥੇਰ ਤੋਂ ਪਹਿਲਾਂ ਪਾਲੀ, ਪਾਲੀ ਤੋਂ ਸੀਰੀ....ਦੇਵਣ ਨੇ ਕਾਕੜ ਦੀ ਗੱਲਾਂ ਗੱਲਾਂ 'ਚੋਂ ਨਾੜ ਨਾੜ ਟੋਹ ਲਈ ਸੀ। ਕਾਕੜ ਤੋਂ ਦੇਵਣ ਕੰਮ ਲੈਣਾ ਚਾਹੁੰਦਾ ਸੀ ਪਰ ਦੇਵਣ ਬਸੂ ਜਿਵੇਂ ਕਾਕੜ ਦੇ ਦਿਮਾਗ ਨੂੰ ਬਦਲ ਨਹੀਂ ਸਕਿਆ ਹੁੰਦਾ। ਦੇਵਣ ਚਾਹੁੰਦਾ ਰਿਹਾ ਸੀ ਕਿ ਕਾਕੜ ਜਦੋਂ ਕਦੇ ਪੰਜਾਬ 'ਚ ਕਿਸੇ ਕਾਰਖਾਨੇ ਜਾਵੇ ਇਹ ਮਜ਼ਦੂਰ ਸੰਗਠਨ ਦੀ ਚਿਣਗ ਅਗਾਂਹ ਜਲਦੀ ਰੱਖੇਗਾ ਪਰ ਮਜ਼ਦੂਰਾਂ ਨਾਲ ਗਦਾਰੀ ਕਰਨ ਵਾਲਾ ਕਾਕੜ ਖਰੀਦੇ ਜਾ ਸਕਣ ਵਾਲੇ ਬੰਦਿਆਂ 'ਚੋਂ ਨਿਕਲਿਆ, ਸੌਦੇ ਬਾਜ਼ੀ ਦਾ ਸ਼ਿਕਾਰ ਕਾਕੜ ਦੇਵਣ ਦੀ ਮੇਹਨਤ ਦੇ ਮੂੰਹ ਤੇ ਚਪੇੜਾਂ ਮਾਰ ਗਿਆ।

ਇਕ ਰਾਤ ਜਦੋਂ ਕਾਕੜ ਦੀ ਪੂਰੀ ਪੀਤੀ ਹੋਈ ਸੀ, ਸੋਨਾ ਗਾਚੀ 'ਚ ਹਚਕੋਲੇ, ਡੱਕ ਡੋਲੇ ਖਾਂਦਾ ਡਿੱਗਦਾ ਉੱਠਦਾ ਰਿਕਸ਼ੇ ਨੂੰ ਆਵਾਜ਼ ਦੇ ਰਿਹਾ ਸੀ, ਉਸ ਵੇਲੇ ਤਿੰਨ ਆਦਮੀਆਂ ਨੇ ਕਾਕੜ ਨੂੰ ਫੜਿਆ, ਫੜ ਕੇ ਇਕ ਦਮ ਜੀਪ ਵਿਚ ਸੁੱਟ ਲਿਆ, ਸੁੱਟ ਕੇ ਮੂੰਹ ਤੇ ਕੱਪੜਾ ਬੰਨ੍ਹ ਦਿੱਤਾ, ਜੀਪ ਤੁਰਦੀ ਰਹੀ, ਬਾਜ਼ਾਰਾਂ ਦੀਆਂ ਚਿੱਟੀਆਂ ਬੱਤੀਆਂ ਵਿਚ ਦੀ ਫੁਰਰ ਫੁਰਰ ਕਰਦੀ ਜੀਪ ਆਖਿਰ ਆਪਣੇ ਅੱਡੇ ਤੇ ਆ ਕੇ ਅਟਕੀ। ਕਾਕੜ

ਨੂੰ ਚੁੱਕ ਕੇ ਅੰਦਰ ਲੈ ਗਏ। ਦਸ ਦਿਨ ਤੱਕ ਕਾਕੜ ਵੱਲ ਕਿਸੇ ਕੁਝ ਧਿਆਨ ਹੀ ਨਾ ਦਿੱਤਾ, ਖਾਣ ਪੀਣ ਲਈ ਜਿਹੋ ਜਿਹੀ ਰੋਟੀ ਉਹ ਖਾਂਦੇ ਸਨ, ਦੇ ਦੇਂਦੇ।

ਆਖਿਰ ਗਿਆਰਵੇਂ ਦਿਨ ਦੇਵਣ ਬਸੂ ਨੇ ਕਾਕੜ ਨੂੰ ਬੁਲਾਇਆ, ਕਿਓ ਬਈ ਦੋਸਤਾ ਉਹੋ ਕੀਤਾ ਜਿਹੜਾ ਰਿਆਸਤਾਂ ਦੇ ਬੰਦੇ ਕਰਦੇ ਰਹੇ ਨੇ। ਕਾਕੜ ਨੂੰ ਕੁਝ ਨਹੀਂ ਸਮਝ ਪਿਆ ਸੀ, ਇਹ ਰਿਆਸਤਾਂ ਕਿਸ ਨੂੰ ਆਖਦਾ ਹੈ ਤੇ ਉਨ੍ਹਾਂ ਕੀ ਕੀਤਾ ਸੀ। ਤੂੰ ਜੋ ਕੁਝ ਕੀਤਾ ਤੈਨੂੰ ਯਾਦ ਹੋਵੇਗਾ।

ਦੇਵਣ ਨੇ ਕਾਕੜ ਨੂੰ ਸਾਰੀ ਕਹਾਣੀ ਸੁਣਾ ਦਿੱਤੀ, "ਕਿਵੇਂ ਉਨ੍ਹਾਂ ਨੇ ਚਾਰ ਦਿਨ ਤਕ ਕਾਰਖਾਨੇ ਅੰਦਰ ਪੀਤੀ, ਗੁਲਛਰੇ ਉਡਾਏ ਤੇ ਫੇਰ ਦਸ ਪੰਦਰਾਂ ਗੰਡਿਆਂ ਨੇ ਉਸ ਰਾਤ ਸਾਡੇ ਪੰਡਾਲ ਨੂੰ" ਮਿਸਟਰ ਕਾਕੜ ਸਾਨੂੰ ਇਹ ਖਬਰ ਕੇਵਲ ਇਕ ਘੰਟਾ ਪਿੱਛੋਂ ਮਿਲੀ ਨਹੀਂ ਤਾਂ ਉਸ ਰਾਤ ਹੀ ਮੱਕੂ ਬੰਨ੍ਹ ਦੇਂਦੇ, ਤਨਖਾਹ ਵਧ ਗਈ, ਤੇਰਾ ਅਹੁਦਾ ਵਧ ਗਿਆ ਪਰ ਤੂੰ ਆਪਣੇ ਹੀ ਲੋਕਾਂ ਨਾਲ ਜਿਹੜੀ ਗਦਾਰੀ ਕੀਤੀ ਐ, ਅਸੀਂ ਸਭ ਸਮਝਦੇ ਹਾਂ। ਤੈਨੂੰ ਫੱਗੂ ਨੇ, ਢੱਗੂ ਤਾਂ ਹੁਸ਼ਿਆਰ ਐ ਉਹ ਅੱਗੇ ਨਹੀਂ ਆਉਂਦਾ ਉਂਗਲ ਲਾ ਕੇ

ਅੱਛਾ ਤੇ ਫੇਰ ਹੁਣ ਤੈਨੂੰ ਦਸਵਾਂ ਗਿਆਰਵਾਂ ਦਿਨ ਐ ਤੇਰੇ ਪਾਲਕ ਕਿੱਥੇ ਨੇ ਉਨ੍ਹਾਂ ਨੂੰ, ਤੇਰੇ ਖੁਸ ਜਾਣ ਦਾ, ਤੇਰਾ ਗਮ ਕਿਉਂ ਹੋਵੇ, ਤੇਰੇ ਵਰਗਾ ਕੁੱਤਾ ਉਹ ਪਾਲ ਲੈਣਗੇ, ਤੈਨੂੰ ਏਥੇ ਦਸ ਦਿਨ ਰੱਖਣ ਦਾ ਮਤਲਬ ਇਹ ਸੀ ਕਿ ਤੈਨੂੰ ਆਪਣੇ ਮੁੱਲ ਦਾ ਪਤਾ ਲੱਗ ਜੇ, ਤੇ ਫੇਰ ਦੇਵਣ ਨੇ ਮਜ਼ਦੂਰ ਬਸਤੀ 'ਚ ਖੜ੍ਹਾ ਕੇ ਕਾਕੜ ਨੂੰ ਹੋਸ਼ ਦਿਵਾਉਣੀ ਚਾਹੀ। ਬਸਤੀ 'ਚ ਹਵਾ, ਜਿਸ ਵਿਚ ਮਜ਼ਦੂਰ ਸਾਹ ਲੈਂਦੇ ਨੇ ਸਾਹ ਲੈ, ਹਵਾ ਨੂੰ ਵੇਖ, ਮਜ਼ਦੂਰਾਂ ਦੇ ਘਰਾਂ ਦੇ ਚੁੱਲ੍ਹਿਆਂ 'ਚੋਂ ਧੂੰਆਂ ਨਿਕਲ ਰਿਹਾ ਸੀ। ਧੂੰਆਂਧਾਰ ਮੁਹੱਲੇ ਦੀ ਜ਼ਿੰਦਗੀ, ਧੂੰਆਂਧਾਰ ਮਜ਼ਦੂਰਾਂ ਦੀ ਇਹ ਗੰਦੀ ਬਸਤੀ। ਕਈ ਬੁੱਢੀਆਂ ਮੂੰਹ ਦੀ ਹਵਾ ਨਾਲ ਫੂਕਾਂ ਮਾਰ ਅੱਗ ਨੂੰ ਮਚਾਉਣ ਦੀ ਕੋਸ਼ਿਸ਼ ਕਰ ਰਹੀਆਂ ਸਨ, ਇਕ ਮਜ਼ਦੂਰ ਤ੍ਰੀਮਤ, ਦੁਆਲੇ ਕੱਦੂ ਵਰਗੇ ਮੋਟੇ ਮੋਟੇ ਬਿਮਾਰ, ਬਿਮਾਰ ਢਿੱਡਾਂ ਵਾਲੇ ਚਾਰ ਪੰਜ ਜੁਆਕ ਰੌਲਾ ਪਾ ਰਹੇ ਸਨ। ਕੋਈ ਰੋ ਰਿਹਾ ਸੀ, ਧੂੰਏਂ ਵਾਲੇ ਚੁੱਲ੍ਹੇ ਚੋਂ ਮੂੰਹ ਕੱਢ ਕੇ ਤ੍ਰੀਮਤ ਨੇ

ਆਪਣੀਆਂ ਅੱਖਾਂ ਨੂੰ ਮਲਿਆ ਮਲ ਕੇ ਉੱਠੀ। ਇਹ ਪਿੰਜਰ ਤ੍ਰੀਮਤ ਇਸ ਦੇ ਦੁਆਲੇ ਕੇਵਲ ਇਕ ਸਾੜੀ ਸੀ, ਫਟੀ ਬੰਡੀ, ਸਾੜ੍ਹੀ ਦੇ ਇਕ ਪੱਲੂ ਨਾਲ ਫਟੀ ਬੰਡੀ ਚੋਂ ਨਿਕਲੀਆਂ ਛਾਤੀਆਂ ਨੂੰ, ਓਪਰੇ ਬੰਦਿਆਂ ਨੂੰ ਵੇਖ ਕੇ ਢਕਿਆ, ਲਟਕਦੀਆਂ ਤੋਰੀਆਂ ਬਣੀਆਂ ਛਾਤੀਆਂ ਤੇ ਕਾਕੜ ਨੇ ਵੇਖਿਆ। ਖਪਰੈਲ ਜਿਹੇ ਝੌਂਪੜੇ ਸਾਹਮਣੇ ਚਿੱਕੜ ਤੋਂ ਇਕ ਪਾਸੇ ਹੋ ਕੇ ਬੈਠਾ ਇਕ ਬੁੱਢਾ, ਬੁੱਢੇ ਦੇ ਤੇੜ ਕੋਈ ਕੱਪੜਾ ਨਹੀਂ ਸੀ। ਉਸ ਦੇ ਸਿਰਫ ਇਕ ਮੈਲਾ ਫਟਿਆ ਕੱਛਾ ਸੀ, ਬੁੱਢਾ ਪਲ ਛਿਣ ਬਾਅਦ ਖੰਘਦਾ ਖੰਘ ਕੇ ਬਲਗਮ ਦਾ ਗੁਲਫਾ, ਜਦ ਥੁੱਕਦਾ, ਉਸ ਦੀਆਂ ਪਸਲੀਆਂ ਤਣ ਜਾਂਦੀਆਂ ਤੇ ਸਾਹ ਚੜ੍ਹ ਜਾਂਦਾ, ਦੇਵਣ ਨੇ ਦੂਜੇ ਝੌਂਪੜੇ ਨਾਲ ਖੜ੍ਹੇ ਮੰਜੇ ਨੂੰ ਚੁੱਕ ਲਿਆਂਦਾ, ਕਾਕੜ ਨੂੰ ਇਸ਼ਾਰੇ ਨਾਲ ਉਸ ਨੇ ਆਪਣੇ ਕੋਲ ਮੰਜੇ ਤੇ ਬਿਠਾ ਲਿਆ, ਦੇਵਣ ਬਸੂ ਨੇ ਦੱਸਣਾ ਸ਼ੁਰੂ ਕੀਤਾ, "ਇਹ ਕਾਮਰੇਡ ਮਾਤੂ ਦਾ ਝੌਂਪੜਾ ਹੈ, ਕਾਮਰੇਡ ਮਾਤੂ ਦੀ ਘਰ ਵਾਲੀ ਗੌਰੀ, ਕਾਮਰੇਡ ਮਾਤੂ ਦੇ ਬੱਚੇ, ਉਹ ਕਾਮਰੇਡ ਮਾਤੂ ਦਾ ਪਿਤਾ ਸੰਤੂ। ਸੰਤੂ ਪੰਜਾਹ ਵਰ੍ਹੇ ਮਜ਼ਦੂਰੀ ਕਰਦਾ ਰਿਹਾ। ਸੰਤੂ ਆਪਣੇ ਸਮੇਂ ਦੀ ਕਹਾਣੀ ਸੁਣਾਂਦਾ ਹੁੰਦੈ, ਵੋਹ ਚੂਰੰਗੀ ਕਾ ਚੌਰਾਸਤਾ, ਉਸ ਕੀ ਸੜਕ ਪਰ ਤਾਰਕੋਲ, ਗਰਮ ਤਾਰਕੋਲ ਕਾ ਕੜਛਾ ਹਮਾਰੇ ਪੈਰੋਂ ਪਰ ਪੜ ਗਈ ਥੀ, ਹਮਾਰੀ ਉਂਗਲੇਂ ਉਸ ਸਮੇਂ ਯਹ ਮਾਤੂ ਤੋਂ ਬਹੁਤ ਛੋਟਾ ਥਾ-ਕਾਕੜ ਨੇ ਕਾਮਰੇਡ ਮਾਤੂ ਦੇ ਅੱਸੀ ਵਰ੍ਹੇ ਬੁੱਢੇ ਬਾਪ ਦੀਆਂ ਮੱਛੀਆਂ ਉਂਗਲਾਂ ਵੱਲ ਵੇਖਿਆ, ਮੁਛੀਆਂ ਉਂਗਲਾਂ ਤੇ ਇਕ ਪਾਸੇ ਦਾ ਪੈਰ ਦਾ ਅੰਗੂਠਾ ਇਕੱਲਾ ਖੜ੍ਹਾ ਜਿਵੇਂ ਉਸ ਨੂੰ ਡੋ ਡੋ ਕਰ ਰਿਹਾ ਹੋਵੇ, ਨਹੀਂ ਉਸ ਨੂੰ ਕੋਈ ਕੁਛ ਨਹੀਂ ਕਰ ਰਿਹਾ ਸੀ ਹਾਂ ਸੰਤੁ ਆਪਣੇ ਭਰੇ ਛਾਲਿਆਂ ਤੇ ਹੱਥ ਫੇਰ ਰਿਹਾ ਹੋਵੇ ਤੇ ਛਾਲਿਆਂ ਦੀ ਜਲਨ ਨਾਲ ਪੀੜਤ ਸੰਤੂ ਤੜਪ ਰਿਹਾ ਹੋਵੇ।

ਕਾਕੜ ਨੇ ਕਾਮਰੇਡ ਮਾਤੂ ਦੇ ਝੌਂਪੜੇ ਅੰਦਰ ਨਿਗਾਹ ਮਾਰੀ ਇਕ ਬੁੱਢੀ ਆਪਣੇ ਗੋਡਿਆਂ ਨੂੰ ਚਾਕੂ ਬਣਾਈ ਗਠੜੀ ਬਣੀ ਬੈਠੀ ਸੀ। ਦੇਵਣ ਬਸੂ ਨੇ ਕਾਕੜ ਨੂੰ ਹਲੂਣ ਕੇ ਆਖਿਆ, “ਮਿਸਟਰ ਸਿੰਘ ਇਹ ਕਾਮਰੇਡ ਮਾਤੂ ਦੇ ਜਨਮ ਦੀ ਕਹਾਣੀ ਸੁਣ ਲੈ, ਜਦੋਂ ਇਹ ਬੁੱਢੀ ਜਵਾਨੀ ਸਮੇਂ ਮਜ਼ਦੂਰੀ ਕਰਦੀ ਹੁੰਦੀ ਸੀ, ਇਕ ਦਿਨ ਇਸ ਦੇ ਢਿੱਡ ਪੀੜ ਹੋਈ ਤੇ ਇਹ ਝੌਂਪੜੀ ਪਿੱਛੇ ਗਈ ਮਾਤੂ ਦਾ ਜਨਮ ਹੋ ਗਿਆ, ਤੇ ਦੋ ਦਿਨ ਬਾਅਦ

ਇਹ ਆਪਣੀ ਦਿਹਾੜੀ ਤੇ ਸੀ- ਸਾਡੀ ਇਹੀ ਜ਼ਿੰਦਗੀ, ਤੇ ਤੂੰ ਸਾਡੇ ਨਾਲ ਦਸ ਰੁਪਿਆਂ ਲਈ ਗਦਾਰੀ ਕਰੇਂ ਤੇਰੇ ਸਾਹਮਣੇ ਉਹ ਕਾਮਰੇਡ ਮਾਤੂ ਭੀ ਹੈ ਵੇਖਿਆ ਉਸ ਦੀ ਗੱਲ ਉਸ ਨੂੰ ਇਹ ਕਾਰਖਾਨੇ ਵਾਲੇ ਦੋ ਸੌ ਰੁਪਿਆ ਮਹੀਨਾ ਦੇ ਚੁੱਕੇ ਇਹ ਆਖਦਾ ਆਖਦਾ ਦੇਵਣ ਵਸੂ ਗਰਮ ਹੋ ਗਿਆ ਕੁੱਤਿਆ ਬੰਗਾਲ ਛੱਡ ਜਾ ਤੇਰੇ ਵਰਗੇ ਗਦਾਰਾਂ ਵਾਸਤੇ ਇਨਕਲਾਬੀ ਧਰਤੀ ਨਹੀਂ- ਨਹੀ ਤਾਂ ਅਸੀਂ...

*******

# 19.

ਬੇਆਬ ਸਵਾਤ ਵਿੱਚ ਟੁੱਟੀ ਹੋਈ ਮੰਜੀ ਤੇ ਮੈਲੇ ਖੇਸ 'ਚ ਚਾਕੂ ਬਣਿਆ ਬਚਨਾ ਆਪਣੇ ਗੋਡਿਆਂ 'ਚ ਸਿਰ ਦੇਈ ਬੈਠਾ ਸੀ। ਸਿਰਹਾਣੇ ਉਸ ਦੇ ਬੱਠਲ ਪਿਆ ਸੀ। ਸੁਆਹ ਨਾਲ ਭਰਿਆ ਹੋਇਆ ਬੱਠਲ। ਖੰਘ ਉੱਠਦੀ, ਬਚਨੇ ਦਾ ਸਕਡੰਜ ਖਊਂ ਖਊਂ ਕਰਦਾ ਖੇਸ 'ਚੋਂ ਮੂੰਹ ਕੱਢਦਾ ਤੇ ਬੱਠਲ ਦੀ ਸੁਆਹ 'ਚ ਗੁਲਫਾ ਰੇਸ਼ਮਾ ਡੰਗਰਾਂ ਹੇਠੋਂ ਗੋਹਾ ਹੂੰਝ ਕੇ ਰੂੜੀ ਤੇ ਮੁਤਰਾਲ ਸੁੱਟਣ 'ਚ ਲੱਗੀ ਹੋਈ ਸੀ। ਸੀਤੋ ਨੇ ਚੁੱਲ੍ਹੇ 'ਚ ਅੱਗ ਪਾਈ। ਚੁੱਲ੍ਹੇ ਨੇੜੇ ਆਈ ਰੇਸ਼ਮਾ ਦੀ ਨਿੱਕੀ ਬਾਲੜੀ ਭੰਤੀ ਬਾਟੀ ਖੜਕਾ ਕੇ ਚਾਹ ਲਈ ਰਿਹਾੜ ਕਰ ਰਹੀ ਸੀ। ਸੀਤੋ ਦੇ ਅੰਦਰ ਅੱਜ ਕਿੰਨੀ ਵਾਰ ਕਰੇੜਾ ਉੱਠਿਆ ਸੀ। ਜਦੋਂ ਉਸ ਨੂੰ ਰਾਤ ਨੂੰ ਚੇਤੇ ਪੈਂਦਾ ਰਿਹਾ ਸੀ ਕਿ ਉਸ ਦਾ ਭਰਾ ਮਿਸਰੂ ਦੇ ਹੱਥ ਚੜ੍ਹ ਕੇ....

ਰੇਸ਼ਮਾ ਨੇ ਵੀਹ ਖੂਹ ਪੁੱਟੇ ਸਨ ਪਰ ਕੋਈ ਹੀਲਾ ਨਾ ਬਣਿਆ। ਕਿਤੇ ਹੱਥ ਨਾ ਪਿਆ। ਸੀਤੋ ਨੇ ਗੋਹੇ 'ਚ ਹੱਥ ਲਬੇੜੀ ਆਪਣੀ ਭਾਬੀ ਨੂੰ ਤੱਕਿਆ ਜਿਵੇਂ ਰੇਸ਼ਮਾ ਉਸ ਦੀ ਆਪਣੀ ਹੀ ਕੁੱਖ ਹੁੰਦੀ ਹੈ। ਮਾਂ ਦੀ ਕੁੱਖ ਵਰਗੀ ਅਪਣੱਤ ਭਾਬੀ ਨੇ ਸੀਤੋ ਨੂੰ ਦਿੱਤੀ ਤੇ ਫੇਰ ਸੀਤੋ ਨੇ ਭੰਤੀ ਨੂੰ ਆਪਣੀ ਬੁੱਕਲ 'ਚ ਲੈ ਕੇ ਇਉਂ ਅਨੁਭਵ ਕੀਤਾ ਜਿਵੇਂ ਉਹ ਆਪ ਆਪਣੀ ਭਾਬੀ ਰੇਸ਼ਮਾ ਦੀ ਬੁੱਕਲ 'ਚ ਲੁੱਕ ਗਈ ਹੁੰਦੀ ਹੈ। ਹੁਣ ਉਸ ਨੂੰ ਉਸ ਦਾ ਭਰਾ ਬਚਨਾ ਵੇਚ ਨਹੀਂ ਸਕੇਗਾ। ਫੇਰ ਸੀਤੋ ਨੂੰ ਆਪਣੇ ਭਰਾ ਬਚਨੇ ਦੀ ਜ਼ਿੰਦਗੀ ਦੇ ਉਹ ਦਿਹਾੜੇ ਯਾਦ ਆਏ ਜਦੋਂ ਉਹ ਤੇ ਉਸ ਦਾ ਭਰਾ ਬਚਨਾ ਆਪਣੀ ਤਾਈ ਕੋਲੋਂ ਰੋਟੀ ਮੰਗਦੇ ਹੁੰਦੇ ਸਨ। ਤੇ ਫਟਕਾਰੀਆਂ ਖਾਂਦਾ ਬਚਨਾ ਗੱਭਰੂ ਹੋ ਗਿਆ... ਵਿਆਹ ਹੋ ਗਿਆ। ਰੇਸ਼ਮਾ ਵਰਗੀ ਚੰਨ ਭਾਬੀ ਨੇ ਘਰ 'ਚ ਪੈਰ ਰੱਖਿਆ...ਬਚਨੇ ਨੇ, ਉਸ ਦੇ ਭਰਾ ਨੇ ਰੇਸ਼ਮਾ ਦਾ ਪੈਸਾ ਦਿੱਤਾ ਸੀ-ਤੇ ਫੇਰ ਰੇਸ਼ਮਾ ਦਾ ਬਾਪ ਮਰ ਗਿਆ ਸੀ। ਕਿੰਨੀਆਂ ਲੇਲ੍ਹੜੀਆਂ ਕੱਢੀਆਂ ਸਨ ਪਰ ਬਚਨੇ ਨੇ ਰੇਸ਼ਮਾ ਨੂੰ ਮਕਾਣੀ ਜਾਣ ਨਹੀਂ ਦਿੱਤਾ ਸੀ ਤੇ

ਬੀਤੇ ਬੁਰੇ ਦਿਨਾਂ ਦੀ ਯਾਦ- ਸੀਤੋ ਨੂੰ ਆਪਣੇ ਨਾਲ ਹੋਣ ਵਾਲੇ ਬੁਰੇ ਵਰਤਾਓ ਦੀ ਕਲਪਨਾ ਨਹੁੰਦਰਾਂ ਮਾਰਦੀ ਨਹੀਂ ਨਹੀਂ ਮੇਰੀ ਭਾਬੀ ਮਰ ਜੂਗੀ ਪਰ ਮੈਨੂੰ ਵਿਕਣ ਨਹੀਂ ਦੇਵੇਗੀ। ਮੱਕੀ ਦੇ ਛੌਰਾਂ 'ਚ ਲੁਕੀਆਂ ਛੱਲੀਆਂ ਦੇ ਦਾਣੇ ਜਿਨ੍ਹਾਂ ਲਈ ਰੇਸ਼ਮਾ ਤੇ ਸੀਤੋ ਨੇ ਸੌ ਮਿਹਨਤਾਂ ਕੀਤੀਆਂ ਸਨ, ਉਨ੍ਹਾਂ ਦੀ ਇੱਜ਼ਤ ਰੱਖਣਗੇ।

ਜਿਵੇਂ ਕਿਸਾਨ ਦੀ ਇੱਜ਼ਤ ਉਸ ਦੇ ਦਾਣੇ ਹੁੰਦੇ ਹਨ। ਮਨੁੱਖ ਦੀ ਇੱਜ਼ਤ ਉਸ ਦੇ ਬੋਲ ਤੇ ਤ੍ਰੀਮਤ ਦੀ ਇੱਜ਼ਤ ਉਸ ਦੇ ਨੈਣ- ਅੱਜ ਉਨ੍ਹਾਂ ਆਉਣੈ- ਸੀਤੋ ਨੂੰ ਜਦੋਂ ਰੇਸ਼ਮਾ ਨਾਲ ਹੋਏ ਇਕਰਾਰ ਦਾ ਪਤਾ- ਲਗਦਾ ਉਸ ਨੂੰ ਇਉਂ ਲਗਦਾ ਜਿਵੇਂ ਉਹ ਗੱਡੀ ਦੇ ਇੰਜਣ ਹੇਠ ਆ ਗਈ ਹੁੰਦੀ ਐ...

ਧੁੱਪ ਉਤਾਂਹ ਹੁੰਦੀ ਗਈ। ਦਿਨ ਵਧਦਾ ਰਿਹਾ। ਦਸ ਕੁ ਦਾ ਸਮਾਂ ਹੋ ਚੱਲਿਆ। ਇਕ ਨਿੱਕੇ ਜਿਹੇ ਖੜਾਕ ਨਾਲ ਭੀ ਸੀਤੋ ਨੂੰ ਬਿੜਕ ਪੈਂਦੀ ਜਿਵੇਂ ਬੁੱਚੜ, ਗਾਂ ਨੂੰ, ਕਪਲਾ ਗਾਂ ਨੂੰ, ਲੈਣ ਆਉਣ ਵਾਲੇ ਹੋਣ....

ਰੇਸ਼ਮਾ ਨੇ ਨਾ ਚਾਹ ਪੀਤੀ ਨਾ ਪਾਣੀ। ਗੋਹਾ ਕੂੜਾ ਕਰ ਕੇ ਉਸ ਨੇ ਆਪਣੇ ਹੱਥ ਪੈਰ ਧੋਤੇ ਤੇ ਬਾਹਰ ਨੂੰ ਤੁਰ ਗਈ। ਸੀਤੋ ਹਾਕਾਂ ਹੀ ਮਾਰਦੀ ਰਹਿ ਗਈ। ਬਾਹਰ ਜਾਂਦੀ ਭਾਬੀ ਨੂੰ ਬਹੁਤੀਆਂ ਹਾਕਾਂ ਮਾਰਨ 'ਚ ਸੀਤੋ ਕੁਸ਼ਗਣੀ ਸਮਝ ਕੇ ਚੁੱਪ ਹੋ ਗਈ। ਭੰਤੀ ਚਾਹ ਪੀ ਕੇ ਆਪਣੀਆਂ ਨਿੱਕੀਆਂ ਨਿੱਕੀਆਂ ਖੇਡਾਂ ਨਾਲ ਪਰਚਣ ਲਗ ਪਈ ਸੀ। ਇਕ ਨਿੱਕਾ ਜਿਹਾ ਗੰਡੀਰਾ, ਪੰਜ ਸਤ ਰੰਗ-ਬਰੰਗੀਆਂ ਲੀਰਾਂ, ਪੰਜ ਛੀ ਗੋਲੀਆਂ, ਤਿੰਨ ਚਾਰ ਚਿੱਭੜ, ਦੋ ਕੁ ਚੂੰਗੜੇ, ਇਕ ਨਿੱਕਾ ਜਿਹਾ ਕੁੱਜਾ, ਦਸ ਵੀਹ ਟੁੱਟੀਆਂ ਚੂੜੀਆਂ ਦੇ ਟੁਕੜੇ। ਭੰਤੀ ਆਪਣੀ ਮੌਜ 'ਚ ਸੀ, ਆਪਣੀ ਖੇਲ 'ਚ ਮਸਤ । ਬਾਲ-ਕਲਪਿਤ ਸਵਰਗ ਵਰਗਾ ਸੁਆਦ ਮਾਣ ਰਹੀ ਸੀ। ਸੀਤੋ ਨੇ ਆਪਣੀ ਭਤੀਜੀ ਭੰਤੀ ਨੂੰ ਇਕ ਈਰਖਾ ਨਾਲ ਵੇਖਿਆ-ਈਰਖਾ ਇੱਛਾ ਤੇ ਭੈਅ-

ਈਰਖਾ-ਸੀਤੋ ਹੁਣ ਮੁਟਿਆਰ ਸੀ। ਇੱਛਾ-ਸੀਤੋ ਚਾਹੁੰਦੀ ਸੀ ਕਿ ਉਹ ਆਪਣੀ ਭਤੀਜੀ ਵਾਂਗ ਹੀ ਬੇਫਿਕਰ ਹੋਵੇ। ਭੈਅ-ਪੱਚੀ ਸੌ ਪੂਰਾ ਕਿਵੇਂ ਹੋਵੇਗਾ ਮਾੜੀ ਤੋਂ ਕੋਈ

ਆਵੇਗਾ ਤੇ ਉਸ ਨੂੰ ਲੈ ਜਾਵੇਗਾ, ਤੇ ਫੇਰ ਜਦ ਕਦੀ ਉਸ ਨੇ ਪੇਕੇ ਆਉਣ ਦੀ ਗੱਲ ਆਖੀ ਤਦ ਬਚਨੇ ਦੀ ਹੀ ਰੇਸ਼ਮਾ ਨਾਲ ਹੋਈ ਗੱਲ ; ਜਿਵੇਂ ਬਚਨਾ ਮਰ ਗਿਆ, ਉਸ ਦਾ ਭਰਾ ਪਰ ਉਸ ਨੂੰ ਮਾੜੀ ਤੋਂ ਕੌਣ ਆਉਣ ਦੇਵੇਗਾ- ਪਿੰਡ ਮਾੜੀ ਉਸ ਲਈ ਇਕ ਪਿੰਡ ਨਹੀਂ ਵੱਡੀ ਜੇਲ੍ਹ ਬਣ ਕੇ ਉਸ ਦੀਆਂ ਅੱਖਾਂ ਸਾਹਮਣੇ ਫਿਰਦਾ ਰਿਹਾ- ਪੈਰਾਂ ਦੀ ਖੜਾਕ ਹੋਈ। ਦਗੜ ਦਗੜ ਕਰਦੇ ਪੰਜ ਸਤ ਬੰਦਿਆਂ ਨੂੰ ਲੈ ਕੇ ਦਿਵਾਨੇ ਦਾ ਮਿਸਰੂ ਸਬਾਤ 'ਚ ਆ ਧਮਕਿਆ- ਪੰਜ ਸਤ ਬੰਦਿਆਂ 'ਚੋਂ ਇਕ ਦੇ ਜ਼ਰਾ ਕੁ ਰੰਗਦਾਰ ਕੱਪੜੇ ਸੀ।

ਸੀਤੋ ਨੇ ਇਨ੍ਹਾਂ ਬੰਦਿਆਂ ਨੂੰ ਸਬਾਤ 'ਚ ਪੈਰ ਧਰਦਿਆਂ ਇਉਂ ਤੱਕਿਆ ਜਿਵੇਂ ਬੁੱਚੜ ਉਸ ਨੂੰ ਬੁੱਚੜ ਖਾਨੇ ਲੈ ਜਾਣ ਲਈ ਆਏ ਹੋਣ, ਬਚਨੇ ਨੇ ਜਦ ਖੜਾਕ ਸੁਣਿਆ ਉਸ ਨੂੰ ਦਮੇ ਦੀ ਖੰਘ ਨੇ ਹੁੱਜ ਮਾਰੀ। ਖਊਂ ਖਊਂ ਖਊਂ.... ਖਊਂ....ਦੇਖੋ.... ਖਊਂ ਖਊਂ ਬਈ ਖਊਂ ਖਊਂ ਮੈਂ ਖਊਂ_ ਖਊਂ ਖਊਂ ਤਾਂ ਖਊਂ ਖਊਂ_ ਪੰਜਾਂ ਛੀਆਂ ਵਿੱਚੋਂ ਇਕ ਨੇ ਆਖਿਆ ਵੇਖ ਮਿਸਰੇ ਸਿੰਹਾਂ ਮੈਂ ਤਾਂ ਸਮਝਦਾ ਬਈ ਸਾਡਾ ਪੱਚੀ ਸੌ । ਪੱਚੀ ਸੌ ਬਚਨੇ ਦੇ ਕੰਨ ਬਲੇਲ ਪਈ। ਪੱਚੀ ਸੌ ਪਰ ਮੇਰੇ ਹੱਥ ਤਾਂ.... ਖਊਂ ਖਊਂ ਬਾਕੀ ਸਾਰੇ ਜਣੇ ਸਮਝ ਰਹੇ ਸਨ ਪੈਸਿਆਂ 'ਚ ਕੋਈ ਘਾਲਾ ਮਾਲਾ ਹੈ।

ਇਕ ਨੇ; ਜਦੋਂ ਮਿਸਰੂ ਅੰਦਰ ਗਿਆ, ਆਖਿਆ, "ਸਾਲਿਓ ਆਪਾਂ ਕੀ ਲੈਣੈ ਚਾਰ ਪੰਜ ਸੌ ਸੌ ਵਿੱਚ ਹੀ ਮਰ ਗਿਆ ਹੋਵੇਗਾ। ਆਪਾਂ ਨੂੰ ਕੀ, ਆਪਾਂ ਤਾਂ ਆਪਦਾ ਗੇੜ ਕਰੋ। ਕਰਾਰ ਕਰ ਲਵੋ" ਵਿੱਚੋਂ ਹੀ ਇਕ ਨੇ ਘੂਰ ਕੇ ਆਖਿਆ, “ਕਰਾਰ ਕਰੂਰ ਨਹੀਂ, ਅਜੇ, ਹੁਣੇ...।" ਬਚਨਾ ਸਭ ਸੁਣ ਰਿਹਾ ਸੀ। ਸਿਰਫ਼ ਉਸ ਤੋਂ ਦਮੇ ਕਰ ਕੇ ਖੁੱਲ੍ਹ ਕੇ ਬੋਲਿਆ ਹੀ ਨਹੀਂ ਜਾ ਸਕਦਾ ਸੀ। ਮਿਸਰੂ ਮਿੱਤਰ ਬਣ ਕੇ ਉਸ ਦੀਆਂ ਜੜ੍ਹਾਂ ਤੇ ਦਾਤੀ ਫੇਰਦਾ ਰਿਹਾ। ਬਚਨੇ ਨੂੰ ਸਾਹ ਦਾ ਦੌਰਾ ਪਿਆ ਤੇ ਉਹ ਤਾਂ ਮੈਲੇ ਖੇਸ ਦਾ ਝੁੰਮ ਜਿਹਾ ਮਾਰ ਕੇ ਸਿਰ ਨੂੰ ਗੋਡਿਆਂ 'ਚ ਲੈ ਕੇ ਚਾਕੂ ਜਿਹਾ ਬਣ ਕੇ, ਪੱਥਰ ਬਣ ਬੈਠ ਗਿਆ।

ਪੰਜੇ ਸੱਤੇ ਬੰਦੇ ਉਂਗਲਾਂ ਭੰਨਦੇ ਰਹੇ। ਸੀਤੋ ਛਾਪਲੀ ਅੰਦਰ ਬੈਠੀ ਰਹੀ ਤੇ ਰੰਗਦਾਰ ਕੱਪੜਿਆਂ ਵਾਲਾ ਸਬਾਤ ਦੇ ਪੁਰਾਣੇ ਥੰਮੀਆਂ ਦਿੱਤੇ ਸ਼ਤੀਰਾਂ ਨੂੰ ਵੇਖਦਾ ਰਿਹਾ। ਸੀਤੋ ਤੇ ਇਕ ਰੰਗ ਆਉਂਦਾ ਇਕ ਰੰਗ ਜਾਂਦਾ। ਉਸ ਨੂੰ ਆਪਣੀ ਭਾਬੀ ਦਾ ਫਿਕਰ ਵੱਢ ਵੱਢ ਖਾ ਰਿਹਾ ਸੀ। ਕਿਤੇ ਕੋਈ ਔਹਰ ਸੌਹਰ ਨਾ ਕਰ ਬੈਠੀ ਹੋਵੇ। ਅੱਕਿਆ ਬੰਦਾ ਖੂਹ ਖਾਤੇ 'ਚ ਸੀਤੋ ਨੂੰ ਅੱਧ ਪਚੱਧ ਸਮਝ ਪੈ ਰਿਹਾ ਸੀ। ਦਿਵਾਨੇ ਕੇ ਮਿਸਰੂ ਨੇ ਕਦੇ ਸੌ ਕਦੇ ਪੰਜਾਹ ਦੇ ਕੇ ਬਚਨੇ ਨੂੰ ਹੁਣ ਤਕ ਪੱਚੀ ਸੌ ਹੇਠ ਕਰ ਲਿਆ ਸੀ, ਤੇ ਵਿੱਚੋਂ ਆਪ ਭੀ ਉਹ ਰੰਗਦਾਰ ਕੱਪੜਿਆਂ ਵਾਲਾ- ਸੀਤੋ ਦੇ ਮੂੰਹ 'ਚ ਜਿਵੇਂ ਰੋਟੀ ਖਾਂਦੀ ਦੇ ਇਕ ਲੰਮਾ ਸਾਰਾ ਵਾਲ ਆ ਗਿਆ ਹੋਵੇ ਤੇ ਕਿਰਕ ਵਾਲੀ ਬੁਰਕੀ ਦਾ ਬੇਸੁਆਦ ਸੁਆਦ। ਝੀਤਾਂ ਵਿੱਚ ਦੀ ਸੀਤੋ ਨੇ ਰੰਗਦਾਰ ਕੱਪੜਿਆਂ ਵਾਲੇ ਗੱਭਰੂ ਨੂੰ ਵੇਖਿਆ ਤੇ ਉਸ ਦੀ ਜਿਵੇਂ ਕੂਕ ਨਿਕਲਦੀ ਐ....।

ਵਾਵਰੋਲੇ ਵਾਂਗ ਸਬਾਤ ਵਿੱਚ ਪੈਰਾਂ ਦਾ ਖੜਾਕ ਹੋਇਆ ਸੀਤੋ ਨੇ ਵੇਖਿਆ ਉਸ ਦੀ ਭਾਬੀ ਰੇਸ਼ਮਾ ਭੁੱਖੀ ਬਘਿਆੜੀ ਵਾਂਙ ਆਉਣ ਸਾਰ ਦਿਵਾਨੇ ਕੇ ਮਿਸਰੂ ਨੂੰ ਪੈ ਗਈ....

'ਤੂੰ ਹੁੰਦਾ ਕੌਣ ਐ, ਮੇਰੇ ਘਰ ਪੈਰ ਰੱਖਣ ਵਾਲਾ... ਭੱਜ ਜਾ ਐਥੋਂ ਜੇ ਪਿਉ ਦਾ ਪੁੱਤ ਐ ਤਾਂ.... ਨਹੀਂ ਮੈਂ ਤਾਂ ਉਹ ਕਰੂੰ...." ਦਿਵਾਨੇ ਕੇ ਮਿਸਰੂ ਨੂੰ ਧਰਤੀ ਵਿਆੜ ਨਹੀਂ ਦੇ ਰਹੀ ਸੀ.... ਪਰ ਮਿਸਰਾ ਜਾਵੇ ਤਾਂ ਕਿਵੇਂ ਜਾਵੇ। ਮਾੜੀ ਵਾਲੀ ਪੰਚਾਇਤ/ਜਾਣ ਨਹੀਂ ਦੇਂਦੀ ਸੀ। ਮਿਸਰਾ ਬੈਠਾ ਰਿਹਾ। ਰੇਸ਼ਮਾ ਨੇ ਫੇਰ ਜਿਵੇਂ ਤੱਤੀ ਭੁੱਬਲ ਦਾ ਕੜਛਾਂ ਉਸ ਦੇ ਸਿਰ 'ਚ ਇਹ ਕਹਿ ਕੇ ਪਾ ਦਿੱਤਾ ਹੋਵੇ, "ਕੰਜਰਾਂ ਦਾ ਘਰ ਨੀ ਇਹ ਕਬੀਲਦਾਰਾਂ ਦਾ ਘਰ ਐ, ਮੂੰਹ ਚੱਕ ਕੇ ਇਨ੍ਹਾਂ ਆਪਦੇ ਖਸਮਾਂ ਨੂੰ...."

ਇੱਥੇ ਆ ਕੇ ਗੱਲ ਗਰਮਾਇਸ਼ ਫੜ ਗਈ। ਮਾੜੀ ਦੀ ਪੰਚਾਇਤ 'ਚੋਂ ਇਕ ਚੱਕਮੇ ਸੁਭਾਅ ਵਾਲਾ ਬੋਲਿਆ, 'ਅੱਜ, ਅੱਜ ਅਸੀਂ ਖਸਮ ਦਿਸਦੇ ਆਂ ਤੇ ਜਿੱਦਣ " ਹੁਣ ਮਿਸਰੂ ਵੀ ਸਿਰ ਹੋ ਚੱਲਿਆ, “ਆਹ ਬੈਠੈ, ਇਹਤੋਂ ਤਾਂ ਪੁੱਛ ਲੈ ਆਪਣੇ ਲਗਦੇ ਤੋਂ, ਉਦੋਂ

ਤਾਂ ਡੱਬੀ 'ਚੋਂ ਮਾਵਾ ਨੀ ਸੀ ਮੁੱਕਣ ਦਿੰਦਾ। ਹੁਣ ਕਰਦੀ ਐ ਕਰਮੀਕੀਆਂ..." ਰੇਸ਼ਮਾ ਦੇ ਮੂੰਹ 'ਚ ਜਿਵੇਂ ਕਿਸੇ ਨੇ ਹੱਥ ਦੇ ਦਿੱਤਾ ਹੁੰਦੈ....

ਰੇਸ਼ਮਾ ਨਹੀਂ ਚਾਹੁੰਦੀ ਸੀ ਕਿ ਹੁਣ ਬੋਲੇ। ਉਸ ਨੂੰ ਪਤਾ ਸੀ ਬਚਨਾ ਫੀਮ ਖਾਂਦੈ। ਫੀਮ ਤੋਂ ਬਿਨਾਂ ਬਚਨਾ ਬਚ ਨਹੀਂ ਸਕਦਾ ਸੀ। ਬਚਨੇ ਦੀ ਫੀਮ ਵਾਸਤੇ ਉਹ ਆਪਣੀ ਧੀਆਂ ਵਰਗੀ ਨਣਦ ਨੂੰ ਬੁੱਚੜਾਂ ਦੇ ਹੱਥ ਫ਼ੜਾ ਦੇਵੇ.... ਨਹੀਂ ਰੇਸ਼ਮਾ ਨੇ ਉੱਠ ਕੇ ਆਖਿਆ ਵੇਖੋ ਜੋ ਤੁਸੀਂ ਸਮਝਦੇ ਓ ਬਈ ਮੈਂ ਆਪਣੀ ਧੀਆਂ ਵਰਗੀ ਸੀਤੋ ਨੂੰ ਤੁਹਾਡਾ ਕਿੰਨਾ ਐ.... ਦੱਸੋ, ਡੋਲਾ ਨੀ ਮੈਂ ਤੁਹਾਡੀ ਝੋਲੀ ਪਾਉਣ ਲੱਗੀ। ਗੱਲ ਇਉਂ ਨੀ ਬਣਦੀ। ਮੈਂ ਤਾਂ ਪੰਚੈਤ ਕੱਠੀ ਕਰੂੰ ਤੇ...ਪਰੀਹੇ 'ਚ ਗੱਲ ਹੋਊ....

ਪੰਚਾਇਤ 'ਚੋਂ ਇਕ ਨੇ ਮਿਸਰੇ ਨੂੰ ਕੂਹਣੀ ਮਾਰੀ। ਮਿਸਰੇ ਦੀ ਹਾਲਤ ਬੜੀ ਪਤਲੀ ਸੀ। ਰੰਗਦਾਰ ਕੱਪੜਿਆਂ ਵਾਲੇ ਦਾ ਮੂੰਹ, ਉਤਰ ਰਿਹਾ ਸੀ। ਉਸ ਨੂੰ ਆਪਣੀ ਕਾਲੀ ਕੁਰਮ ਦੀ ਜੁੱਤੀ ਤੇ ਪਈ ਧੂੜ ਇਉਂ ਲਗਦੀ ਸੀ ਜਿਵੇਂ ਉਸ ਦੀ ਤਿੱਲੇਦਾਰ ਕਾਲੀ ਕੁਰਮ ਕਿਸੇ ਚਿੱਕੜ 'ਚ ਫਸ ਗਈ ਹੁੰਦੀ ਐ।

ਉਹ ਤਾਂ ਮਿਥ ਕੇ ਆਏ ਸਨ, ਅੱਜ ਧੱਕੋ ਮੁੱਕੀ ਕਰ ਕੇ ਜਿਵੇਂ ਕਿਵੇਂ ਵੀ ਹੋਇਆ ਉਹ ਕੁੜੀ ਨੂੰ ਮੁੰਡੇ ਨਾਲ ਸਿਰ ਨਰੜ ਕੇ.... ਪਰ ਇਹ ਤਾਂ ਗੱਲ ਹੋਰ ਹੀ ਕੁਝ ਬਣ ਰਹੀ ਐ। ਗੱਲ ਜਦੋਂ ਵਿਗੜਦੀ ਲੱਗੀ, ਪੰਚਾਇਤ 'ਚੋਂ ਇਕ ਨੇ ਧੀਰਜ ਮਤੇ ਨਾਲ ਕੰਮ ਕੱਢਣ ਦੀ ਬਹੁਤੇਰੀ ਕੋਸ਼ਿਸ਼ ਕੀਤੀ ਪਰ ਰੇਸ਼ਮਾ ਨੇ ਉਸ ਬੁੱਢੇ ਦੇ ਰਤਾ ਕੁ ਪੈਰ ਵੀ ਨਾ ਲੱਗਣ ਦਿੱਤੇ... ਦੱਸ ਬਾਬ ਤੂੰ ਤਾਂ ਉਮਰ ਖਾਧੀ ਐ ਭਲਾ ਤੇਰਾ ਇਹ ਮੁੰਡਾ ਤੇ ਮੇਰੀ ਤਸਵੀਰ ਵਰਗੀ ਨਣਦ.... " ਰੰਗਦਾਰ ਕੱਪੜਿਆਂ ਵਾਲੇ ਨੂੰ ਇਉਂ ਲੱਗਿਆ ਜਿਵੇਂ ਤਾੜ ਕਰ ਕੇ ਉਸ ਦੇ ਮੂੰਹ ਤੇ ਚਪੇੜ ਮਾਰੀ ਗਈ ਹੋਵੇ। ਬਾਬਾ ਇਉਂ ਮਹਿਸੂਸ ਕਰ ਰਿਹਾ ਸੀ ਜਿਵੇਂ ਉਸ ਦੀ ਦਾੜ੍ਹੀ ਨੂੰ ਹਵਾ ਨੇ ਹਿਲਾ ਦਿੱਤਾ ਹੈ। ਰੇਸ਼ਮਾ ਅੱਜ ਏਨੀ ਚੱਕਮੀ ਸੀ ਕਿ ਪੈਰ ਨਹੀਂ ਲੱਗਣ ਦੇਂਦੀ ਸੀ।

ਗੱਲ ਉੱਖੜ ਚੁੱਕੀ ਸੀ। ਮਾੜੀ ਦੀ ਪੰਚਾਇਤ ਮੁੜ ਗਈ। ਪਰਸੋਂ ਨੂੰ ਵਾਅਦਾ ਹੋ ਗਿਆ ਭਰੀ ਪੰਚਾਇਤ 'ਚ ਤੁਹਾਡੇ ਪੱਲੇ ਪੱਚੀ ਸੋ ਪੈ ਜਾਵੇਗਾ।" ਘੂਰ ਘੂਰ ਤੱਕਦਾ ਮਿਸਰਾ ਰੇਸ਼ਮਾ ਨੂੰ ਇਉਂ ਤੱਕ ਰਿਹਾ ਸੀ ਜਿਵੇਂ ਛਿੱਕੇ ਤੇ ਟੰਗੀ ਮਖਣੀ ਦੀ ਭਰੀ ਵਾਟੀ ਨੂੰ ਮਜਬੂਰ ਬਿੱਲਾ ਵੇਖਦਾ ਹੁੰਦਾ ਹੈ। ਰੰਗਦਾਰ ਕੱਪੜਿਆਂ ਵਾਲੇ ਤੋਂ ਆਪਣਾ ਭਾਰ ਨਹੀਂ ਸੀ ਚੁਕਿਆ ਜਾ ਰਿਹਾ। ਜਿਵੇਂ ਉਸ ਦਾ ਪਿੰਡਾ ਕਿਸੇ ਨੇ ਕੁੱਟ ਕੁੱਟ ਕੇ ਸੁੰਨ ਕਰ ਦਿੱਤਾ ਹੁੰਦਾ ਹੈ।

ਅਜੇ ਸਬਾਤ 'ਚੋਂ ਸਾਰੇ ਜਣੇ ਨਿਕਲੇ ਹੀ ਸਨ, ਰੇਸ਼ਮਾ ਭੱਜ ਕੇ ਅੰਦਰ ਇਕ ਮੰਜੇ ਤੇ ਜਾ ਡਿੱਗੀ। ਡਿਗਦਿਆਂ ਹੀ ਉਸ ਨੇ ਉਹ ਕੀਰਨੇ ਪਾਏ ਕਿ ਗਲੀ ਗੁਆਂਢ ਦੀਆਂ ਇਕ ਦੋ ਬੁੱਢੀਆਂ ਭੀ ਆ ਬਹੁੜੀਆਂ ਪਰ ਅੱਜ ਰੇਸ਼ਮਾ ਆਪਣੀ ਬੁੱਕਲ 'ਚ ਸੀਤੋ ਤੇ ਭੰਤੀ ਨੂੰ ਲੈ ਕੇ ਘੰਟਿਆਂ ਬੱਧੀ ਰੌਣਾ ਚਾਹੁੰਦੀ ਸੀ। ਰੇਸ਼ਮਾ ਨੇ ਬੁੜ੍ਹੀਆਂ ਨੂੰ ਟਾਲ ਦਿੱਤਾ ਤੇ ਫੇਰ ਉਹ ਆਪਣੀ ਬੁੱਕਲ 'ਚ ਆਪਣੀ ਸੀਤੋ ਨੂੰ ਤੇ ਆਪਣੀ ਭੰਤੀ ਨੂੰ ਲੈ ਕੇ ਮਿੰਨੀ ਮਿੱਠੀ ਲੈਅ 'ਚ ਰੋਂਦੀ ਰਹੀ। ਉਸ ਨੂੰ ਉਸ ਦਾ ਬਾਪੂ ਯਾਦ ਆਉਂਦਾ ਰਿਹਾ। ਉਸ ਨੂੰ ਅੱਜ ਉਸ ਦਾ ਵੱਡਾ ਭਰਾ ਦਾਨਾ ਚੇਤੇ ਪਿਆ ਤੇ ਫੇਰ ਕਾਕੜ ਕਾਕੜ- ਦਾਨਾ- ਦਾਨੇ ਨੇ ਅਕੇਰਾਂ ਆਖਿਆ ਸੀ 'ਰੇਸ਼ਮਾ ਮਿੱਠਾ ਦਲੀਆ ਧਰ ਲੈ ਤੇ ਵਿੱਚ ਪਾ ਲੈ ਜ਼ਹਿਰ ਦੀ ਪੁੜੀ। ਆਪਾਂ ਖਾਲਾਂਗੇ ਤੇ ਸਾਰਾ ਟੱਬਰ " ਕਾਕੜ ਲਈ ਉਸ ਦੇ ਭਰੇ ਹਾਉਕੇ ਅੱਜ ਦੀਆਂ, ਦਿਲ-ਅੱਖਾਂ ਵਿੱਚ ਰੋੜ ਵਾਂਗ ਰੜਕ ਰਹੇ ਸਨ।

ਸ਼ਾਮ ਹੋ ਗਈ ਸੀਤੋ ਨੇ ਉੱਠ ਕੇ ਚਾਰ ਗੁੱਲੀਆਂ ਬਣਾਈਆਂ। ਹਰੇਕ ਨੇ ਢਿੱਡ ਥਾਪੜਿਆ। ਅਗਲੀ. ਸਵੇਰ ਰੇਸ਼ਮਾ ਨੇ ਕੱਪੜੇ ਬਦਲੇ ਤੇ ਸ਼ਹਿਰ ਨੂੰ ਤਹਿਸੀਲ ਦੇ ਰਾਹ ਪੈ ਗਈ। ਨਿਹਾਲੇ ਨੰਬਰਦਾਰ ਦੀ ਨੂੰਹ ਦੇ ਬਾਪੂ 'ਚ ਦੋ ਕਿੱਲੇ, ਪੰਜ ਹਜ਼ਾਰ 'ਚ ਬੈਅ ਕਰ ਦਿੱਤੇ।

ਵੀਰਵਾਰ ਨੂੰ ਕੁੜੀਆਂ ਕੱਪੜੇ ਨਹੀਂ ਧੋਂਦੀਆਂ। ਇਹ ਇਕ ਉਨ੍ਹਾਂ ਦੇ ਵੀਰੇ ਦਾ ਦਿਨ ਹੈ। ਸੀਤੋ ਦਾ ਵੀਰਾ ਬਚਨਾ ਸਾਹ ਦੀ ਬੀਮਾਰੀ ਨੇ ਚਾਕੂ ਬਣਾ ਕੇ ਰੱਖ ਦਿੱਤਾ ਸੀ।

ਸੀਤੋ ਨੂੰ ਰੇਸ਼ਮਾ ਆਪਣੀ ਮਾਂ ਲੱਗਦੀ। ਆਪਣਾ ਵੀਰਾ ਲੱਗਦੀ। ਕਿੰਨਾ ਕੁਝ ਸੀਤੋ ਨੂੰ ਆਪਣੀ ਭਾਬੀ ਰੇਸ਼ਮਾ ਲਗਦੀ। ਰੇਸ਼ਮਾ ਦੇ ਸਾਹਾਂ 'ਚ ਸੀਤੋ ਦੇ ਸਾਹ ਸਨ। ਰੇਸ਼ਮਾ ਅੰਤਾਂ ਦੀ ਦੁਖੀ ਸੀ। ਚਾਰਾ ਪਾਸਿਆਂ ਤੋਂ ਘਿਰੀ ਹੋਈ ਸੀ। ਘਰ 'ਚ ਹਰ ਸਮੇਂ ਕਲੇਸ਼ ਰਹਿੰਦਾ, ਬਚਨਾ। ਰੇਸ਼ਮਾ ਨੂੰ ਮਾਰਨ ਨੂੰ ਭੱਜਦਾ। ਇਨ੍ਹਾਂ ਵੀਹ ਤੀਹ ਘੰਟਿਆਂ ਵਿੱਚ ਤਿੰਨ ਚਾਰ ਵਾਰ ਉਹ ਰੇਸ਼ਮਾ ਦੇ ਹੱਡ ਸੇਕ ਚੁੱਕਾ ਸੀ। ਦੋ ਪੁੜਾਂ ਵਿਚਕਾਰ ਰੇਸ਼ਮਾ ਦਲੀਆ ਬਣ ਰਹੀ ਸੀ। ਬਚਨਾ ਆਖਦਾ, 'ਤੂੰ ਮੈਥੋਂ ਗੁੱਠਾ ਲਵਾ ਕੇ ਮੈਨੂੰ ਖੂਹ 'ਚ ਸੁੱਟ ਤਾ.... ਪਹਿਲਾਂ ਮੈਂ ਜ਼ਮੀਨ ਧਰੀ ਤੇਰੇ ਪੇਕਿਆਂ ਦਾ ਘਰ ਭਰਿਆ ਤੇ ਹੁਣ.... ਉਹ ਕੰਜਰ ਦੇ ਪੰਚ ਸਰਪੰਚ ਬਣੇ ਫਿਰਦੇ ਨੇ ਤੇ.... ਮੈਂ ਕੰਗਾਲੀ 'ਚ.... ਰਹਿੰਦ ਖੂੰਹਦ ਤੂੰ....।

ਰੇਸ਼ਮਾ ਬਹੁਤੇਰਾ ਕਹਿੰਦੀ ਰਹਿੰਦੀ, ਵੇ ਮੈਂ ਤਾਂ ਤੈਨੂੰ ਕਲੰਕ ਤੋਂ ਬਚਾਉਣੀ ਆਂ। ਪਰ....

ਬਚਨੇ ਤੇ ਰੇਸ਼ਮਾ ਦਾ ਤਕਰਾਰ ਤਿੱਖਾ ਹੁੰਦਾ ਗਿਆ। ਰੇਸ਼ਮਾ ਹਰ ਘੜੀ ਹਰ ਪਲ ਖੁਸਦੀ ਰਹਿੰਦੀ। ਆਪਣੇ ਭਰਾਵਾਂ ਦੇ ਬਣੇ ਦੁਬਾਰਿਆਂ ਦਾ ਚੇਤਾ ਕਰ ਕੇ, ਟਰੈਕਟਰ, ਬੰਬੇ, ਸਬਾਤਾਂ- ਤੇ ਰੇਸ਼ਮਾ ਨੂੰ ਇਉਂ ਲਗਦਾ ਜਿਵੇਂ ਉਸ ਦੇ ਟਰੈਕਟਰ ਤੇ ਬੈਠੇ ਨੇ ਮਗਰ ਉਸ ਦੀ ਵੱਡੀ ਭਾਬੀ, ਦਾਨੇ ਦੇ ਘਰ ਵਾਲੀ ਟੈਰਾਲੀਨ ਦੇ ਨਸਵਾਰੀ ਸੂਟ 'ਚ ਟਰੈਕਟਰ ਦੇ ਇਕ ਪਹੀਏ ਹੇਠ ਬਚਨਾ ਤੇ ਦੂਜੇ ਹੇਠ ਉਹ ਆਪ ਆ ਗਈ ਹੁੰਦੀ ਹੈ। ਟਰੈਕਟਰ, ਰੇਸ਼ਮਾ ਦੇ ਨਿੱਕੇ ਭਰਾਵਾਂ ਦਾ ਟਰੈਕਟਰ ਘੂੰ ਘੂੰ ਕਰਦਾ ਧੂੜ ਉਡਾਂਦਾ ਅਗਾਂਹ ਵਧਦਾ ਜਾ ਰਿਹਾ ਹੈ। ਬਚਨਾ ਤੇ ਰੇਸ਼ਮਾ ਆਪਣੀਆਂ ਟੁੱਟੀਆਂ ਪਸਲੀਆਂ ਨਾਲ ਰੋ ਰਹੇ ਹਨ। ਕੁਰਲਾ ਰਹੇ ਹਨ। ਉੱਠਣਾ ਚਾਹੁੰਦੇ ਹਨ। ਉੱਠ ਕੇ ਭੱਜਣਾ ਚਾਹੁੰਦੇ ਹਨ ਪਰ ਟੁੱਟੀਆਂ ਪਸਲੀਆਂ ਵਾਲੇ ਉੱਠਣ ਦਾ ਉੱਠ ਕੇ ਭੱਜਣ ਦਾ ਇਰਾਦਾ ਰੱਖਦੇ ਹਨ, ਸ਼ਕਤੀ ਉਨ੍ਹਾਂ ਦੀ ਕੋਈ ਤੋੜ ਦਿੰਦਾ ਹੈ।

*******

## 20.

ਪਰਸੋਂ ਦਾ ਦਿਨ ਪਿੰਡ 'ਚ ਇਕ ਖਾਸ ਖਿੱਚ ਬਣਿਆ ਹੋਇਆ ਸੀ। ਸ਼ਾਇਦ ਇਕ ਭੈਅ ਵੀ ਸੀ। ਰੇਸ਼ਮਾ ਨੇ ਮਾੜੀ ਦੀ ਪੰਚਾਇਤ ਦੀ ਹਲਤਣ ਕੀਤੀ ਹੈ। ਉਹ ਕੋਈ ਗੱਲ ਕਰਨਗੇ। ਦਿਵਾਨੇ ਕਾ ਮਿਸਰਾ ਓਦਣ ਤੋਂ ਪਿੰਡੋਂ ਬਾਹਰ ਸੀ। ਸੁਰਰ ਸੁਰਰ ਗੱਲ ਦੀ ਸੁਣਤ ਤਾਂ ਇੰਝ ਭੀ ਸੀ ਕਿ ਉਹ ਬਚਨੇ ਦੀ ਭੈਣ ਨੂੰ, ਸੀਤੋ ਨੂੰ ਚੁੱਕਣਗੇ—ਰੇਸ਼ਮਾ ਦਾ ਰਾਖਾ ਕੌਣ ਸੀ? ਬਚਨਾ! ਬਚਨੇ ਦੀ ਮੁੱਠੀ 'ਚ ਆਈ ਜਿੰਦ! ਸੀਤੋ ਦਾ ਚਲਕੋਰ ਵਰਗਾ ਰੂਪ ਆਥਣ ਨੂੰ ਢਲਦਾ ਹਨੇਰ ਹੋ ਗਿਆ ਸੀ। ਏਨਾ ਵੱਡਾ ਡਰ-ਭੰਤੀ ਆਪਣੀ ਮੌਜ 'ਚ ਖੇਲਦੀ ਰਹਿੰਦੀ ਪਰ ਉਸਦੇ ਘਰ 'ਚ ਇਕ ਮੁਰਦਾਹਿਟ ਛਾਈ ਸੀ। ਬਾਲਕ ਘਰ ਦੀ ਮੁਸਕਾਨ ਹੁੰਦਾ ਹੈ' ਮੁਰਦਣੀ ਦਾ ਇਲਾਜ ਮੁਸਕਾਨ ਤੇ ਮੁਸਕਾਨ ਤੇ ਅਸਰ ਪੈਂਦਾ ਹੈ ਮੁਰਦਣੀ ਦਾ।

ਬਚਨੇ ਦਾ ਸ਼ਰੀਕਾ ਖੁਸ਼ ਸੀ। ਉਨ੍ਹਾਂ ਦੀ ਨਿੱਕੀ ਮੋਟੀ ਚੱਕ ਵੀ ਸੀ। ਮਾੜੀ ਦੀ ਪੰਚਾਇਤ, ਬਚਨ ਦੇ, ਤਾਏ ਚਾਚਿਆਂ ਨੂੰ ਭੀ ਮਿਲੀ ਸੀ, ਉਨ੍ਹਾਂ ਭੀ ਸ਼ਹਿ ਦਿੱਤੀ, 'ਆਹੋ ਬਈ ਕੋਠੇ ਜਿੱਡੀ ਕੁੜੀ ਨੂੰ ਘਰੇ ਰੱਖਣ ਦਾ ਕੀ ਮਤਲਬ-ਆਹ ਜਿਹੜੀ ਹੁਣ ਪੂੰਛ ਚੁੱਕੀ ਫਿਰਦੀ ਐ, ਇਹ ਕਿਹੜਾ ਪੁੰਨ ਦੀ ਐ-ਅੱਜ ਆਈ ਐ ਕੁਲ ਦੀ ਲਾਜ ਰੱਖਣ ਕਹਿੰਦੀ ਐ ਬਈ ਮੈਂ ਤਾਂ ਪਹੇ ਨੂੰ ਰੋਨੀ ਆਂ ਸਹੇ ਨੂੰ ਨੀ....” ਬਿਕਰੀ ਦੇ ਪਹੇ 'ਚ ਖੜ੍ਹੀਆਂ ਤਿੰਨ ਤਸਵੀਰਾਂ ਰੇਸ਼ਮਾ, ਸੀਤੋ, ਭੰਤੀ....

ਰਾਤ ਬਰਾਤੇ ਕੁਝ ਹੋਣ ਵਾਲਾ ਹੈ। ਪਿੰਡ ਵਾਲੇ ਸੋਚਦੇ ਰਹਿੰਦੇ। ਕੱਲ੍ਹ ਦਾ ਮਿਸਰਾ ਵੀ ਨੂੰ ਫੂੰ ਫੂੰ ਕਰਦਾ ਗਲੀਆਂ ਵਿੱਚ ਗੇੜੇ ਮਾਰਦਾ ਰਹਿੰਦਾ-ਗੱਲਾਂ ਤੁਰਦੀਆਂ ਰਹਿੰਦੀਆਂ, "ਆਖਿਰ ਉਹ ਪੱਚੀ ਸੌ ਲਾਹੇਗੀ ਕਿਵੇਂ? ਪਿੰਡ ਵਿੱਚ ਜ਼ਮੀਨ ਦੇ ਸੌਦੇ ਦਾ ਕਿਸੇ ਨੂੰ ਵੀ ਪਤਾ ਨਹੀਂ ਸੀ।

ਸਮਾਂ ਤੁਰਦਾ ਰਿਹਾ। ਪਰਸੋਂ ਦਾ ਦਿਨ ਚੜ੍ਹਿਆ। ਅੱਗ ਦੇ ਸੂਰਜ ਦਾ ਚਾਨਣ ਜਿਵੇਂ ਹੋਰ ਹੀ ਹੁੰਦਾ ਹੈ। ਰੇਸ਼ਮਾ ਨੇ ਸੀਤੋ ਨੂੰ ਆਖਿਆ, ਪਾਣੀ ਤੱਤਾ ਧਰ ਦੇ" ਤੱਤਾ ਪਾਣੀ, ਤੱਤੀ ਲੱਸੀ-ਰੇਸ਼ਮਾ ਨੇ ਬਚਨੇ ਨੂੰ ਧੀ ਭੈਣ, ਮਾਂ ਦੀਆਂ ਗਾਲ੍ਹਾਂ ਦੇਂਦੇ ਬਚਨੇ ਨੂੰ, ਕੇਸੀਂ ਇਸ਼ਨਾਨ ਕਰਵਾਇਆ। ਖੇਸ 'ਚ ਲਪੇਟ ਕੇ ਸੂਰਜ ਦੀਆਂ ਕਿਰਨਾਂ ਸਾਹਮਣੇ ਉਸ ਦੇ ਸਿਰ ਚੋਂ ਜੂੰਆਂ ਕੱਢਦੀ ਰਹੀ ਤੇ ਫੇਰ ਬਚਨੇ ਨੂੰ ਉਸ ਦੀ ਫੀਮ ਵਾਲੀ ਡੱਬੀ ਚੋਂ ਫੀਮ ਦਾ ਮਾਵਾ ਕੱਢ ਕੇ ਅੱਜ ਪਹਿਲੀ ਵਾਰ ਰੇਸ਼ਮਾ ਨੇ ਆਪ ਦਿੱਤਾ। ਬਚਨੇ ਨੂੰ ਪਤਾ ਨਹੀਂ ਅੱਜ ਸਾਹ ਕਿਵੇਂ ਰੁਕ ਗਿਆ। ਰੇਸ਼ਮਾ ਨੇ ਫੇਰ ਬਚਨੇ ਨੂੰ ਉਹ ਪੁਰਾਣੀ ਵਿਆਹ ਵਾਲੀ ਤਿੱਲੇ ਮੜ੍ਹੀ ਕਾਲੀ ਕੁਰਮ ਦੀ ਜੁਤੀ ਪਾਉਣ ਨੂੰ ਦਿੱਤੀ। ਭੋਥਾ, ਰੰਗਦਾਰ ਪੱਗ, ਸਫੈਦ ਸਿਲਕ ਦਾ ਕੁੜਤਾ ਬਚਨੇ ਨੂੰ ਇਉਂ ਲੱਗਿਆ ਜਿਵੇਂ ਅਜੇ ਉਹ ਜਿਉਂਦਾ ਹੈ। ਭਰੀ ਭਰੀ ਰੇਸ਼ਮਾ, ਟੁੱਟੀ ਟੁੱਟੀ ਸੀਤੋ, ਫ਼ਿਸੀ ਫਿਸੀ ਨਿੱਕੀ ਭੰਤੀ....

"ਲੈ ਸੁਣ ਲੈ ਹੁਣ ਕਿਤੇ ਸੱਥ ਵਿੱਚ ਜਾ ਕੇ ਤੱਕਲਾ ਖੜ੍ਹਾ ਕਰ ਲੇਂ। ਗੱਲ ਇਉਂ ਐ ਬਈ ਆਪਾਂ ਪੱਚੀ ਸੌ ਉਨ੍ਹਾਂ ਦਾ ਮੋੜ ਦੇਣੈ ਤੇ ਫੇਰ ਤੈਨੂੰ ਘਰ ਆ ਕੇ ਦਸੂੰਗੀ ਕੀ ਕਰਨੈ" ਸੱਥ ਵਿੱਚ ਪੂਰਾ ਇੱਕਠ ਸੀ। ਪਿੰਡ ਦੀਆਂ ਤੀਵੀਆਂ ਕੋਠਿਆਂ ਤੇ ਖੜ੍ਹ ਕੇ ਵੇਖ ਰਹੀਆਂ ਸਨ। ਮਾੜੀ ਤੋਂ ਪੰਜ ਸੱਤ ਬੰਦੇ ਮਿਸਰ ਮਗਰ ਆ ਰਹੇ ਸਨ। ਬਚਨੇ ਦਾ ਸਾਰਾ ਸ਼ਰੀਕਾ ਸੱਥ 'ਚ ਇਕੱਠਾ ਹੋ ਗਿਆ ਸੀ। ਬਚਨਾ ਅਜੇ ਤਕ ਸੱਥ 'ਚ ਉਪੜਿਆ ਨਹੀਂ ਸੀ। ਜਿੰਨੇ ਮੂੰਹ ਉੱਨੀਆਂ ਗੱਲਾਂ। ਹਰ ਕੋਈ ਆਪਣੀ ਆਪਣੀ ਹਵਾੜ ਕੱਢ ਰਿਹਾ ਸੀ। ਮਾੜੀ ਵਾਲਿਆਂ ਨਾਲ ਬੁਰੀ ਹੋਈ ਹੈ। ਇਹ ਕੋਈ ਕਾਰਾ ਕਰਨਗੇ।" "ਬਚਨਾ ਵੀ ਤਾਂ ਤੀਵੀਂ ਮਗਰ ਲਗਿਐ ਤੀਵੀਂ ਮਗਰ ਲੱਗੇ ਵੀ ਕਿਉਂ ਨਾ," ਵਿੱਚੋਂ ਕੋਈ ਆਖਦਾ, "ਉਹ ਜੇ ਮੁੱਲ ਦੀ ਐ ਤਾਂ ਕੀ ਉਹਦਾ ਕੋਈ ਭੈੜ ਤਾਂ...." ਗੱਲ ਦਾ ਦੌਰ ਬਦਲਦਾ। 'ਆਹ ਮਿਸਰਾ-ਸਾਲਾ ਵੀਹ ਪੱਤਣਾ ਦਾ ਤਾਰੂ ਰੇਸ਼ਮਾ ਨੂੰ.... " 'ਬਈ ਤੀਵੀਂ ਤਾਂ ਡਾਢੀ ਐ। ਵੇਖਦੇ ਹਾਂ ਕੀ ਕਰੂ" "ਅੱਜ ਸ਼ੇਰ ਦੀ ਬੱਚੀ ਦਾ ਟੈਸਟ ਐ ਟੈਸਟ। ਫੌਜੀ ਮਿਲਖਾ ਆਖਦਾ ਰੇਸ਼ਮਾ ਦੇ ਗੁਣਾਂ ਨੂੰ ਉਜਾਗਰ ਕਰ ਰਿਹਾ ਸੀ।

"ਕਰਨਾ ਕੀ ਐ? ਕਰੂ ਕੀ ਹੱਥ ਪੱਲੇ ਤਾਂ ਕੁਝ ਹੈ ਨਹੀਂ...." "ਨਹੀਂ ਓਏ ਜੋਗਿਆ! ਮੈਨੂੰ ਵਿਸਾਹ ਨਹੀਂ; ਇਹ ਕਰੂ ਜ਼ਰੂਰ ਕੋਈ ਨਾ ਕੋਈ ਹੇਠ ਉੱਤਾ। ਵੇਖ ਲੀਂ ਤੇਰੇ ਸਾਹਮਣੇ ਐ।"

ਆਖਿਰ ਜਬਾੜ੍ਹਿਆਂ ਦਾ ਭੜ ਕਰਦਿਆਂ ਲੋਕਾਂ ਨੇ ਵੇਖਿਆ.... ਬਚਨਾ.... ਲੋਕਾਂ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਇਹ ਕੀ ਬਚਨੇ ਦੇ ਇਕ ਹੱਥ ਸੋਟੀ ਸੀ। ਦੂਜੇ ਹੱਥ ਵਿੱਚ ਇਕ ਵਧੀਆ ਉਫਣਿਆ ਹੋਇਆ ਥੈਲਾ....ਪਿੱਛੇ ਪਿੱਛੇ ਰੇਸ਼ਮਾ ਸੀ। ਰੇਸ਼ਮਾ ਦੇ ਹੱਥ ਵਿੱਚ ਵੀ ਇਕ ਥੈਲਾ ਸੀ। ਅੱਖਾਂ ਟੱਡ ਟੱਡ ਸ਼ਰੀਕੇ ਵਾਲੇ ਬਚਨੇ ਦੇ ਕੱਪੜਿਆਂ ਵੱਲ, ਰੇਸ਼ਮਾ ਦੀ ਹੈਂਕੜ ਨੂੰ ਵੇਖ ਰਹੇ ਸਨ। ਦੀਵਾਨੇ ਕਾ ਮਿਸਰਾ ਬੋਲਿਆ, "ਵੇਖੋ ਮਹਾਰਾਜ! ਆਦਮੀ ਬੋਲਾਂ ਦਾ ਖੱਟੀ ਖਾਂਦਾ ਐ...." ਅਜੇ ਮਿਸਰਾ ਗੱਲ ਹੀ ਕਰ ਰਿਹਾ ਸੀ, ਲੰਬਰਦਾਰ ਬੋਲ ਪਿਆ, "ਮਿਸਰਿਆ ਹੋਰ ਤਾਂ ਹੋਰ ਤੂੰ ਆਪਣੇ ਸਾਰੇ ਟੱਬਰ ਨੂੰ ਹੀ ਬੋਲਾਂ ਦੀ ਖੱਟੀ ਖਆਉਣੈ। ਦੱਸ ਇਨ੍ਹਾਂ ਦਾ ਕਿੰਨਾਂ ਤੂੰ ਖਾਧਾ ਐ ਕਿੰਨਾ ਬਚਨੇ ਨੇ..."

'ਮੈਂ! ਮੈਂ ਕਾਹਤੋਂ ਖਾਧਾ.... ਇਹ ਬਚਨੇ ਦੀ ਫੀਮ।

ਰੇਸ਼ਮਾ ਵਿੱਚ ਆ ਕੇ ਬੋਲ ਪਈ, ਬੱਸ ਜੀ ਪੰਚੈਤੇ ਬਹੁਤੀਆਂ ਗੱਲਾਂ ਕੀ ਕਰਨੀਆਂ ਨੇ ਜੀ। ਇਨ੍ਹਾਂ ਤੋਂ ਪੁੱਛੋ ਬਈ ਇਨ੍ਹਾਂ ਦਾ ਕਿੰਨਾ ਕੁਝ ਆਇਐ....।

"ਪੱਚੀ ਸੌ" ਮਿਸਰਾ ਇਕ ਦਮ ਬੰਬ ਵਾਂਗ ਫਟ ਪਿਆ। ਬਚਨੇ ਨੇ ਆਪਣਾ ਉੱਫਣਿਆ ਥੈਲਾ ਪੰਡਤ ਦਿਆਲ ਚੰਦ ਨੂੰ ਦੇ ਕੇ ਆਖਿਆ, 'ਲਓ ਮਹਾਰਾਜ ਗਿਣ ਕੇ ਪਾ ਦਿਓ ਇਨ੍ਹਾਂ ਦੀ ਝੋਲੀ 'ਚ...."

ਨੋਟ ਗਿਣੇ ਜਾ ਰਹੇ ਸਨ। ਬਚਨੇ ਦੀਆਂ ਅੱਖਾਂ 'ਚੋਂ ਜਿਵੇਂ ਚਾਨਣ ਘਟਦਾ ਜਾ ਰਿਹਾ ਹੋਵੇ। ਭਰੀ ਪੰਚਾਇਤ ਵਿੱਚ ਲੋਕਾਂ ਦੇ ਉਂਗਲੀਆਂ ਦੇ ਭੰਨੇ ਕਿਆਸ ਪੁੱਠ ਡਿਗ ਰਹੇ ਸਨ। ਮਿਸਰਾ ਹੇਠਾਂ ਨੂੰ ਹੁੰਦਾ ਜਾਂ ਰਿਹਾ ਸੀ। ਮਾੜੀ ਵਾਲੇ ਪੱਲਤਣ 'ਚ ਆ ਰਹੇ ਸਨ।

ਗਲ ਗਲ ਪਾਣੀ ਜੋ ਉਹ ਬਚਨੇ ਤੇ ਰੇਸ਼ਮਾ ਤੇ ਚੜ੍ਹਾ ਚੁੱਕੇ ਸਨ, ਉਹ ਉਤਰ ਰਿਹਾ ਸੀ। ਉਲਟਾ ਉਹ ਆਪ ਉਸ ਵਿੱਚ ਡੁੱਬ ਰਹੇ ਸਨ।

ਪੱਲਤਣ ਤੇ ਹੱਲਤਣ 'ਚ ਡੁੱਬਦਾ ਜਾ ਰਿਹਾ ਮਾੜੀ ਦਾ ਸਿਰਕੱਢ ਲਾਣਾ ਅੱਜ ਪਟੜੀ ਫੇਰ ਦੇ ਪਿੰਡਾਂ.... 'ਚ ਰੇਸ਼ਮਾ ਨੇ ਪੰਡਤ ਦਿਆਲ ਚੰਦ ਤੋਂ ਪੁੱਛਿਆ ਹੋਇਆ ਸੀ। ਦਿਆਲ ਚੰਦ ਭੀ ਆਪਣੀ ਨਿੱਖਰਵੀਂ ਗੱਲ ਕਹਿਣ 'ਚ, ਪਟੜੀ ਫੇਰ 'ਚ ਮੰਨਿਆ ਹੋਇਆ ਸੀ। ਰੇਸ਼ਮਾ ਨੇ, ਪੂਰਮਸੂਰੀ ਪੰਡਤ ਦਿਆਲ ਚੰਦ ਦੇ ਕਹਿਣ ਅਨੁਸਾਰ ਕੀਤਾ। ਰੇਸ਼ਮਾ ਉੱਠ ਖਲੋਤੀ.... 'ਲਉ ਪੰਚੈਤੇ ਅਸੀਂ ਮਾੜੀ ਵਾਲਿਆਂ ਨੂੰ ਲਾਹੁਣ ਵਾਸਤੇ ਨਹੀਂ ਸੱਦਿਆ.... ਗੱਲ ਅਜੇ ਭਾਵੇਂ ਅੱਧੀ ਹੀ ਹੋਈ ਸੀ, ਪਰ ਥਿਰੀ ਨਾਟ ਥਿਰੀ ਵਾਂਗ ਸਾਰਿਆਂ ਦੇ ਵਿਚ ਦੀ ਨਿਕਲ ਭਰੀ....

ਇਕ ਬੋਈਆ, ਉੱਤੋਂ ਇਕ ਰੁਮਾਲ ਨਾਲ ਢਕਿਆ। ਲੋਕੀਂ ਹੈਰਾਨ ਸਨ। ਇਸ ਪਟਾਰੀ 'ਚ ਕੀ ਐ। ਕਈਆਂ ਨੂੰ ਇਹ ਨਾਗ-ਪਟਾਰੀ ਲੱਗੀ। ਕਈਆਂ ਨੂੰ ਉਸ ਦੇ ਰੰਗ ਰੂਪ ਤੋਂ ਇਹ ਸ਼ਗਨ ਪਟਾਰੀ....

ਰੇਸ਼ਮਾ ਨੇ ਕਰਾਰ ਨਾਲ ਆਖਣਾ ਸ਼ੁਰੂ ਕੀਤਾ, "ਅਸੀਂ ਪੱਚੀ ਸੌ ਤਾਂ ਮਿਸਰੇ ਦੀ ਕੰਜਰ ਦੋਸਤੀ ਦਾ ਉਤਾਰਿਐ.... ਮਾੜੀ ਆਲੇ ਤਾਂ ਸਾਡੇ ਰਿਸ਼ਤੇਦਾਰ ਨੇ, ਜਿਹੜਾ ਬਚਨ ਜੋ ਹੋ ਗਿਐ ਪਰ ਉਹ ਮੱਕੀ ਦੇ ਟਾਂਡੇ ਭੰਨ ਅੱਖੋਂ ਕਾਣਾ.... ਸਾਡਾ ਬਚਨ ਤਾਂ ਜਗਤਾਰ...." ਗੱਲ ਉੱਘੜ ਰਹੀ ਸੀ। ਸਾਕ ਜ਼ਰੂਰ ਹੋਇਐ ਪਰ ਮਿਸਰਾ ਵਿੱਚ ਪੈ ਕੇ ਮਾੜੀ ਆਲਿਆਂ ਦੇ ਕਾਣੇ ਭਾਣਜੇ ਨੂੰ ਲਾਮਾ ਦਵਾਉਣਾ ਚਾਹੁੰਦਾ ਸੀ। ਇਸ ਭੰਨ ਤੋੜ 'ਚ ਹੀ ਉਹ ਬਚਨੇ ਸਿਰ ਪੱਚੀ ਸੌ ਕਰ ਗਿਆ। ਅਸਲੀ ਸਾਕ ਤਾਂ ਜਗਤਾਰ ਨੂੰ ਕਰਨ ਦੀ ਵਿਉਂਤ ਸੀ।

ਹੁਣ ਮਾੜੀ ਆਲੇ ਇਹ ਗੱਲ ਆਖਣ ਤਾਂ ਆਖਣ ਕਿਵੇਂ। ਕੋਈ ਭਲਾ, ਭਰੀ ਪੰਚਾਇਤ 'ਚ ਆਪਣੇ ਸਾਕਾਂ ਦੀ ਮਾੜੀ ਕਰਦੈ। ਰੇਸ਼ਮਾ ਨੇ ਬੋਈਏ 'ਚੋਂ ਸ਼ਗਨ ਕੱਢ ਕੇ ਬਚਨੇ ਦੇ ਹੱਥ ਦੇ ਦਿੱਤਾ। ਬਚਨੇ ਨੇ ਮਾੜੀ ਆਲਿਆਂ 'ਚੋਂ ਇਕ ਬਜ਼ੁਰਗ ਨੂੰ ਫੜਾਂਦਿਆਂ

ਆਖਿਆ, "ਲਓ ਜੀ! ਤੁਸੀਂ ਜਗਤਾਰ ਦੇ ਸਿਹਰੇ ਬੰਨ੍ਹ ਕੇ ਅਗਲੀ ਪੂਰਨਮਾਸ਼ੀ ਆਲੇ ਦਿਨ ਪੰਜ ਆਦਮੀ ਆ ਕੇ ਕੁੜੀ ਦਾ ਦਾਨ ਲੈ ਜਾਇਓ....

ਕੁੜੀ ਦਾ ਦਾਨ! ਸੱਥ 'ਚ ਮੁੜੇ ਬੰਦਿਆਂ ਦੀਆਂ ਉਂਗਲਾਂ ਦੰਦਾਂ 'ਚ ਦਿੱਤੀਆਂ ਰਹਿ ਗਈਆਂ। ਸਾਰੇ ਹੈਰਾਨ ਸਨ ਇਹ ਕੀ ਹੋ ਗਿਆ? ਕੀ ਹੋ ਰਿਹਾ ਹੈ? ਬਚਨੇ ਦਾ ਸ਼ਰੀਕਾ ਬਿੱਲੀ ਵਾਂਗ ਮਿਆਉਂ ਮਿਆਉਂ ਕਰ ਰਿਹਾ ਸੀ। ਅਸੀਂ ਆਪਣੀ ਧੀ ਨੂੰ ਪਿੰਡ ਸਾਹਮਣੇ ਕੋਈ ਉਂਗਲ ਤਾਂ ਕਰੇ ਸਹੀ....ਰੇਸ਼ਮਾ ਨੇ ਸੁਣਿਆ। ਅੱਜ ਤੋਂ ਤਾਂ ਇਹ ਇਨ੍ਹਾਂ ਦੀ ਧੀ ਬਣੇਗੀ। ਸੱਚ ਹੀ ਤਾਂ ਆਖਦੇ ਨੇ ਸ਼ਰੀਕਾ ਇਕ ਸਿਹਰੇ ਬੰਨ੍ਹ ਕੇ ਢਕਦਾ ਨਹੀਂ ਹੋਰ ਕਸਰ ਕੋਈ ਛੱਡਦਾ ਨੀ....

ਭਰੀ ਪੰਚਾਇਤ 'ਚ ਰੇਸ਼ਮਾ ਸ਼ੇਰਨੀ ਵਾਂਗ ਗੱਜਦੀ ਰਹੀ। ਬਚਨੇ ਵੱਲ ਪਿੰਡ ਦੇ ਲੋਕੀਂ ਇਉਂ ਵੇਖ ਰਹੇ ਸਨ ਜਿਵੇਂ ਇਹ ਬੰਦਾ ਆਪ ਤਾਂ ਹੀਰਾ ਹੋਵੇ ਪਰ ਮਿਸਰੇ ਤੇ ਉਸ ਦੇ ਸ਼ਰੀਕੇ ਨੇ ਇਸ ਨੂੰ ਕਾਣੀ, ਕੌਡੀ ਦਾ ਨਾ ਰਹਿਣ ਦਿੱਤਾ ਹੋਵੇ ਤੇ ਮੁੜ ਉਸ ਦੀ ਘਰਵਾਲੀ ਨੇ ਉਸ ਨੂੰ ਹੀਰੇ ਵਾਂਗ ਚਮਕਾ ਦਿੱਤਾ ਹੋਵੇ।

ਰੇਸ਼ਮਾ ਬਚਨੇ ਮਗਰ ਇਉਂ ਤੁਰ ਰਹੀ ਸੀ ਜਿਵੇਂ ਉਸ ਦਾ ਇਸ ਧਰਤੀ ਤੇ ਕੋਈ ਨਿਸ਼ਾਨ ਬਣ ਗਿਆ ਹੁੰਦਾ ਹੈ। ਇਕੱਠ ਬਿੱਜੜ ਰਿਹਾ ਸੀ। ਪਿੰਡ ਮਾੜੀ ਦੀ ਪੰਚਾਇਤ ਬੜੇ ਮਾਣ ਨਾਲ ਵਾਪਸ ਜਾ ਰਹੀ ਸੀ ਕੁੜਮਾਂ ਦੇ ਪਿੰਡ 'ਚੋਂ ਬਾਹਰ ਛੱਡਣ ਉਨ੍ਹਾਂ ਨੂੰ ਨੰਬਰਦਾਰ, ਪੰਡਤ ਤੇ ਹੋਰ ਕਈ ਪਤਵੰਤੇ ਸੱਜਣ ਗਏ।

ਮਿਸਰਾ ਇਉਂ ਮਹਿਸੂਸ ਕਰ ਰਿਹਾ ਸੀ ਜਿਵੇਂ ਸਾਰਾ ਇਕੱਠ ਹੀ ਉਸ ਨੂੰ ਡੋ ਡੋ ਕਰ ਕਰ ਰਿਹਾ ਹੋਵੇ ਤੇ ਉਹ ਕੰਨੀਂ ਖਿਸਕਾ ਕੇ ਪਤਾ ਨਹੀਂ ਕਦੋਂ ਕਿੱਧਰ ਨੂੰ ਦਫਾ ਰੈਟ ਹੋ ਗਿਆ। ਫੌਜੀ ਮਿਲਖਾ ਸਿੰਘ ਦਾ ਦਫ਼ਾ ਰੈਟ!

"ਕਿਉਂ ਬਈ ਜੋਰਿਆ ਵੇਖਿਆ ਉਸ ਕੇ ਹੱਥ ਵੋ ਤੋ ਵਿਕਟਰੀਆ ਕਰਾਸ ਕੀ ਹੱਕਦਾਰ ਹੈ। ਉਸ ਕੋ ਤਗਮਾ ਮਿਲਣਾ ਚਾਹੀਏ। ਕੈਸੀ ਔਰਤ ਹੈ! ਉਸ ਨੇ ਆਪਣੇ ਖਾਵਦ

ਦੀ ਇੱਜ਼ਤ ਕੇ ਬਣਾ ਦੀਆ.... ਔਰ ਵੋਹ ਸਾਲਾ ਮਿਸਰਾ ਕੈਸੇ ਦਫਾ ਰੈਟ ਹੋ ਗਿਆ.... ਇਸ ਕੇ ਕਹਿਤੈ ਹੈਂ ਤ੍ਰੀਮਤ ਕੀ ਸਿਆਣਪ।

ਪਿੰਡ ਵਿਚ ਰੇਸ਼ਮਾ ਹੀ ਰੇਸ਼ਮਾ ਹੋ ਰਹੀ ਸੀ। "ਧੰਨ ਬਈ ਇਹ ਤ੍ਰੀਮਤ!" ਲੋਕੀਂ ਕਹਿੰਦੇ।

ਮੁੱਲ ਵਿਕੀ ਰੇਸ਼ਮਾ ਤੇ ਆਪਣੀ ਨਣਦ ਸੀਤੋ ਨੂੰ ਮੁੱਲ ਵਿਕਣੋਂ ਬਚਾਉਣ ਵਾਲੀ ਰੇਸ਼ਮਾ 'ਚ ਬਹੁਤ ਵੱਡਾ ਫਰਕ ਸੀ।

ਰੇਸ਼ਮਾ ਤੇ ਬਚਨਾ ਘਰ ਆ ਕੇ ਜੂਤਪਤਾਣ ਹੁੰਦੇ ਰਹੇ।

"ਤੂੰ ਮੈਥੋਂ ਗੂਠਾ ਲਵਾ ਕੇ ਤੂੰ ਤਾਂ ਉੱਥੇ ਜਾ ਕੇ ਜੁਲਾਹੇ ਨਾਲ ਉਹਦਾ ਆਪਣੇ ਲਗਦੇ ਦਾ ਅਜੇ ਤਿਉ ਛੱਡਿਆ ਨੀ। ਮੈਂ ਠੂਠਾ ਲਈ ਮੰਗਦਾ ਫਿਰੂੰ ਦਰ ਦਰ।"

ਦੋ ਦੋ ਤਿੰਨ ਤਿੰਨ ਚਾਰ ਚਾਰ ਬਾਰ ਹਰ ਰੋਜ਼ ਰੇਸ਼ਮਾ ਦੇ ਘਰ ਕਲੇਸ਼ ਦਾ ਸਿੜੀ ਸਿਆਪਾ ਹੋਣ ਲੱਗ ਜਾਂਦਾ....

ਪਿੰਡ 'ਚ ਰੇਸ਼ਮਾ ਦੀ ਕਦਰ, ਘਰ 'ਚ ਜੁੱਤੀਆਂ। ਇਸ ਤਰ੍ਹਾਂ ਜੁੱਤੀਆਂ ਖਾਂਦੀ ਨੂੰ ਪੂਰਨਮਾਸ਼ੀ ਆ ਗਈ। ਅਗਲੀ ਪੂਰਨਮਾਸ਼ੀ ਮਾੜੀ ਤੋਂ ਪੰਜ ਪ੍ਰਾਹੁਣਿਆਂ ਆਉਣਾ ਹੈ ਤੇ ਰੇਸ਼ਮਾ ਵਾਵਰੋਲੇ ਵਾਂਗ, ਦਿਨ ਰਾਤ ਚੱਕਰ ਚੂੰਡੇ ਵਾਂਗ, ਚੱਕਰ ਮਾਰਦੀ ਰਹੀ। ਕਦੀ ਮੰਡੀ, ਕਦੇ ਸੁਨਿਆਰੇ ਦੇ, ਕਦੀ ਖੰਡ ਨੂੰ, ਕਦੀ ਬੇਸਣ, ਕਦੀ ਜੀਤ ਤਰਖਾਣ ਦੇ ਮੇਜ਼, ਕੁਰਸੀਆਂ ਤੇ ਪਲੰਘ ਲਈ। ਰੇਸ਼ਮਾ ਨੂੰ ਨਿੱਕਾ ਨਿੱਕਾ ਤਾਪ ਰਹਿੰਦਾ। ਬਸ ਰੇਸ਼ਮਾ ਸੀਤੋ ਨੂੰ ਆਖਦੀ, "ਪੁੱਤ ਇਕ ਬਾਟੀ ਕੈੜੀ ਜੀ, ਚਾਹ ਦੀ, ਬਾਟੀ ਪੀ ਕੇ ਰੇਸ਼ਮਾ ਆਪਣੀ ਚੁੰਨੀ ਚੁੱਕ ਲੈਂਦੀ ਤੇ ਉਹੀ ਵਿਆਹ ਦਾ, ਸੀਤੋ ਦਾ ਵਿਆਹ ਦਾ ਚਕਰਚੂੰਢਾ।

ਸੀਤੋ ਨੇ ਪਾਂਡੂ ਦੇ ਪਰੋਲੇ ਫੇਰ ਫੇਰ ਘਰ ਨੂੰ ਸ਼ੀਸੇ ਵਰਗਾ ਚਮਕਾ ਦਿੱਤਾ।

ਆਖ਼ਿਰ ਪੁੰਨਿਆ ਦਾ ਦਿਨ ਆਇਆ। ਪੁੰਨ ਦੀ ਪਵਿੱਤਰ ਸੀਤੋ ਨੂੰ ਜਗਤਾਰ ਦਾ ਵਰ ਮਿਲ ਗਿਆ। ਪਿੰਡ ਰਾਲੇ, ਮਾੜੀ ਵਾਲੇ ਸਾਕ ਵੇਖ ਵੇਖ ਕੇ ਦੰਗ ਰਹਿ ਗਏ। ਸੀਤੋ ਆਪਣੇ ਘਰ ਤੁਰ ਗਈ। ਰੇਸ਼ਮਾ ਨੂੰ ਸੀਤੋ ਜਦ ਗਲ ਲੱਗ ਕੇ ਮਿਲੀ ਤਾਂ ਘਰ ਦੀਆਂ ਕੰਧਾਂ ਵੀ ਵਿਯੋਗ ਵਿੱਚ ਰੋ ਰਹੀਆਂ ਸਨ। ਬਚਨੇ ਨੇ ਉੱਠ ਕੇ ਆਪਣੀ ਭੈਣ ਦੇ ਸਿਰ ਆਪਣਾ ਹੱਥ ਰੱਖਿਆ, ਉਹ ਹੱਥ ਜਿਸ ਤੇ ਕੋੜ੍ਹ ਚੱਲਣੋ ਰੇਸ਼ਮਾ ਨੇ ਬਚਾ ਲਿਆ ਸੀ। ਸੀਤੋ ਦੀ ਡੋਲੀ ਤੁਰ ਗਈ। ਬਚਨੇ ਦੀ ਜ਼ਮੀਨ ਵਿਕ ਗਈ ਪਰ ਜ਼ਮੀਰ ਬਚ ਗਈ ਸੀ।

******

# 21.

ਕਾਕੜ ਜਦ ਕਲੱਕਤਿਉਂ ਵਾਪਸ ਪਿੰਡ ਆਇਆ, ਵਲੈਤੀ ਭੁੰਜੇ ਲਾਹਿਆ ਪਿਆ ਸੀ। ਕਾਕੜ ਨੇ ਦਿਨ ਰਾਤ ਇਕ ਕਰਕੇ ਆਪਣੇ ਚਾਚੇ ਵਲੈਤੀ ਨੂੰ ਬਚਾਅ ਲਿਆ। ਮੰਡੀਉਂ ਡਾਕਟਰ ਤੇ ਡਾਕਟਰ ਲਿਆਉਂਦਾ ਰਿਹਾ। ਜਦੋਂ ਵਲੈਤੀ ਥੋੜ੍ਹਾ ਕੁ ਹਿਸਾਬ 'ਚ ਹੋਇਆ ਕਾਕੜ ਵਲੈਤੀ ਨੂੰ ਮੰਡੀ ਦੇ ਹਸਪਤਾਲ 'ਚ ਹੀ ਲੈ ਗਿਆ। ਮੰਡੀ ਦੇ ਹਸਪਤਾਲ 'ਚ ਵਲੈਤੀ ਨੂੰ ਇਕ ਬੈੱਡ ਮਿਲ ਗਿਆ। ਕਾਕੜ ਨੇ ਆਪ ਕੁਵੜਿਆਂ ਵਾਲੀ ਗਲੀ 'ਚ ਇਕ ਕਮਰਾ ਕਿਰਾਏ ਤੇ ਲੈ ਲਿਆ ਤੇ ਉੱਥੇ ਰਹਿਣ ਲੱਗ ਪਿਆ। ਕੁਵੜਿਆਂ ਵਾਲੀ ਗਲੀ ਤੋਂ ਹਸਪਤਾਲ ਵੀ ਨੇੜੇ ਸੀ ਤੇ ਉਸ ਗਲੀ 'ਚ ਮਕਾਨ ਵੀ, ਟੁੱਟੇ ਫੁੱਟੇ, ਖਰਾਬੜ ਜਿਹੇ ਸਨ ਭਾਵੇਂ, ਪਰ ਮਿਲ ਛੇਤੀ ਤੇ ਸਸਤੇ ਹੀ ਜਾਂਦੇ ਸਨ।

ਵਲੈਤੀ ਨੂੰ ਤਿੰਨ ਚਾਰ ਮਹੀਨੇ ਠੀਕ ਹੁੰਦੇ ਨੂੰ ਲੱਗ ਗਏ। ਵਲੈਤੀ ਨੂੰ ਜਦ ਹੋਸ਼ ਮੁੜੀ, ਕਾਕੜ ਉਸ ਸਾਹਮਣੇ ਖੜ੍ਹਾ ਸੀ। ਵਲੈਤੀ ਅੱਧਾ ਰਾਜ਼ੀ ਤਾਂ ਕਾਕੜ ਨੂੰ ਵੇਖ ਕੇ ਹੀ ਹੋ ਗਿਆ। ਕਾਕੜ ਨੇ ਹਿੰਮਤ ਨਾਲ ਰਾਤ ਦਿਨ ਲਾ ਕੇ ਤਨੋ ਮਨੋ ਆਪਣੇ ਚਾਚੇ ਦੀ ਸੇਵਾ ਕੀਤੀ। ਕਾਕੜ ਵਲੈਤੀ ਨੂੰ ਰੱਬ ਸਮਝਦਾ ਸੀ। ਵਲੈਤੀ ਜਿੰਨਾ ਪਿਆਰ ਕਾਕੜ ਨੂੰ ਹੋਰ ਮਿਲਿਆ ਵੀ ਕਿੱਥੋਂ ਸੀ?

ਕਾਕੜ ਕੋਲ ਪੰਜ ਸੱਤ ਹਜ਼ਾਰ ਰੁਪਿਆ ਸੀ ਜੋ ਉਸਨੇ ਕਲੱਕਤਿਓਂ ਜੋੜ ਕੇ ਲਿਆਂਦਾ ਸੀ ਸੋ ਉਸ ਨੇ ਬੜੀ ਖੁੱਲ੍ਹ ਤੇ ਜਿਗਰ ਨਾਲ ਚਾਰ ਪੈਸੇ ਵਲੈਤੀ ਦੀ ਬਿਮਾਰੀ ਤੇ ਲਾਏ। ਫਲਾਂ ਦਾ ਰਸ, ਮਾਸ ਦਾ ਸ਼ੋਰਬਾ, ਦੁੱਧ, ਕਾਕੜ, ਵਲੈਤੀ ਦੇ ਮੂੰਹ 'ਚ ਚਮਚਿਆਂ ਨਾਲ ਪਾਉਂਦਾ ਰਹਿੰਦਾ। ਡਾਕਟਰਾਂ ਨੇ ਦੱਸਿਆ ਸੀ ਵਲੈਤੀ ਨੂੰ ਕੋਈ ਡੂੰਘੀ ਬਿਮਾਰੀ ਨਹੀਂ, ਸਿਰਫ ਕਮਜ਼ੋਰੀ ਤੇ ਹੌਲ ਜਿਹਾ ਅੰਦਰ ਵਧਿਆ ਹੋਇਆ ਹੈ।

ਕਾਕੜ ਨੂੰ ਆਪਣੇ ਬਿਮਾਰ ਚਾਚੇ ਦੀ ਸੇਵਾ ਤੇ ਦੇਖ ਰੇਖ ਕਰਕੇ ਹੋਰ ਹੀ ਵੱਖਰੀ ਕਿਸਮ ਦਾ ਅਨੁਭਵ ਹੋਇਆ ਸੀ। ਹਸਪਤਾਲ 'ਚ ਕਾਕੜ ਕਿੰਨੀ ਕਿੰਨੀ ਦੇਰ ਤੱਕ ਮਰੀਜ਼ਾਂ ਦੇ ਸਾਕ ਸੰਬੰਧੀਆਂ ਨਾਲ ਮੜਿੱਕਦਾ, ਗੱਲਾਂ ਕਰਦਾ ਰਹਿੰਦਾ। ਕਦੇ ਕਦੇ ਕੋਈ ਕਿਸੇ ਮਰੀਜ਼ ਦਾ ਰਿਸ਼ਤੇਦਾਰ ਦੂਜੇ ਮੁਲਕਾਂ 'ਚ ਹਸਪਤਾਲਾਂ ਤੇ ਮੁਫ਼ਤ ਇਲਾਜ ਦੀ ਗੱਲ ਕਰਦਾ ਆਖਦਾ, ਫਲਾਣੇ ਕੇਸ 'ਚ ਇਹ ਸਰਕਾਰ ਦੀ ਜ਼ੁੰਮੇਵਾਰੀ ਹੈ। ਸਾਡਾ ਸਮਾਜ ਤਾਂ ਬੜਾ ਭੈੜਾ ਹੈ। ਜਿਹੋ ਜਿਹਾ ਸਮਾਜ ਉਹੋ ਜਿਹੀ ਸਰਕਾਰ। ਕੀ ਚੇਤੰਨ ਬੰਦਾ ਗੱਲ ਨੂੰ ਉਲਟਾ ਦਿੰਦਾ "ਨਹੀਂ ਸਰਕਾਰ ਜਿਵੇਂ ਸਮਾਜ ਨੂੰ ਰੱਖਣਾ ਚਾਹੁੰਦੀ ਹੈ ਉਹੋ ਜਿਹਾ ਬਣਿਆ ਰਹਿੰਦਾ ਹੈ।

ਹਸਪਤਾਲ ਦੇ ਖੁੱਲ੍ਹੇ ਚੁਗਾਣ ਵਿੱਚ ਘਾਹ ਤੇ ਬੈਠੇ ਮਰੀਜ਼ਾਂ ਦੇ ਰਿਸ਼ਤੇਦਾਰ, ਦੋਸਤ ਮਿੱਤਰ ਲੰਮੀਆਂ ਲੰਮੀਆਂ, ਸਿੱਧੀਆਂ ਪੁੱਠੀਆਂ ਗੱਲਾਂ ਹੱਕੀ ਜਾਂਦੇ। ਗੱਲਾਂ 'ਚੋਂ ਗੱਲ ਛਿੜ ਪੈਂਦੀ ਵੋਟਾਂ ਦੀ। ਵੋਟਾਂ ਪੈ ਕੇ ਹਟੀਆਂ ਸਨ। ਤਾਜ਼ੀਆਂ ਤਾਜ਼ੀਆਂ ਗੱਲਾਂ ਵੋਟਾਂ ਦੀਆਂ ਗੱਲਾਂ, ਜਲੂਸ ਦੀਆਂ ਗੱਲਾਂ, ਜਲਸਿਆਂ ਦੀਆਂ ਗੱਲਾਂ। ਕਾਕੜ ਦੀ ਇਨ੍ਹਾਂ ਦਿਨਾਂ 'ਚ ਏਥੇ ਦੋਸਤੀ ਬਾਦਲ ਨਾਲ ਹੋ ਗਈ।

ਬਾਦਲ ਦਾ ਪੂਰਾ ਨਾਂ ਦੇਵਿੰਦਰ ਸਿੰਘ ਗਰੇਵਾਲ ਸੀ ਪਰ ਬਾਦਲ ਪਿੰਡ ਦਾ ਹੋਣ ਕਰਕੇ ਉਸ ਨੂੰ ਆਮ ਤੌਰ ਤੇ ਬਾਦਲ ਸਾਹਬ' 'ਬਾਦਲ ਸਾਹਬ' ਕਰ ਕੇ ਸੱਦਦੇ ਸਨ। ਬਾਦਲ ਸਥਾਨਕ ਕਾਲਜ ਵਿੱਚ ਅਰਥ-ਵਿਗਿਆਨ ਦਾ ਪ੍ਰੋਫੈਸਰ ਸੀ। ਬਾਦਲ ਦਾ ਬਹੁਤਾ ਸਮਾਂ ਕਿਤੇ ਹੋਰ ਲੱਗਦਾ। ਉਸ ਦੀ ਮਾਂ ਦੀ ਢੂਹੀ ਤੇ ਇਕ ਅਜਿਹਾ ਫੋੜਾ ਹੋਇਆ ਹੋਇਆ ਸੀ ਜਿਹੜਾ ਠੀਕ ਹੋਣ 'ਚ ਹੀ ਨਹੀਂ ਸੀ ਆਉਂਦਾ।

ਪ੍ਰੋਫੈਸਰ ਬਾਦਲ ਲੋਕਾਂ ਦੇ ਕੰਮ ਧੰਦਿਆਂ 'ਚ ਰੁੱਝਿਆ ਰਹਿੰਦਾ। ਉਹ ਆਪਣੀ ਮਾਂ ਵੱਲ ਪੂਰਾ ਧਿਆਨ ਨਾ ਦੇ ਸਕਿਆ। ਉਸ ਦੀ ਮਾਂ ਦਾ ਬੁਖਾਰ ਵਧਦਾ ਵਧਦਾ ਬੇਹੱਦ ਵੱਧ ਗਿਆ ਤੇ ਅੰਤ ਨੂੰ ਜਾ ਕੇ ਉਸ ਨੂੰ ਆਪਣੀ ਮਾਂ ਨੂੰ ਹਸਪਤਾਲ ਵਿੱਚ ਦਾਖਲ

ਕਰਵਾਉਣਾ ਪਿਆ। ਡਾਕਟਰ ਪ੍ਰੋ: ਬਾਦਲ ਦਾ ਜਮਾਤੀ ਸੀ, ਇਸ ਕਾਰਨ ਜ਼ੋਰ ਲਾ ਕੇ ਬਾਦਲ ਦੀ ਮਾਂ ਨੂੰ ਹਸਪਤਾਲ 'ਚ ਦਾਖਲ ਕਰਵਾ ਦਿੱਤਾ।

ਪ੍ਰੋਫੈਸਰ ਦੀਆਂ ਬਹੁਤ ਸਾਰੀਆਂ ਗੱਲਾਂ ਦੀ ਤਾਂ ਕਾਕੜ ਨੂੰ ਸਮਝ ਹੀ ਨਾ ਪੈਂਦੀ। ਕੱਲ੍ਹ ਜਦ ਪ੍ਰੋਫੈਸਰ ਬਾਦਲ ਨੇ ਆਖਿਆ ਸੀ, ਕਿੱਡਾ ਭਾਰੀ ਫਿਕਰਾ ਸੀ ਤੇ ਆਖਿਰ ਵੀਹ ਬਾਰ ਟੋਹ ਟਾਹ ਕੇ ਕਾਕੜ ਨੂੰ ਉਸ ਦਾ ਅਰਥ ਪੱਲੇ ਪਿਆ ਸੀ। ਪ੍ਰੋ: ਬਾਦਲ ਆਮ ਲੋਕਾਂ 'ਚ ਬੈਠਾ ਰਹਿੰਦਾ। ਆਮ ਲੋਕਾਂ ਦੀਆਂ ਆਮ ਤੇ ਸਾਧਾਰਨ ਗੱਲਾਂ ਸੁਣਦਾ ਰਹਿੰਦਾ। ਇਹਨਾਂ ਗੱਲਾਂ 'ਚੋਂ ਲੋਕ ਹਿਤੂ ਤੱਤ ਕੱਢਦਾ ਤੇ ਲੋਕ ਹਿਤੂ ਆਰਥਿਕ ਲਿਖਤਾਂ ਰਾਹੀਂ ਉਹ ਵਿਚਾਰ ਲੋਕ ਹਿਤ ਲਈ ਵੰਡਦਾ ਰਹਿੰਦਾ। ਅਖਬਾਰਾਂ 'ਚ ਪ੍ਰੋ: ਬਾਦਲ ਦੇ ਲੇਖ ਆਉਂਦੇ ਰਹਿੰਦੇ। ਉਸ ਦੇ ਲੇਖਾਂ ਦਾ ਕੋਈ ਕੋਈ ਵਾਕ ਬਹੁਤ ਵੱਡੀਆਂ ਸਚਾਈਆਂ ਦਾ ਦਰਵਾਜ਼ਾ ਖੋਲ੍ਹਦਾ। ਇਕ ਬਾਰ ਚੋਣਾਂ ਤੇ ਲਿਖਦਿਆਂ ਲਿਖਿਆ ਸੀ, 'ਲੋਕ-ਹਿਤੂ-ਤੱਤ-ਨੇਤਾ ਤੇ ਰਾਜਨੀਤਿਕ ਪਾਰਟੀਆਂ-ਆਪਣੇ ਉੱਪਰ ਖਤਰੇ ਸਹੇੜ ਕੇ ਲੋਕ-ਹਿਤ ਲਈ ਜਿਊਂਦੀਆਂ ਹਨ, ਜਦ ਕਿ ਧਾਰਮਿਕ, ਸਰਮਾਏਦਾਰ ਰਾਜਨੀਤਿਕ ਪਾਰਟੀਆਂ ਲੋਕਾਂ ਨੂੰ ਮਰਵਾ ਕੇ, ਮਰਨ ਕਿਨਾਰੇ ਕਰ ਕੇ, ਰਾਜ-ਪਾਟ ਸੰਭਾਲਦੀਆਂ ਹਨ। ਖੂਬੀ ਭਰੀ ਚੁਸਤੀ ਉਹ ਰਾਜਨੀਤਿਕ ਪਾਰਟੀਆਂ ਲੋਕ ਦੁਸ਼ਮਣ ਹੁੰਦੀਆਂ ਭੀ ਉਨ੍ਹਾਂ ਨੂੰ ਆਪਣੇ ਵੈਰ ਦਾ ਪਤਾ ਨਹੀਂ ਲੱਗਣ ਦੇਂਦੀਆਂ ਤੇ ਚੇਤਨਤਾ, ਜਾਗ੍ਰਿਤੀ ਦੇਣ ਵਾਲੀਆਂ ਗੱਲਾਂ ਨੂੰ ਲੋਕ ਜਜ਼ਬਾਤੀ ਜਨੂਨ ਦੇ ਬਦ-ਤਮੀਜ਼ ਉਭਾਰ ਨਾਲ ਹੇਠਾਂ ਡੇਗਣ ਲਈ ਹਰ ਵਾਹ ਵੇਲਾ ਲਾਉਣੀਆਂ ਹਨ।

ਕਾਕੜ ਪ੍ਰੋ: ਬਾਰੇ ਖੋਜਲਦਾ ਖੋਜਲਦਾ ਆਖਿਰ ਪੁਰਾਣੀ ਯਾਦ ਤੇ ਪੁੱਜ ਗਿਆ, ਅੱਛਾ! ਇਹ ਤਾਂ ਉਹ ਹੀ ਪੁਰਾਣਾ ਬਾਬੂ ਹੈ ਜਿਹੜਾ ਰਾਤ ਨੂੰ ਤਬੇਲੇ ਆਇਆ ਹੀ। ਜਿਸ ਨੇ ਪੁੱਛਿਆ ਸੀ ਕਿਉਂ ਸੇਠ ਜੀ ਮੁੰਡਾ ਕੀ ਕਰਦੇ? ਤੇ ਮੇਰੇ ਚਾਚੇ ਵਲੈਤੀ ਨੇ ਆਖਿਆ ਸੀ, 'ਕਰਦੈ ਆਪਣੇ ਮਾਪਿਆਂ ਦਾ ਸਿਰ ਕਿੰਨੀਆਂ ਪੁਰਾਣੀਆਂ ਗੱਲਾਂ ਸਨ। ਕਿੰਨੀ ਨਵੀਂ ਜ਼ਿੰਦਗੀ ਸੀ।

ਕਾਕੜ ਨੇ ਜਦ ਅਗਲੇ ਦਿਨ ਆਏ ਪ੍ਰੋਫੈਸਰ ਨੂੰ ਦੱਸਿਆ 'ਜੀ ਤੁਸੀਂ ਕੀ ਸਾਡੇ ਪਿੰਡ ਗਏ ਸੀ.... ਉਸ ਨੇ ਇਕਦਮ ਆਖ ਦਿੱਤਾ ਆਹੋ ਉੱਥੇ ਮੇਰੀ ਇੱਕ ਠਹਿਰ ਹੁੰਦੀ ਸੀ- ਸੇਟ ਤਬੇਲੇ 'ਚ। ਤੂੰ ਕੌਣ ਐ....?"

ਵੋਹ ਆਸ਼ਿਕ ਪ੍ਰੋ: ਬਾਦਲ ਨੇ ਪੁਰਾਣਾ ਕਿੱਸਾ ਛੇੜ ਲਿਆ, "ਕਿਤੇ ਤੂੰ ਉਹ ਕਾਕੜ ਤਾਂ ਨਹੀਂ.... ਆਹੋ ਦੋਸਤਾ ਤੇਰਾ ਚਾਚਾ ਤੇਰੇ ਜਾਣ ਮਗਰੋਂ ਮੇਰੇ ਕੋਲ ਬਹੁਤ ਬਾਰ ਕਾਲਜ 'ਚ ਆਇਆ ਸੀ। ਅਸੀਂ ਤੇਰੇ ਗੁੰਮ ਹੋ ਜਾਣ ਦੀ ਰੇਡੀਓ ਤੋਂ ਭੀ, ਅਖਬਾਰ 'ਚ ਖਬਰ.... ਪਰ ਤੂੰ ਏਥੇ ਉਹ ਆਪਣੇ ਚਾਚੇ ਨੂੰ ਹੀ ਲੈ ਕੇ..." ਪ੍ਰੋਫੈਸਰ ਇਕਦਮ ਕਾਕੜ ਨੂੰ ਨਾਲ ਲੈ ਕੇ ਆਪਣੇ ਜਮਾਤੀ ਡਾਕਟਰ ਪਾਸ ਪੁੱਜਿਆ ਤੇ ਉਸ ਨੂੰ ਕਹਿ ਸੁਣ ਕੇ ਉਹ ਵਲੈਤੀ ਨੂੰ ਮਿਲਿਆ। ਵਲੈਤੀ ਪ੍ਰੋ: ਨੂੰ ਮਿਲ ਕੇ ਗਦ ਗਦ ਹੋ ਗਿਆ। ਵਲੈਤੀ ਹੈਰਾਨ ਸੀ।

******

# 22.

ਹੁਣ ਘਰ 'ਚ ਰੇਸ਼ਮਾ ਸੀ। ਰੇਸ਼ਮਾ ਦੀ ਬੱਚੀ ਭੰਤੀ ਤੇ ਖਊਂ ਖਊਂ ਕਰਦਾ ਬਚਨਾ। ਸੀਤੋ ਆਪਣੇ ਸਹੁਰੀਂ ਜਾ ਚੁੱਕੀ ਸੀ। ਡੋਲੀ ਚੜ੍ਹਦਿਆਂ ਸੀਤੋ ਨੇ ਆਪਣੀ ਮਾਵਾਂ ਵਰਗੀ ਭਾਬੀ ਨੂੰ ਰੋ ਰੋ ਗਲੇ ਲੱਗ ਲੱਗ ਹਾਲੋਂ ਬੇਹਾਲ ਕਰ ਦਿੱਤਾ ਸੀ। ਪਿੰਡ 'ਚ ਆਮ ਪ੍ਰਸਿੱਧ ਹੋ ਗਿਆ, "ਬਿਕਣੀ ਬਿਕ ਗਈ ਪਰ ਉਸ ਨੇ ਬਚਨੇ ਤੇ ਕਲੰਕ ਲੱਗਨੋਂ ਬਚਾ ਲਿਆ।

ਰੇਸ਼ਮਾ ਦੀ ਜ਼ਿੰਦਗੀ 'ਚ ਇਕ ਅੱਤੜ ਆ ਖੜ੍ਹੀ ਹੋਈ। ਪਹਿਲਾਂ ਤਾਂ ਉਹ ਆਪਣੀ ਨਣਦ ਦੇ ਆਸਰੇ ਖੇਤ ਬੰਨੇ ਚਲੀ ਜਾਇਆ ਕਰਦੀ ਪਰ ਹੁਣ ਇੱਕਲੀ-ਰੇਸ਼ਮਾ ਦਾ ਤਿਗ ਟੁੱਟ ਗਿਆ। ਟੁੱਟੀ ਟੁੱਟੀ ਰੇਸ਼ਮਾ ਦਾ ਫਿਕਰਾਂ ਦੇ ਭਾਰ ਹੇਠ ਕਚੂਮਰ ਜਿਹਾ ਨਿਕਲਦਾ ਜਾ ਰਿਹਾ ਸੀ । ਜਦੋਂ ਰੇਸ਼ਮਾ ਅੱਖ ਚੁੱਕ ਕੇ ਅਗਾਂਹ ਨਿਗਾਹ ਮਾਰਦੀ, ਉਸ ਨੂੰ ਖਾਲੀ ਖਾਲੀ ਦਿਸਦਾ। ਧਰਤੀ ਉਸ ਦੀ ਵਿਕ ਚੁੱਕੀ ਸੀ। ਧੀ ਉਸ ਨੇ ਵਿਕਣੋਂ ਬਚਾ ਲਈ ਸੀ ਪਰ ਘਰ 'ਚ ਕਲੇਸ਼ ਸ਼ੁਰੂ ਹੋ ਗਿਆ। ਬਚਨਾ ਹਲਕੇ ਕੁੱਤੇ ਵਾਂਗ ਰੇਸ਼ਮਾ ਨੂੰ ਭੌਂਕਦਾ ਰਹਿੰਦਾ। ਰੇਸ਼ਮਾ ਦੀ ਜਿੰਦ ਚੱਕੀ ਦੇ ਪੁੜਾਂ 'ਚ ਜਿਵੇਂ ਆ ਗਈ ਹੁੰਦੀ ਐ।

ਗਰੀਬੀ ਦੇ ਦਿਨਾਂ ਦਾ ਜ਼ਹਿਰ, ਬਚਨੇ ਦੀ ਬੀਮਾਰੀ, ਰੇਸ਼ਮਾ ਦਾ ਅੰਗ ਅੰਗ ਜਿਵੇਂ ਨੀਲਾ ਪੈਂਦਾ ਜਾ ਰਿਹਾ ਸੀ। ਇਸ ਔੜ ਸਮੇਂ ਉਸ ਨੂੰ ਆਪਣੇ ਚਲਦੇ ਪੁਰਜ਼ੇ ਭਰਾਵਾਂ ਦੀ ਯਾਦ ਕੌੜੇ ਤੂੰਬੇ ਵਾਂਗ ਆਉਂਦੀ ਤੇ ਇਕ ਹੌਲ ਜਿਹਾ ਉਸ ਦੇ ਅੰਦਰ ਪੈਂਦਾ, ਪੈ ਕੇ ਚੁੱਪ ਕਰ ਜਾਂਦਾ। ਕਾਕੜ ਕੰਜਰ ਨਿਕਲਿਆ ਜਿਸ ਦੇ ਸਹਾਰੇ ਕਦੀ ਰੇਸ਼ਮਾ ਨੇ ਕੁੱਝ ਸੰਦਲੀ ਸਾਹ ਲਿੱਤੇ ਸਨ।

ਦੋਗਲਾ ਕਾਕੜ, ਵੈਰੀ ਭਰਾ, ਬੀਮਾਰ ਬਚਨਾ ਇਕ ਜਿੰਦ ਰੇਸ਼ਮਾ ਦੀ ਦੁਆਲੇ, ਭੂਤ ਵਾਂਗ ਘੇਰਾ ਘੱਤ ਰਹੇ ਸਨ। ਉਹ ਹਰ ਸਮੇਂ ਤਪਦੀ ਰਹਿੰਦੀ, ਤਪਦੀ ਰਹਿੰਦੀ।

ਬਚਨਾ ਚੌਵੀ ਘੰਟੇ ਚਿਰਕਦਾ ਰਹਿੰਦਾ। ਕਿੱਥੇ ਜਾਵੇ? ਕੀ ਕਰੇ? ਇਕ ਕਿੱਲਾ ਜ਼ਮੀਨ ਦਾ ਕੀ ਕੁਝ ਕਰ ਸਕਦਾ ਸੀ। ਸ਼ਾਇਦ ਭਰਾਵਾਂ ਨਾਲ ਜੁੜ ਜਾਂਦੀ ਪਰ....

ਰੇਸ਼ਮਾ ਦੀ ਭਾਬੀ ਦਾ ਸੌਂਕਣਾਂ ਵਰਗਾ ਸਲੂਕ ਰੇਸ਼ਮਾ ਨੂੰ ਜਦ ਯਾਦ ਪੈਂਦਾ, ਉਸ ਅੰਦਰ ਇਕ ਗੋਲਾ ਜਿਹਾ ਉੱਠਦਾ, ਉੱਠ ਕੇ ਵੱਡਾ ਹੁੰਦਾ ਰਹਿੰਦਾ, ਜਿਵੇਂ ਇਹ ਗੋਲਾ ਉਸ ਦੇ ਸਾਹ ਬੰਦ ਕਰ ਦੇਵੇਗਾ।

ਰੇਸ਼ਮਾ ਨੂੰ ਆਪਣੇ ਬਾਪੂ ਮੋਦਨ ਦਾ ਚੇਤਾ ਪੈਂਦਾ। ਕਿੰਨਾ ਗੁਣੀ ਗਿਆਨੀ ਸੀ । ਪੰਚਾਇਤੀ ਬੰਦਿਆਂ 'ਚ ਉਸ ਦੀ ਗਿਣਤੀ ਹੁੰਦੀ ਸੀ। ਤੇ ਫੇਰ ਉਸ ਨੂੰ ਆਪਣਾ ਕੁੱਬਾ ਜਿਹਾ ਭਰਾ ਦਾਨਾ ਯਾਦ ਪਿਆ। ਦਾਨਾ ਦਿਹਾੜੀ ਤੇ ਜਾਂਦਾ ਹੁੰਦਾ ਸੀ। ਦਿਹਾੜੀ ਤੇ ਤਾਂ ਚਿਨਤੂ ਦੀ ਈਸ਼ਰੋ ਭੀ ਜਾਂਦੀ ਹੈ। ਰੇਸ਼ਮਾ ਨੂੰ ਜਿਵੇਂ ਇਕ ਪਿਆਰਾ ਜਿਹਾ ਸਹਾਰਾ ਮਿਲ ਗਿਆ ਹੋਵੇ। ਚਿਨਤੂ ਦੀ ਈਸ਼ਰੋ ਭੀ ਤਾਂ ਕਦੀ ਕਦੀ ਰੇਸ਼ਮਾ ਕੋਲ ਆ ਕੇ ਆਪਣੇ ਬੰਜਰ ਰੰਡੇਪੇ ਦੇ ਦਿਨਾਂ ਦੀ ਗੱਲ ਛੇੜ ਦੇਂਦੀ ਹੁੰਦੀ ਸੀ। ਚਿਨਤੂ ਨਾਲ ਈਸ਼ਰੋ ਦਾ ਵਿਆਹ ਹੋਇਆ ਸੀ। ਈਸ਼ਰੋ ਦਾ ਬਾਪੂ ਅਜੇ ਜਿਊਂਦੈ। ਕਿਵੇਂ ਈਸ਼ਰੋ ਰੋਂਦੀ ਰੋਂਦੀ ਆਪਣੀ ਕਹਾਣੀ ਰੇਸ਼ਮਾ ਨੂੰ ਸੁਣਾਂਦੀ ਹੁੰਦੀ ਸੀ।

ਚੜ੍ਹੀ ਉਮਰ ਦਾ ਚਿਨਤੂ। ਈਸ਼ਰੋ ਦੇ ਬਾਪ ਨੇ, ਅਫ਼ੀਮੀ ਬਾਪ ਨੇ ਆਪਣੀਆਂ ਤਿੰਨੇ ਕੁੜੀਆਂ ਦੇ ਪੈਸੇ ਲਿੱਤੇ ਸਨ। ਚਿਨਤੂ ਜਦ ਈਸ਼ਰੋ ਨੂੰ ਵਿਆਹੁਣ ਗਿਆ ਸੀ, ਤਦ ਪਿੰਡ ਨੇ ਈਸ਼ਰੋ ਦੇ ਬਾਪ ਨੂੰ ਬੜਾ ਬੁਰਾ ਭਲਾ ਆਖਿਆ ਸੀ। ਪਰ ਪਾਣੀ ਜੋ ਪੁੱਲ ਉੱਤੋਂ ਲੰਘ ਚੁੱਕਿਆ ਸੀ। ਤੇ ਫੇਰ ਈਸ਼ਰੋ ਨੂੰ ਲੈ ਦੇ ਕੇ ਸ਼ਾਰੀ ਉਮਰ 'ਚ ਇਕ ਪੁੱਤ ਜੰਮਿਆ ਸੀ। ਈਸ਼ਰੋ ਆਪਣੀ ਕਹਾਣੀ ਕਹਿੰਦੀ ਗਈ! ਇਹ ਕਹਾਣੀ ਜਿਵੇਂ ਰੇਸ਼ਮਾ ਦੇ ਢਿੱਡ ਵਿੱਚ ਬੈਠ ਜਿਹੀ ਗਈ ਹੋਵੇ।

ਚਿਨਤੂ ਮਰ ਗਿਆ। ਬੁੱਢਾ ਚਿਨਤੂ। ਚਿਨਤੂ ਵੱਡੀ ਉਮਰੇ ਈਸ਼ਰੋ ਨੂੰ ਬੜਾ ਜੀ ਜੀ ਕਰਦਾ, ਪਰ ਜੀ ਜੀ ਕਰਨ ਦੇ ਜਿਹੜੇ ਚਾਰ ਦਿਹਾੜੇ ਕੱਟਣੇ ਸਨ ਕੱਟੇ ਤੇ

ਈਸ਼ਰੋ ਮਗਰ ਰੰਡੇਪਾ ਪਾ ਕੇ ਤੁਰਦਾ ਲੱਗਿਆ। ਈਸ਼ਰੋ ਅਸਰਤਾਈ ਦੀਆਂ ਰੋਟੀਆਂ ਮੰਗ ਕੇ ਦਿਨ ਦਿਹਾੜੇ ਕੱਟਦੀ ਰਹੀ।

ਈਸ਼ਰੋ ਦੀ ਮੁਟਿਆਰ ਉਮਰ। ਬਿਪਤਾ ਦੇ ਇਹ ਦਿਨ ਪਿੰਡ ਵਿੱਚ ਅਸਰਤਾਈ ਭੀ ਕਿਹੜੀ ਹੁੰਦੀ ਐ। ਪੰਜ ਦਸ ਰੋਟੀਆਂ ਸਨ, ਬਾਣੀਆਂ, ਨਾਈਆਂ, ਤਰਖਾਣਾਂ ਤੇ ਛੀਂਬਿਆਂ ਦੇ ਘਰਾਂ ਦੀਆਂ, ਜੱਟਾਂ ਦੇ ਘਰਾਂ ਚੋਂ ਰੋਟੀਆਂ ਤਾਂ ਭਾਈ ਜੀ ਲੈ ਜਾਂਦਾ ਹੈ। ਮਿਸਰੂ ਕੇ ਮੁਹੱਲੇ ਦੀਆਂ ਰੋਟੀਆਂ ਬਾਹਰਲੇ ਡੇਰੇ ਵਾਲਾ ਰਿਖੀ ਸਾਧ ਲੈ ਜਾਂਦਾ ਸੀ।

ਇਕ ਵਾਰ ਈਸ਼ਰੋ ਨਾਲ ਬੜੀ ਵੱਡੀ ਘਟਨਾ ਹੋਈ। ਉਹ ਰੋਟੀਆਂ ਲੈਣ ਗਈ ਤਾਂ ਮਿਸਰਾ ਜਿਹੜਾ ਆਪਣੇ ਘਰ ਦੇ ਚੌਂਤਰੇ ਤੇ ਬੈਠਾ ਸੀ ਕਹਿਣ ਲੱਗਾ, "ਤਾਈ ਅੰਦਰ ਆਪ ਹੀ ਛਾਬੇ ਚੋਂ ਰੋਟੀਆਂ ਲੈ ਲੈ। ਵੱਡੇ ਸੰਦੂਕ ਤੇ ਪਿਐ ਛਾਬਾ।" ਤੇ ਫੇਰ ਜਦ ਈਸ਼ਰੋ ਵੱਡੇ ਸੰਦੂਕ ਤੇ ਪਏ ਛਾਬੇ 'ਚੋਂ ਰੋਟੀ ਲੈ ਰਹੀ ਸੀ ਮਿਸਰੇ ਨੇ ਬਾਹਰਲੇ ਦਰਵਾਜ਼ੇ ਦਾ ਕੁੰਡਾ ਮਾਰ ਦਿੱਤਾ ਤੇ ਅਸਰਤਾਈ ਦੀਆਂ ਰੋਟੀਆਂ ਲੈਣ ਆਈ ਈਸ਼ਰੋ ਨੂੰ ਪੈ ਗਿਆ। ਉਹ ਦਿਨ ਸੋ ਉਹ ਦਿਨ ਈਸ਼ਰੋ ਨੇ ਅਸਰਤਾਈ ਦੀਆਂ ਰੋਟੀਆਂ ਛੱਡ ਦਿੱਤੀਆਂ।

ਹੁਣ ਉਹ ਮੰਡੀ ਆਉਂਦੀ। ਨਾਲ ਹੀ ਉਸਦਾ ਛੇਵੀਂ 'ਚ ਪੜ੍ਹਨ ਵਾਲਾ ਮੁੰਡਾ ਆ ਜਾਂਦਾ। ਈਸ਼ਰੋ ਕਾਂਜਲੀਆਂ ਦੇ ਕਪਾਹ ਦੇ ਕਾਰਖਾਨੇ 'ਚ ਪੇਂਜਣੀਆਂ ਤੇ ਦੋ ਰੁਪਏ ਤੇ ਲੱਗ ਗਈ ਤੇ ਮੁੰਡਾ ਉਸਦਾ ਸਕੂਲ ਵਿੱਚ ਪੜ੍ਹਦਾ ਰਹਿੰਦਾ। ਦਿਨ ਬਦਲਦੇ ਬਦਲਦੇ ਕਾਫੀ ਬਦਲ ਚੁੱਕੇ ਸਨ। ਈਸ਼ਰੋ ਨੇ ਆਪਣੇ ਮੁੰਡੇ ਨੂੰ ਦਸਵੀਂ ਪਾਸ ਕਰਾ ਲਿਆ। ਰੰਡੀ ਬਾਹਮਣੀ ਈਸ਼ਰੋ ਦਾ ਪੁੱਤ ਜੇਤਿੰਦਰ ਚੰਗੇ ਨੰਬਰ ਲੈ ਕੇ ਦਸਵੀਂ ਪਾਸ ਕਰ ਗਿਆ। ਜੇਤਿੰਦਰ ਚੰਗੀ ਹੁਸ਼ਿਆਰੀ 'ਚ ਸੀ। ਈਸ਼ਰੋ ਦੀ ਮਜ਼ਦੂਰੀ ਤੇ ਜੇਤਿੰਦਰ ਨੂੰ ਅਕੇਵਾਂ ਤੇ ਹੀਣਤ ਤਾਂ ਜ਼ਰੂਰ ਹੁੰਦੀ ਪਰ ਆਖ਼ਿਰ ਰੁਜ਼ਗਾਰ ਦਾ ਪ੍ਰਸ਼ਨ ਜੋ ਸੀ। ਈਸ਼ਰੋ ਨੂੰ ਹੁਣ ਸੱਤ ਅੱਠ ਸਾਲ ਹੋ ਗਏ ਸਨ ਇਹ ਕੰਮ ਕਰਦਿਆਂ। ਜੇਤਿੰਦਰ ਮੰਡੀ ਦੇ ਸਕੂਲ ਦੀ ਜੇ.ਬੀ.ਟੀ. 'ਚ ਦਾਖਲ ਹੋ ਗਿਆ। ਮਿਹਨਤ ਕਰਨ ਵਾਲਾ ਮੁੰਡਾ ਸੀ। ਜੇ.ਬੀ.ਟੀ. ਕਰ ਲਿੱਤੀ। ਸਾਰੇ ਪੰਜ ਸੌ ਰੁਪਏ ਲੈ ਦੇ ਕੇ ਈਸ਼ਰੋ ਨੇ ਬੁੱਤਾ ਸਾਰ ਲਿਆ। ਈਸ਼ਰੇ ਦੀ ਪੱਤ ਜੇਤਿੰਦਰ ਪੜ੍ਹ ਲਿਖ

ਗਿਆ। ਈਸ਼ਰੋ ਨੂੰ ਚਿਨਤੂ ਭੁੱਲ ਗਿਆ। ਚੰਗੇ ਦਿਨ ਆਉਣ ਦੀ ਆਸ ਨੇ ਈਸ਼ਰੋ ਨੂੰ ਸੌਖਾ ਕਰ ਦਿੱਤਾ, 'ਮੁੰਡਾ ਮਾਸਟਰ ਬਣਜੂਗਾ ਤੇ ਫੇਰ" ਈਸ਼ਰੋ ਗੱਲ ਕਰਦੀ ਕਰਦੀ ਟੁੱਟ ਜਿਹੀ ਜਾਂਦੀ।

ਰੇਸ਼ਮਾ ਦੇ ਦਿਲ 'ਚ ਈਸ਼ਰੋ ਦਾ ਖਿਆਲ ਆਇਆ। ਰੰਡੀ ਈਸ਼ਰੋ ਤੇ ਫੇਰ ਰੇਸ਼ਮਾ ਨੂੰ ਇਉਂ ਲੱਗਿਆ ਜਿਵੇਂ ਉਹ ਵੀ ਸੁਹਾਗ ਵਤੀ ਰੰਡੀ ਹੁੰਦੀ ਹੈ। ਰੇਸ਼ਮਾ ਦਾ ਸੁਹਾਗ, ਬਚਨਾ, ਰੇਸ਼ਮਾ ਦੇ ਰੋਕਦਿਆਂ ਰੋਕਦਿਆਂ ਉਸ ਦੀਆਂ ਅੱਖਾਂ ਚੋਂ ਮੋਟੇ ਅੱਥਰੂ ਤੁਰ ਪਏ। ਸੂਰਜ ਕਾਫੀ ਹੇਠਾਂ ਹੋ ਚੁੱਕਿਆ ਸੀ।

ਰੋਂਦਿਆਂ ਰੋਂਦਿਆਂ ਰੇਸ਼ਮਾ ਦਾ ਅੰਦਰ ਜਦ ਹੌਲਾ ਹੋਇਆ, ਕਾਫੀ ਹਨੇਰਾ ਹੋ ਚੁੱਕਾ ਸੀ। ਉਸਨੇ ਆਪਣੀ ਧੀ ਭੰਤੀ ਨੂੰ ਇਹ ਆਖ ਕੇ "ਹੁਣੇ ਆਉਂਦੀ ਆਂ ਪੁੱਤ, ਚੌਕੇ ਦਾ ਖਿਆਲ ਰੱਖੀਂ" ਬਾਹਰ ਵੱਲ ਪੈਰ ਧਰਿਆ। ਬਚਨੇ ਨੂੰ ਇਉਂ ਲੱਗਿਆ ਜਿਵੇਂ ਰੇਸ਼ਮਾ ਕਿਸੇ ਖੂਹ ਟੋਭੇ ਛਾਲ ਮਾਰ ਕੇ ਮਰਨ ਚੱਲੀ ਐ। ਬਚਨੇ ਨੇ ਆਪਣੇ ਕੰਨ ਚੁੱਕੇ। ਪਿੱਛੋਂ ਹੋਕਰੇ ਮਾਰੇ। ਪਰ ਰੇਸ਼ਮਾ ਬਚਨੇ ਦੇ ਹੋਕਰੇ ਮਾਰਦਿਆਂ ਮਾਰਦਿਆਂ ਕਾਫੀ ਦੂਰ ਜਾ ਚੁੱਕੀ ਸੀ। ਬਚਨਾ ਆਪਣੇ ਦਰਵਾਜ਼ੇ ਨਾਲ ਲੱਗਿਆ ਖਊਂ ਖਊਂ ਕਰਦਾ ਗਲੀ ਦੇ ਹਨੇਰ ਵਿੱਚ ਇਕ ਕਾਲੇ ਪਰਛਾਵੇਂ ਨੂੰ ਹਾਕਾਂ ਮਾਰਦਾ ਰਿਹਾ। ਉਸ ਨੂੰ ਉਸ ਦਾ ਰੇਸ਼ਮਾ ਨਾਲ ਕੀਤਾ ਕਲੇਸ਼ ਚੇਤੇ ਪੈਂਦਾ ਰਿਹਾ। ਪਲ ਛਿਣ ਲਈ ਪਛਤਾਵਾ ਬਚਨੇ ਦੇ ਸਰੀਰ ਵਿੱਚ ਫੈਲਣ ਲੱਗ ਪਿਆ। ਆਖਿਰ ਖਊਂ ਖਊ ਕਰਦਾ ਬਚਨਾ ਉੱਤੇ ਹੀ ਦਰਵਾਜ਼ੇ ਦੀ ਦੇਹਲੀ ਤੇ ਬੈਠ ਕੇ ਖੰਘਣ ਲੱਗ ਪਿਆ। ਉਸ ਨੂੰ ਹੱਥੂ ਆਉਂਦੇ ਰਹੇ।

******

# 23.

ਕਾਰਖਾਨੇ ਦੇ ਵੱਡੇ ਵੱਡੇ ਫਾਟਕਾਂ ਦੀ ਬਦਸੂਰਤ ਕਾਲੀ ਸ਼ਕਲ। ਪਾਰੋ ਨੂੰ ਇਹ ਕਾਰਖਾਨਾ ਆਪਣਾ ਮੰਦਰ ਲਗਦਾ। ਪਾਰੋ ਕਈ ਵਾਰ ਕਾਰਖਾਨੇ ਦੇ ਬਦਸੂਰਤ ਕਾਲੇ ਲੋਹੇ ਦੇ ਕਾਲੇ ਫਾਟਕਾਂ ਨੂੰ ਆਪਣੇ ਹੱਥਾਂ ਨਾਲ ਛੂਹ ਕੇ ਆਪਣੇ ਮੱਥੇ ਨਾਲ ਲਾਉਂਦੀ। ਸ਼ਾਰਧਾ ਆਪਣੀ ਮਾਂ ਦੇ ਇਸ ਰਵਾਇਤੀ ਕਿੱਤੇ ਤੇ ਹਸ ਕੇ ਆਪਣੀ ਮਾਂ ਨੂੰ ਛੇੜਦੀ ਕਹਿੰਦੀ, "ਬੇਬੇ ਤੂੰ ਤਾਂ ਕਮਲੀ ਐਂ ਕਮਲੀ! ਤੂੰ ਤਾਂ ਮੇਰੇ ਬਾਪੂ ਦੇ ਵੀ ਪੈਰੀਂ ਹੱਥ ਲਾਉਂਦੀ ਹੁੰਦੀ ਸੀ ਤੇ ਉਹ ਤੈਨੂੰ ਟੀਟਣੇ ਮਾਰਦਾ ਹੁੰਦਾ ਸੀ...." ਪਾਰੋ ਆਖਦੀ, "ਨਹੀ ਧੀਏ, ਆਪਾਂ ਨੂੰ ਇਸ ਘਰੋਂ ਰਿਜ਼ਕ ਮਿਲਦੈ... "

ਸ਼ਾਰਧਾ ਨੂੰ ਪ੍ਰੋ: ਬਾਦਲ ਦੀ ਆਖੀ ਗੱਲ ਚੇਤੇ ਆ ਗਈ, ਉਸ ਨੇ ਕਿਹਾ ਸੀ, "ਦੀਦੀ ਸ਼ਾਰਦਾ! ਮਜ਼ਦੂਰ ਆਪਣੀ ਮਿਹਨਤ ਦੀ ਮਜ਼ਦੂਰੀ ਨੂੰ ਭੀ ਰੱਬ ਦੀ ਕਿਰਪਾ ਸਮਝਦਾ ਹੈ। ਇੰਝ ਮਿਹਨਤਾਂ ਦੇ ਲੁਟੇਰੇ ਹੱਕਾਂ ਦੀ ਚੋਰੀ ਕਰਦੇ ਕਰਦੇ ਅਮੀਰ ਬਣ ਜਾਂਦੇ ਹਨ ਤੇ ਧਾਰਮਕ ਇਜ਼ਾਰੇਦਾਰੀ ਸਥਿਰ ਰੱਖਦੇ ਹਨ।"

ਪ੍ਰੋ: ਬਾਦਲ ਦਾ ਉਸ ਨੂੰ 'ਦੀਦੀ' ਆਖ ਕੇ ਸੰਬੋਧਨ ਕਰਨਾ ਸ਼ਾਰਧਾ ਨੂੰ ਪਹਿਲੋਂ ਪਹਿਲ ਤਾਂ ਬੜਾ ਭਾਰੀ ਭਾਰੀ, ਓਪਰਾ ਓਪਰਾ, ਖੁਸ਼ਕ ਜਿਹਾ ਲੱਗਿਆ ਸੀ। ਉਸ ਨੂੰ ਇਸ ਤਰ੍ਹਾਂ ਲੱਗਿਆ ਸੀ ਜਿਵੇਂ ਉਹ ਇਕ ਕੁਲੀ ਕੁਲੀ ਕੁੜੀ ਨਾ ਰਹੀ ਹੋਵੇ ਸਗੋਂ ਸਿਆਣੀ ਉਮਰ ਦੀ ਕੋਈ ਬੁੱਢੀ ਤ੍ਰੀਮਤ ਹੋਵੇ।

ਸ਼ਾਰਧਾ ਨੇ ਕਾਰਖਾਨੇ ਦੇ ਬਦਸੂਰਤ ਫਾਟਕਾਂ ਅੰਦਰ ਕਈ ਸੁਹਣੀਆਂ ਸੀਰਤਾਂ ਵਾਲੇ ਮਜ਼ਦੂਰ ਵੇਖੇ ਸਨ। ਇਕ ਨਵੀਂ ਸੀਰਤ, ਇਕ ਨਵੀਂ ਸੂਰਤ ਸ਼ਾਰਧਾ ਨੇ ਵੇਖੀ ਸੀ ਇਕ ਸਾਊ ਜਿਹੀ ਤ੍ਰੀਮਤ ਦੀ ਜੋ ਫੁਲਕਾਰੀ ਦੀ ਸਾਊ ਜਿਹੀ ਬੁੱਕਲ ਮਾਰ ਕੇ ਆਉਂਦੀ, ਚੁੱਪ ਚੁਪੀਤਿਆਂ ਕੰਮ ਕਰਦੀ ਰਹਿੰਦੀ ਤੇ ਆਥਣ ਨੂੰ ਕੱਪੜੇ ਝਾੜ ਕੇ ਫੁਲਕਾਰੀ ਸੰਵਾਰ ਕੇ ਬਾਹਰੋ ਬਾਹਰ ਤੁਰ ਜਾਂਦੀ । ਸ਼ਾਰਧਾ ਉਸ ਵੱਲ ਬੜੇ ਗਹੁ ਨਾਲ ਤੱਕਦੀ। ਇਸ

ਤੱਕਣੀ ਵਿੱਚ ਇਕ ਸਾਊ ਜਿਹੀ ਸਿਫਤ ਹੁੰਦੀ ਤੇ ਸ਼ਾਰਧਾ ਨੂੰ ਲੱਗਦਾ ਜਿਵੇਂ ਉਹ ਤ੍ਰਿਪਤ ਜਿਹੀ ਹੋ ਗਈ ਹੁੰਦੀ ਹੈ।

ਸਮੇਂ ਨੇ, ਸੰਘਰਸ਼ ਨੇ ਸ਼ਾਰਧਾ ਦੇ ਸੁਪਨੇ ਬਦਲ ਦਿੱਤੇ। ਉਸ ਦੀ ਸੋਚ ਬਦਲ ਦਿੱਤੀ। ਇੱਥੋਂ ਤੱਕ ਕਿ ਸ਼ਾਰਧਾ ਦੀ ਯਾਦ ਵੀ ਬਦਲ ਰਹੀ ਸੀ। ਉਹ ਸ਼ਾਰਧਾ ਜਿਹੜੀ ਉੱਠਦੇ ਮੁੰਡਿਆਂ ਨੂੰ ਟੀਸ ਟੀਸ ਕਰਕੇ ਸੁਆਦ ਲਿਆ ਕਰਦੀ ਸੀ ਹੁਣ ਕਿਸੇ ਨੂੰ ਪੜ੍ਹ ਕੇ ਵੀ ਤ੍ਰਿਪਤ ਨਾ ਹੁੰਦੀ। ਕਿਸੇ ਨੂੰ ਜਾਣਕੇ, ਕਿਸੇ ਨੂੰ ਸਮਝ ਕੇ, ਕਿਸੇ ਨੂੰ ਆਪਣੇ ਅੰਦਰ ਅੰਦਰ ਬਿਠਾ ਕੇ ਆਪ ਉਸ ਦੇ ਅੰਦਰ ਵੜ ਕੇ ਬੈਠ ਜਾਂਦੀ।

ਕਈ ਦਿਨਾਂ ਤੋਂ ਸ਼ਾਰਧਾ ਨੇ ਉਸ ਸਾਊ ਜਿਹੀ ਤ੍ਰੀਮਤ ਨੂੰ ਇਨੇ ਤਿਉ ਨਾਲ ਦੇਖਣਾ ਸ਼ੁਰੂ ਕੀਤਾ ਸੀ ਜਿਵੇਂ ਉਸ ਨੂੰ ਸ਼ਹਿਦ ਵਰਗੀ ਮਿੱਠੀ ਅਪਣੱਤ ਦੇ ਰਹੀ ਹੁੰਦੀ ਹੈ। ਉਸ ਨੂੰ ਮੁੜ ਮੁੜ ਪ੍ਰੋ: ਬਾਦਲ ਦਾ ਕਥਨ ਯਾਦ ਆਉਂਦਾ, "ਦੀਦੀ ਸ਼ਾਰਧਾ! ਨਿੱਘੀ ਯਾਦ, ਨਿੱਘੀਆਂ ਗੱਲਾਂ, ਨਿੱਘੇ ਇਸ਼ਾਰੇ, ਨਿੱਘੇ ਦਿਨ, ਨਿੱਘੇ ਦਿਲਾਸੇ ਸਭ ਝੂਠ ਨੇ। ਸਚਾਈ ਕੁਝ ਹੋਰ ਹੈ। ਸਚਾਈ ਨੂੰ ਨਾਅਰੇਬਾਜ਼ੀ ਵਿੱਚ ਉਲਝਾ ਕੇ ਪੇਸ਼ ਕਰਨਾ ਇਕ ਨੈਤਿਕ ਵਤੀਰਾ ਹੈ ਜਿਹੜਾ ਸਰਮਾਏਦਾਰੀ ਕਠਪੁਤਲੀ ਦਾ ਨਾਚ ਹੈ। ਸਾਮੰਤਵਾਦੀ ਨੈਤਿਕਤਾ ਹੈ ਸਾਡੀ ਜ਼ਿੰਦਗੀ ਕੌੜੀ ਐ, ਫਿੱਕੀ ਹੈ। ਹਾਂ! ਜ਼ਿੰਦਗੀ ਦਾ ਇਹ ਫਿੱਕਾ ਜਦੋਂ ਨਾਗਫਣ ਬਣ ਕੇ ਸਿਰ ਚੁੱਕਦਾ ਹੈ ਤਦ ਨਾਗਮਣੀ ਦਾ ਚਾਨਣ ਚਮਕਦਾ ਹੈ। ਇਨਕਲਾਬ ਆਉਂਦਾ ਹੈ। ਨਿੱਘੀਆਂ ਜਿੰਦੜੀਆਂ ਦਾ ਜਨਮ ਹੁੰਦਾ ਹੈ।"

ਪਰ ਅੱਜ, ਸ਼ਾਰਧਾ ਇਸ ਚੇਤੇ ਆਈ ਗੱਲ ਨੂੰ ਗਲਵੱਕੜੀ ਨਾ ਪਾ ਸਕੀ। ਅੱਜ ਉਸਨੇ ਵੇਖਿਆ ਕਿ ਉਸ ਸਾਊ ਜਿਹੀ ਤ੍ਰੀਮਤ ਨਾਲ ਸੱਤ ਅੱਠ ਵਰ੍ਹਿਆਂ ਦੀ ਇਕ ਬੱਚੀ ਵੀ ਹੈ। ਉਸ ਬੱਚੀ ਦੀਆਂ ਅੱਖਾਂ ਤੋਂ ਸ਼ਾਰਧਾ ਨੂੰ ਰੂਸੀ ਕਲਾਕਾਰ ਚਰਖਾਸਾਫ ਦਾ ਭਾਰਤੀ ਅੱਖਾਂ ਬਾਰੇ ਜ਼ਿਕਰ ਚੇਤੇ ਪਿਆ, "ਭਾਰਤ 'ਚ ਸਭ ਤੋਂ ਵੱਧ ਹਲੂਣਾ ਦੇਣ ਵਾਲੀ ਗੱਲ ਭਾਰਤੀ ਇਸਤਰੀਆਂ ਦੀਆਂ ਅੱਖਾਂ ਹਨ।"

ਅੱਜ ਉਹ ਉਸ ਬਾਲਕੀ ਨਾਲ ਖੇਲਦੀ ਰਹੀ। ਖੇਲਦੀ ਰਹੀ। ਛੁੱਟੀ ਦਾ ਸਮਾਂ ਖਤਮ ਹੋ ਗਿਆ ਉਸ ਸਾਊ ਜਿਹੀ ਤ੍ਰੀਮਤ ਨੇ ਅੱਗੇ ਵਾਂਗ ਫੁਲਕਾਰੀ ਦਾ ਝੁੰਬ ਜਿਹਾ ਮਾਰਿਆ ਤੇ ਗਠੜੀ ਜਿਹੀ ਬਣ ਪਿੰਡ ਦੇ ਰਾਹ ਤੁਰ ਪਈ।

ਗੁਲਾਬੀ ਠੰਢ ਦੀ ਨਿੱਕੀ ਨਿੱਕੀ ਤਲਖੀ! ਹਵਾ ਦੀ ਠੰਢਕ ਦੀ ਛੋਟੀ ਛੋਟੀ ਛੇੜ ! ਬੱਚੀ ਦਾ ਆਪਣੀ ਮਾਂ ਨਾਲ ਤੁਰਿਆ ਜਾਣਾ ਸ਼ਾਰਧਾ ਨੂੰ ਬੇਹੱਦ ਪਿਆਰਾ ਲੱਗਦਾ ਰਿਹਾ। ਸ਼ਾਰਧਾ ਉਸ ਵੱਲ ਵੇਖਦੀ ਰਹੀ, ਵੇਖਦੀ ਰਹੀ। ਖੜ੍ਹੀ ਰਹੀ, ਖੜ੍ਹੀ ਰਹੀ, ਅੱਜ ਉਸ ਨੇ ਰਾਹ ਦੀ ਉਡਦੀ ਧੂੜ ਵਿੱਚ ਛੁਪੇ ਰਾਹੀ ਦੀ ਕਲਪਨਾ ਦਾ ਸੁਆਦ ਲਿਆ। ਰਾਹਾਂ ਦੀ ਧੂੜ 'ਚ ਛੁਪੇ ਰਾਹੀ ਉਸ ਨੂੰ ਨਜ਼ਰ ਆ ਰਹੇ ਸਨ ਤੇ ਉਨ੍ਹਾਂ ਰਾਹੀਆਂ ਦੇ ਪੈਰਾਂ ਵਿੱਚ ਮੰਜ਼ਲਾਂ ਵੀ ਉਸ ਦੀ ਕਲਪਨਾ ਨੂੰ ਨਸ਼ਿਆ ਰਹੀਆਂ ਸਨ....

ਸ਼ਾਰਧਾ ਨੂੰ ਸਾਹਿਤ ਨੇ ਕਿੰਨਾ ਕੁਝ ਦਿੱਤਾ ਸੀ। ਸਾਹਿਤ ਤੋਂ ਕਿੰਨਾ ਕੁਝ ਸਿੱਖਿਆ ਸੀ। ਸਾਹਿਤ ਤੇ ਸਭਿਆਚਾਰ ਦੀ ਉਸਾਰੀ 'ਚ ਸਰਮਾਏਦਾਰੀ ਸ਼ੈਤਾਨੀਅਤ ਦਾ ਹੱਥ ਕਿਵੇਂ ਚੱਲਦਾ ਰਿਹਾ ਇਹ ਕਹਾਣੀਆਂ ਸਾਫ਼ ਹੁੰਦੀਆਂ ਗਈਆਂ। ਪ੍ਰੋਫੈਸਰ ਬਾਦਲ ਸੁਝਾਅ ਦੇਂਦਾ ਰਹਿੰਦਾ। ਸ਼ਾਰਧਾ ਦੇ ਬਦਲਦੇ ਦਿਮਾਗ ਨੇ ਆਪਣੇ ਆਲੇ ਦੁਆਲੇ ਦੇ ਪ੍ਰਭਾਵ ਨੂੰ ਬਦਲ ਲਿਆ ਸੀ। ਨਿਡਰਤਾ ਉਸਦੇ ਨੈਣਾਂ 'ਚ ਪ੍ਰਵੇਸ਼ ਕਰ ਗਈ। ਸ਼ਹਿਰ ਦੇ ਬਹੁਤੇ ਬੰਦੇ ਇਹ ਜਾਣਦੇ ਸਨ ਕਿ ਸ਼ਾਰਧਾ ਮਜ਼ਦੂਰ ਤ੍ਰੀਮਤਾਂ ਦੀ ਨੇਤਾ ਹੈ।

ਪ੍ਰੋ: ਬਾਦਲ ਤੇ ਸ਼ਾਰਧਾ ਦੀ ਗੱਲ ਚਾਰ ਦਿਨ ਵੀ ਹਵਾ ਨੂੰ ਗੰਧਲਾ ਨਾ ਰੱਖ ਸਕੀ। ਸ਼ਾਰਧਾ ਦਾ ਗੁਆਂਢੀ ਇਹ ਕੌਣ ਹੈ? ਇਉਂ ਕਿਉਂ ਹੋ ਗਿਆ? ਇਹ ਕੀ ਸੀ? ਕੀ ਕਹੇਗਾ? ਸਭ ਸੁਆਲ ਜਿਵੇਂ ਖਤਮ ਹੋ ਗਏ।

ਤੇ ਫੇਰ ਸਾਊ ਤ੍ਰੀਮਤ ਦੀ ਤਸਵੀਰ ਸ਼ਾਰਧਾ ਦੀਆਂ ਅੱਖਾਂ ਵਿੱਚ ਆ ਵਸੀ। ਤਸਵੀਰ ਦੇ ਰੰਗ, ਤਸਵੀਰ ਦੇ ਨੈਣ ਨਕਸ਼, ਉਨ੍ਹਾਂ ਨੈਣ ਨਕਸ਼ਾਂ ਦੀ ਕਹਾਣੀ, ਕਹਾਣੀ ਦੇ ਹੁੰਗਾਰੇ...ਸ਼ਾਰਧਾ ਨੇ ਇਸ ਸੋਚ 'ਚੋਂ ਬੜਾ ਸੁਆਦ ਲਿਆ। ਹੁਣ ਤੱਕ ਕੁਝ ਗੱਲਾਂ ਤਾਂ ਸਾਫ਼ ਹੋ ਗਈਆਂ ਸਨ। ਉਹ ਵਿਆਹੀ ਹੋਈ ਹੈ। ਉਸ ਦੀ ਇਕ ਬੱਚੀ ਹੈ। ਉਸ ਦਾ ਘਰ

ਵਾਲਾ ਕਮਾਊ ਨਹੀਂ। ਉਸ ਨੂੰ ਸਲੱਗਿਆ ਜਿਵੇਂ ਉਸ ਸਾਊ ਜਿਹੀ ਤ੍ਰੀਮਤ ਦਾ ਘਰਵਾਲਾ ਸ਼ਰਾਬੀ ਹੋਵੇ। ਹੋ ਸਕਦਾ ਹੈ ਬੀਮਾਰ ਹੀ ਹੋਵੇ।

ਤੇ ਫੇਰ ਸ਼ਾਰਧਾ ਨੂੰ ਈਸ਼ਰੋ ਦਾ ਚੇਤਾ ਆਇਆ। ਉਹ ਵੀ ਤਾਂ ਕਈ ਦਿਨਾਂ ਤੋਂ ਨਹੀਂ ਸੀ ਆਈ। 'ਕਿਉਂ? ਕਿਉਂ ਕੀ ਗੱਲ ਹੈ? ਈਸ਼ਰੋ ਕਿਉਂ ਨਹੀਂ ਆਈ? ਕੱਲ੍ਹ ਉਸ ਨੂੰ ਜ਼ਰੂਰ ਪਿੰਡ ਮਿਲਣ ਜਾਵਾਂਗੀ' ਇਹ ਸੋਚਦੀ ਸ਼ਾਰਧਾ ਲੱਤਾਂ ਨਿਸਾਲ ਕੇ ਸੌਂ ਗਈ।

ਪੱਕੇ ਨਿਸ਼ਚੇ ਨੀਂਦ ਲਈ ਕਰਾਮਾਤੀ ਗੁਰ ਹੁੰਦੇ ਹਨ' ਸ਼ਾਰਧਾ ਨੇ ਅਗਲੀ ਸਵੇਰ ਇਕ ਪੁਸਤਕ 'ਚੋਂ ਪੜ੍ਹੇ ਵਾਕ ਦੀ ਪੁਸ਼ਟੀ ਗੂੜ੍ਹੀ ਨੀਂਦ ਦੀ ਗੋਦ 'ਚ ਜਾ ਕੇ ਕੀਤੀ।

ਸ਼ਾਰਧਾ ਨੇ ਅਗਲੀ ਸਵੇਰ ਬਿਸਤਰੇ 'ਚੋਂ ਉਠਦਿਆਂ ਹੀ ਆਪਣੀ ਮਾਂ ਪਾਰੋ ਨੂੰ ਕਿਹਾ ਕਿ ਉਹ ਈਸ਼ਰੋ ਨੂੰ ਮਿਲਣ ਉਸਦੇ ਪਿੰਡ ਜਾਏਗੀ ਕਿਉਂਜੋ ਈਸ਼ਰੋ ਕਈ ਦਿਨਾਂ ਤੋਂ ਕਾਰਖਾਨੇ ਨਹੀਂ ਆਈ।

ਸ਼ਾਰਧਾ ਈਸ਼ਰੋ ਨਾਲ ਕਈ ਵਾਰ ਉਸ ਦੇ ਪਿੰਡ ਹੋ ਆਈ ਸੀ। ਉਸ ਲਈ ਈਸ਼ਰੋ ਦੇ ਪਿੰਡ ਦਾ ਪਹਿਆ ਤੇ ਪਹੇ ਦੇ ਦੋਨੋਂ ਪਾਸੀਂ ਖੜ੍ਹੇ ਦਰਖਤ ਓਪਰੇ ਨਹੀਂ ਸਨ। ਈਸ਼ਰੋ ਦਾ ਪਿੰਡ ਵੀ ਤਾਂ ਸ਼ਹਿਰ ਤੋਂ ਕੇਵਲ ਚਾਰ ਕੁ ਕਿਲੋਮੀਟਰ ਸੀ।

******

# 24.

ਜੇਤਿੰਦਰ ਨੂੰ ਜੇ.ਬੀ.ਟੀ. ਪਾਸ ਕੀਤਿਆਂ ਕਿੰਨੇ ਹੀ ਮਹੀਨੇ ਹੋ ਗਏ ਸਨ। ਉਹ ਮੋਮੀ ਕਾਗਜ਼ ਦੇ ਲਿਫ਼ਾਫੇ 'ਚ ਆਪਣਾ ਦਸਵੀਂ ਦਾ ਤੇ ਜੇ.ਬੀ.ਟੀ. ਦਾ ਸਰਟੀਫਿਕੇਟ ਪਾਉਂਦਾ ਤੇ ਨੌਕਰੀ ਦੀ ਭਾਲ 'ਚ ਭਟਕਦਾ ਰਹਿੰਦਾ। ਕਿੰਨਾ ਸੋਹਣਾ ਕਰੈਕਟਰ ਸਰਟੀਫਿਕੇਟ ਸੀ ਉਸ ਪਾਸ। ਕਈ ਡੀਵੇਟਾਂ 'ਚ ਉਸ ਨੇ ਪ੍ਰਥਮ ਪੁਰਸਕਾਰ ਜਿੱਤੇ ਸਨ। ਉਹਨਾਂ ਦੇ ਸਰਟੀਫਿਕੇਟ ਉਹ ਹੁੱਭ ਹੁੱਭ ਦਿਖਾਉਂਦਾ ਪਰ ਜਦੋਂ ਉਸ ਨੂੰ ਪੋਚਵੇਂ ਜਵਾਬ ਮਿਲਦੇ ਤਾਂ ਉਹ ਨਿਰਾਸ਼ ਹੋ ਲੜਖੜਾਂਦੀ ਚਾਲ ਨਾਲ ਘਰ ਵਾਪਸ ਆਉਂਦਾ। ਰੰਡੀ ਈਸ਼ਰੋ ਪੁੱਛਦੀ, "ਕਿਉਂ ਪੁੱਤ ਕਿਤੇ...." ਜੇਤਿੰਦਰ ਜਦੋਂ ਸਿਰ ਹਿਲਾ ਕੇ ਨਾਂਹ ਕਹਿੰਦਾ ਈਸ਼ਰੋ ਨੂੰ ਲੱਗਦਾ, ਜਿਵੇਂ ਗੋਲੀ ਉਸ ਦੀ ਹਿੱਕ ਵਿੱਚ ਦੀ ਨਿਕਲ ਗਈ ਹੋਵੇ। ਜੇਤਿੰਦਰ ਜ਼ਿਲ੍ਹੇ ਦੇ ਰੋਜ਼ਗਾਰ ਅਫ਼ਸਰ ਪਾਸ ਜਾਂਦਾ ਰਿਹਾ, ਸਿੱਖਦਾ ਰਿਹਾ। ਕਈ ਜੇ.ਬੀ.ਟੀ. ਕੁੜੀਆਂ ਨੂੰ ਉਹ ਅਧਿਕਾਰੀ ਇੰਟਰਵਿਊ ਕਾਰਡ ਦੇਂਦਾ। ਤੇ ਉਹ ਜੇ.ਬੀ.ਟੀ. ਕੁੜੀਆਂ ਤੋਂ ਕੁਝ ਮੰਗਦਾ। ਜੇਤਿੰਦਰ ਨੂੰ ਹੁਣ ਇਸ ਬੇਰੁਜ਼ਗਾਰ ਲੀਲ੍ਹਾ ਦੀ ਪੂਰੀ ਪੂਰੀ ਸੂਹ ਆ ਗਈ ਸੀ।

ਜੇਤਿੰਦਰ ਦੀ ਮਾਂ ਈਸ਼ਰੋ ਨੇ ਹਰ ਵਾਰ ਸੁੱਖਾਂ ਸੁਖਣੀਆਂ, ਸ਼ਿਵਾਂ ਦੁਆਲੇ ਸ਼ਿਵਾਂ ਤੇ ਪਾਣੀ ਚਾੜ੍ਹਨਾ, ਪੰਜ ਮੱਸਿਆ ਨਹਾਉਣ ਦੀ ਸੁੱਖ ਸੁੱਖਣੀ ਪਰ ਜੇਤਿੰਦਰ ਨੂੰ ਨੌਕਰੀ ਨਾ ਮਿਲਦੀ।

ਈਸ਼ਰੋ ਨੂੰ ਆਪਣੀ ਮੁਰਝਾਈ ਜ਼ਿੰਦਗੀ ਦੀ ਬਹਾਰ ਵੀ ਬੰਜਰ ਬਣਦੀ ਨਜ਼ਰ ਆ ਰਹੀ ਸੀ। ਜੇਤਿੰਦਰ ਦੀ ਅੱਜ ਇੰਟਰਵਿਊ ਸੀ। ਰੁਜ਼ਗਾਰ ਦਫ਼ਤਰ 'ਚੋਂ ਉਸ ਦਾ ਇੰਟਰਵਿਊ ਕਾਰਡ ਆ ਗਿਆ ਸੀ। ਪਹਿਲਾਂ ਤਾਂ ਕਾਰਡ ਹੀ ਨਹੀਂ ਸੀ ਕਦੀ ਜਲਦੀ ਆਉਂਦਾ। ਪਰ ਉਸ ਦਿਨ ਜਿਸ ਦਿਨ ਜੇਤਿੰਦਰ ਨੇ ਜ਼ਿਲ੍ਹਾ ਰੁਜ਼ਗਾਰ ਅਧਿਕਾਰੀ ਦੇ ਦਫ਼ਤਰ ਅੱਗੇ ਆਪਣੇ ਦਸ ਵੀਹ ਬੇ-ਰੁਜ਼ਗਾਰ ਅਧਿਆਪਕਾਂ ਨੂੰ ਇੱਕਠਿਆਂ ਕਰਕੇ

ਨਾਅਰੇ, ਲਾਏ ਸਨ । 'ਇਹ ਕਾਰਖਾਨਾ ਬੰਦ ਕਰੋ। ਸਭ ਦਾ ਹੱਕ ਸਭ ਨੂੰ ਦਿਉ....' ਉਸ ਦਿਨ ਤੋਂ ਇਸ ਝੂਟੇ ਨਾਲ ਛੋਟੀਆਂ ਛੋਟੀਆਂ ਮੁੱਛਾਂ ਵਾਲਾ ਮੁਸ਼ਕਿਆ ਮੁਸ਼ਕਿਆ, ਫੁਕਰਾ ਫੁਕਰਾ ਜ਼ਿਲ੍ਹਾ ਰੁਜ਼ਗਾਰ ਅਫ਼ਸਰ ਮਿਸਟਰ ਆਸੀ ਵੀ ਜਰਕਿਆ ਹੋਇਆ ਸੀ। ਮਿਸਟਰ ਆਸੀ ਤੇ ਜ਼ਿਲ੍ਹਾ ਵਿਦਿਅਕ ਅਫ਼ਸਰ ਪਹਿਲਾਂ ਤਾਂ ਮਿਲ ਕੇ ਕੰਜਰਖਾਨਾ ਕਰਦੇ ਰਹੇ ਵਿਚਾਰੀਆਂ ਬੇਰੁਜ਼ਗਾਰ ਕੁੜੀਆਂ ਦੀਆਂ ਮਜਬੂਰੀਆਂ ਨਾਲ ਖੇਡਦੇ ਰਹੇ ਤੇ ਜਦ ਝੂਟਾ ਮਿਲਿਆ ਤੇ ਫੇਰ ਉਨ੍ਹਾਂ ਵਿਚਕਾਰ ਆਉਟਾ ਪੈ ਗਿਆ। ਮਜਬੂਰ ਕੁੜੀਆਂ ਦੀਆਂ ਇੱਜ਼ਤਾਂ ਦੇ ਲੁਟੇਰੇ ਆਸੀ ਤੇ ਜ਼ਿਲ੍ਹਾ ਵਿੱਦਿਆ ਅਫ਼ਸਰ ਇਕ ਦੂਜੇ ਨਾਲੋਂ ਟੁੱਟ ਗਏ। ਤੂੰ ਤੂੰ ਮੈਂ ਮੈਂ ਹੋਣ ਮਗਰੋਂ ਉਹ ਇਕ ਦੂਜੇ ਤੋਂ ਵੱਖ ਹੋ ਕੇ ਇਕ ਦੂਜੇ ਦਾ ਗੰਦ ਉਗਲਣ ਲੱਗ ਪਏ।

ਮੰਡੀ ਦੇ ਸਟੇਸ਼ਨ ਤੋਂ ਉੱਤਰ ਕੇ ਜੇਤਿੰਦਰ ਆਪਣੇ ਪਿੰਡ ਦੇ ਪਹੇ ਤੇ ਤੁਰਿਆ ਜਾ ਰਿਹਾ ਸੀ। ਪਿੰਡ 'ਚੋਂ ਲਾਊਡ ਸਪੀਕਰ ਦੀ ਆਵਾਜ਼ ਉਸ ਦੇ ਕੰਨੀਂ ਪਈ। ਕੋਈ ਬੜੇ ਜੋਸ਼ ਖ਼ਰੋਸ਼ ਨਾਲ ਬੋਲ ਰਿਹਾ ਸੀ। ਜੇਤਿੰਦਰ ਨੂੰ ਅੱਜ ਜਿਵੇਂ ਕੁਝ ਸੁਝਦਾ ਹੁੰਦਾ। ਜਿਵੇਂ ਉਸ ਨੂੰ ਇੰਟਰਵਿਊ ਸਮੇਂ ਕਿਹਾ ਸ਼ਬਦ ਹੀ ਮੁੜ ਮੁੜ ਉੱਚੀ ਉੱਚੀ ਸੁਣ ਰਿਹਾ ਹੁੰਦਾ ਹੈ। ਤੇ ਫੇਰ ਜੇਤਿੰਦਰ ਪ੍ਰਧਾਨ ਨਾਲ ਕਿੰਨੀ ਦੇਰ ਬਹਿਸ ਕਰਦਾ ਰਿਹਾ ਸੀ। ਪੱਖ, ਸਰੀਂਹਣ ਪੱਖ, ਅਨਿਆਂ ਤੇ ਇਸ ਤੋਂ ਬਾਅਦ ਜਦੋਂ ਜੋਤਿੰਦਰ ਆਪਣੇ ਵਿੱਤ ਤੋਂ ਵੱਧ ਗਰਮ ਹੋ ਕੇ ਝਗੜ ਪਿਆ ਸੀ। ਪ੍ਰਧਾਨ ਦੇ ਇਸ਼ਾਰੇ ਤੇ ਉਸ ਨੂੰ ਚਪੜਾਸੀਆਂ ਨੇ ਧੱਕੇ ਦੇ ਕੇ ਸਕੂਲ ਦੇ ਵੱਡੇ ਫਾਟਕ 'ਚੋਂ ਬਾਹਰ ਕੱਢ ਦਿੱਤਾ ਸੀ। ਪ੍ਰਧਾਨ ਦੇ ਆਖੇ ਸ਼ਬਦ ਜੇਤਿੰਦਰ ਸਿੰਘ ਨੀ.... ਉਸਦੀ ਆਪਣੀ ਹੋਈ ਬੇਇੱਜ਼ਤੀ ਦੀ ਜਿਵੇਂ ਕਿਸੇ ਨੂੰ ਪਰਵਾਹ ਹੀ ਨਹੀਂ ਹੁੰਦੀ। ਲਾਊਡ ਸਪੀਕਰ ਦੀ ਉੱਚੀ ਆਵਾਜ਼। ਖੇਡਾਂ ਦਾ ਸਮਾਗਮ ਮਨਾਇਆ ਜਾ ਰਿਹਾ ਹੈ। ਕਿੱਥੇ ਜੇਤਿੰਦਰ.... ਜੇਤਿੰਦਰ ਬਜ਼ਾਰ ਵਿੱਚ ਖੜ੍ਹਾ ਬੁੜ ਬੁੜ ਕਰਦਾ ਰਿਹਾ। ਚਲੋ ਤਦ ਛੱਡੋ ਜੀ ਤੇ ਫੇਰ ਜੇਤਿੰਦਰ ਨੂੰ ਯਾਦ ਪਈ ਉਹ ਚਾਰ ਸਾਲ ਪੁਰਾਣੀ ਕਹਾਣੀ ਜਦ ਮੱਘਰ ਸਿੰਘ ਨੂੰ ਗਾਂਧੀ ਆਰੀਆ ਜੇ.ਬੀ.ਟੀ. ਸਕੂਲ ਵਾਲਿਆਂ ਰਿਜੈਕਟ ਕਰ ਦਿੱਤਾ ਸੀ। ਜੇਤਿੰਦਰ ਇਨ੍ਹਾਂ ਕਾਲੀਆਂ ਮਿਰਚਾਂ ਨੂੰ ਚੱਬਦਾ ਆਪਣੇ ਪਿੰਡ ਝੱਬਰੀਂ ਆ ਰਿਹਾ ਸੀ।

ਜੇਤਿੰਦਰ ਨੂੰ ਫੇਰ ਆਪਣੀ ਮਾਂ, ਰੰਡੀ ਮਾਂ ਚੇਤੇ ਪਈ। ਚੁੱਲ੍ਹੇ ਅੱਗੇ ਬੈਠੀ ਉਸ ਦੀ ਮਾਂ ਉਸ ਦੀ ਉਡੀਕ ਕਰ ਰਹੀ ਹੋਵੇਗੀ। ਉਡੀਕ ਦੀਵਾ ਉਸਦੇ ਘਰ ਚਾਨਣ ਕਰ ਰਿਹਾ ਹੋਵੇਗਾ।

ਜੇਤਿੰਦਰ ਨੂੰ ਆਪਣੀ ਮਾਂ ਦਾ ਬੜਾ ਪਿਆਰ ਸੀ। ਇਹ ਭੀ ਬਿਪਤਾ ਮਾਰਿਆ ਜੀਵ ਤੇ ਫੇਰ ਅਸਰਤਾਈ ਦੀਆਂ ਰੋਟੀਆਂ ਲੈਣ ਗਈ ਈਸ਼ਰੋ ਦੀ ਹੱਤਕ ਦਾ ਕਿੱਸਾ ਜੇਤਿੰਦਰ ਦੇ ਕੰਨ ਜਦ ਪੁੱਜਿਆ ਸੀ ਤਾਂ ਉਸ ਦਾ ਜੀ ਕੀਤਾ ਸੀ ਉਹ ਕਿਸੇ ਕੰਧ ਨਾਲ ਸਿਰ ਮਾਰ ਕੇ ਮਰ ਜਾਵੇ। ਪਰ ਹੁਣ ਉਸ ਨੂੰ ਇਉਂ ਲੱਗ ਰਿਹਾ ਸੀ ਜਿਵੇਂ ਉਸ ਦੇ ਹਰ ਕਦਮ ਅੱਗੇ ਇਕ ਕੰਧ ਹੈ ਤੇ ਕਿੰਨੀਆਂ ਕੰਧਾਂ ਇਕ ਇੱਕਲਾ ਸਿਰ....

ਡੂੰਘੀਆਂ ਸੋਚਾਂ 'ਚ ਡੁੱਬਿਆ ਜੇਤਿੰਦਰ ਪਿੰਡ ਪੁੱਜਿਆ। ਪਿੰਡ ਦੀ ਸੱਥ ਵਿੱਚ ਗੈਸਾਂ ਦੇ ਚਾਂਦੀ ਰੰਗੇ ਚਾਨਣ ਵਿੱਚ ਹੱਥ ਜੋੜ ਕੇ ਹਰ ਆਦਮੀ ਦੇ ਅੱਗੇ ਨਿਮਰਤਾ ਨਾਲ ਝੁਕ ਰਿਹਾ ਮੰਤਰੀ ਆਪਣੇ ਗਲੇ ਵਿੱਚ ਹਾਰ ਪਵਾ ਰਿਹਾ ਸੀ। ਜੇਤਿੰਦਰ ਭੀ ਇਕ ਕੰਧ ਨਾਲ ਢਾਸਣਾ ਲਾ ਕੇ ਖੜ੍ਹਾ ਹੋ ਗਿਆ।

ਧਰਮੂ ਦਾ ਕੋਕਲੀ ਬੋਲਣ ਲੱਗਿਆ, ਜੈਕਾਰਿਆਂ ਦੀ ਗੂੰਜ ਵਿੱਚ ਕੋਕਲੀ ਨੇ ਇਹ ਅੱਖਰ ਆਖੇ, "ਧਨਿਵਾਦ ਨੇ ਬਈ ਸਾਡੇ ਲਾਕੇ ਦਾ ਇਕ ਹਣ ਵਜ਼ੀਰ ਹੋ ਗਿਆ। ਹੁਣ ਆਪਣੇ ਪੜ੍ਹੇ ਲਿਖੇ ਪੜ੍ਹ/ਵਿਹਲੇ ਨੀ ਰੈਣਗੇ' ਤੇ ਫੇਰ ਇਕ ਹਾਰ ਵਿੱਦਿਆ ਮੰਤਰੀ ਦੇ ਗਲ ਪਾਉਂਦਿਆਂ ਆਖਿਆ, "ਇਹ ਮੰਜੂ ਕੀ ਪੱਤੀ ਦਾ ਕੋਤਰ ਸੈ ਰੁਪਿਆ ਦਾ ਹਾਰ ਹੈ ਜੀ। ਬੋਲੇ, ਸੋ ਨਿਹਾਲ।'

ਜੇਤਿੰਦਰ ਨੂੰ ਇਉਂ ਲੱਗਿਆ ਕੋਕਲੀ ਜਿਵੇਂ ਉਸ ਦੀ ਰੰਡੀ ਮਾਂ ਤੋਂ ਵੀ ਇਕ ਰੁਪਿਆ ਫੰਡ ਲਿਆਇਆ ਹੋਵੇ ਤੇ ਇਹ ਸੌ ਤੋਂ ਉੱਪਰ ਇਕ ਸੌ ਇਕਵਾਂ ਰੁਪਿਆ ਉਸਦੀ ਮਾਂ ਦਾ ਹੋਵੇ। ਉਸ ਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਉਨ੍ਹਾਂ ਦੀ ਪੱਤੀ ਦਾ ਇਕੋਤਰ ਸੌ ਦਾ ਹਾਰ ਉਸ ਬੇਰੁਜ਼ਗਾਰ ਦੇ ਜਜ਼ਬਾਤਾਂ ਨੂੰ ਇਕੋਤਰ ਸੌ ਬਾਰ ਕਤਲ ਕਰਕੇ ਕਤਲ ਕੀਤੇ ਇਹਸਾਸਾਂ ਦਾ ਹਾਰ ਹੁੰਦੈ।

ਵਿੱਦਿਆ ਮੰਤਰੀ ਆਪਣੀਆਂ ਫੜ੍ਹਾਂ ਮਾਰ ਮਾਰ ਕੇ ਚਲਦਾ ਬਣਿਆ। ਜੇਤਿੰਦਰ ਜਦ ਘਰ ਉਪੜਿਆ, ਉਸਦੀ ਮਾਂ ਭੀ ਘਰੇ ਨਹੀਂ ਸੀ। ਉਹ ਗੁਆਂਢੀਆਂ ਦੇ ਕੋਠੇ ਤੋਂ ਜਲਸਾ ਜਸ਼ਨ ਵੇਖ ਰਹੀ ਸੀ। ਤੇ ਅੱਖ ਉਸ ਦੀ ਜੇਤਿੰਦਰ ਤੇ ਸੀ। ਝੱਟ ਉੱਤਰ ਆਈ। ਆਉਣ ਸਾਰ ਉਸ ਪੁਛਿਆ, "ਕਿਉਂ ਪੁੱਤ ਬਣਿਆ ਕੰਮ?"

ਜੇਤਿੰਦਰ ਨੇ ਪੂਰੇ ਹੌਸਲੇ ਤੇ ਹਲਕੇ ਮਨ ਨਾਲ ਆਖਿਆ, 'ਆਹੋ ਬੇਬੇ ਆਖਿਰ ਤੇਰਾ ਸ਼ਿਵਾਂ ਤੇ ਪਾਣੀ ਪਾਉਣਾ ਕੰਮ ਦੇ ਹੀ ਗਿਆ।"

ਅਗਲੀ ਸਵੇਰ ਈਸ਼ਰੋ ਨੇ ਧਨੂੰ ਬਾਣੀਏ ਤੋਂ ਸਵਾ ਰੁਪਿਆ ਉਧਾਰ ਫੜਿਆ ਤੇ ਉਨ੍ਹਾਂ ਦੇ ਲੱਡੂ ਮੰਗਵਾ ਕੇ ਸ਼ਿਵਦੁਆਲੇ ਵੰਡੇ। ਈਸ਼ਰੋ ਦਾ ਪੱਬ ਧਰਤੀ ਤੇ ਨਹੀਂ ਸੀ ਲਗਦਾ। ਅੱਜ ਉਸ ਨੂੰ ਇਉਂ ਲੱਗਿਆ ਜਿਵੇਂ ਉਹ ਮੁੜ ਸੁਹਾਗਣ ਹੋਈ ਹੁੰਦੀ ਹੈ। ਰੰਡੀ ਈਸ਼ਰੋ ਦਾ ਪੁੱਤ ਜੇਤਿੰਦਰ, ਆਪਣੀ ਮਾਂ ਦੇ ਚਾਵਾਂ ਦੇ ਪਿੱਛੇ ਖੜ੍ਹੇ ਕਾਲੇ ਝੂਠ ਨੂੰ ਜਦੋਂ ਟੋਂਹਦਾ ਤਾਂ ਉਸਦਾ ਜੀਅ ਕਰਦਾ ਇਹ ਝੂਠ ਜੇ ਕਿਤੇ ਸਫੈਦ ਸੱਚ ਬਣ ਜਾਏ। ਪਰ ਜ਼ਿੰਦਗੀ ਦਾ ਯਥਾਰਥ ਇੰਜ ਸੋਚਿਆਂ ਥੋੜ੍ਹੇ ਬਦਲ ਸਕਦਾ ਹੈ। ਤੇ ਫੇਰ ਜੇਤਿੰਦਰ ਦੇ ਮਨ 'ਚ ਆਇਆ ਉਹ ਆਪਣੀ ਮਾਂ ਨੂੰ ਦੱਸ ਦੇਵੇ, 'ਬੇਬੇ ਤੇਰੀ ਪੱਥਰ ਦੀ ਸ਼ਿਵਾਂ ਦੀ ਮੂਰਤੀ ਕਿਹੜਾ ਐਪਲਾਇਮੈਂਟ ਐਕਸਚੇਂਜ ਹੈ । ਕਾਹਨੂੰ ਪਾਣੀ ਚੜ੍ਹਾ ਚੜ੍ਹਾ ਸਰਚਦੀ ਐ। ਨੌਕਰੀਆਂ ਦਾ ਇਲਾਜ ਕਰਨ ਵਾਲਾ ਸ਼ਿਵ ਜੀ ਤਾਂ ਕੱਲ੍ਹ ਆਪਣੀ ਸੱਥ ਦੇ ਥੜ੍ਹੇ ਤੇ ਤੇਰੇ ਹੱਥੋਂ ਹਾਰ ਪਵਾ ਕੇ ਲੋਕਾਂ ਦਾ ਬੁੱਧੂ ਬਣਾ ਕੇ, ਲੋਕਾਂ ਨੂੰ ਲਾਰੇ ਲਾ ਕੇ, ਲੋਕਾਂ ਤੋਂ ਜੈਕਾਰਾ ਲਵਾ ਕੇ ਚਲਦਾ ਹੋਇਆ" ਤੇ ਫੇਰ ਜੇਤਿੰਦਰ ਨੂੰ ਇਨ੍ਹਾਂ ਮੰਤਰੀਆਂ ਦੇ ਏਜੰਟ ਕੋਕਲੀ ਵਰਗੇ ਛਿੱਕਲ ਕੌਡੇ ਚੇਤੇ ਪਏ। "ਇਹ ਏਜੰਟ ਚੀੜ੍ਹੇ ਨੇ ਬੇਹੱਦ ਚੀੜ੍ਹੇ। ਉਹ ਸੋਚਦਾ ਰਿਹਾ...." ਇਹ ਸੱਥਾਂ ਵਿੱਚ ਖੁੰਡਾਂ ਤੇ ਬੈਠ ਕੇ ਭੰਡੀ ਪ੍ਰਚਾਰ ਕਰਦੇ ਨੇ। ਕੌਣ? ਕਿਸ ਦਾ? ਕੀ ਆਰਥਕ ਪ੍ਰੋਗਰਾਮ?" ਬਸ ਜੇਤਿੰਦਰ ਨੂੰ ਜਿਵੇਂ ਸਣੇ ਕਪੜੀਂ ਅੱਗ ਲਗ ਗਈ ਹੋਵੇ। 'ਅੱਛਾ ਬੇਬੇ ਮੈਂ ਕੱਲ੍ਹ ਨੂੰ ਆਪਣੀ ਨੌਕਰੀ ਤੇ ਜਾ ਰਿਹਾ ਹਾਂ" ਈਸ਼ਰੋ ਨੇ ਆਪਣੇ ਨੌਕਰੀ ਤੇ ਤੁਰਦੇ ਪੁੱਤ ਨੂੰ ਮਿੱਠੇ ਪਰਾਉਂਠੇ ਪਕਾ ਕੇ ਦਿੱਤੇ। ਪਾਣੀ ਦੀ ਗੜਵੀ ਲੈ ਕੇ ਆਪਣੇ ਘਰ 'ਚ ਟੁੱਟੇ ਦਰਵਾਜ਼ੇ ਦੇ ਕੋਲਿਆਂ ਤੇ ਪਾਣੀ ਪਾਇਆ। ਨੌਕਰੀ ਜਾਂਦੇ ਪੁੱਤ ਦੇ ਸੌ ਸ਼ਗਨ

ਮਨਾਏ। ਜੇਤਿੰਦਰ ਆਪਣੀ ਮਾਂ ਨੂੰ ਵੇਖਦਾ ਘਰੋਂ ਤੁਰ ਆਇਆ। ਪਿੰਡ ਤੋਂ ਮੰਡੀ ਤੱਕ ਸੋਚਦਾ ਰਿਹਾ, ਆਖਿਰ ਉਹ ਜਾਵੇਗਾ ਕਿੱਥੇ?

ਪਹੇ ਦੀ ਸਾਫ਼ ਹਵਾ 'ਚ ਜ਼ਿੰਦਗੀ ਦੇ ਸਾਫ਼-ਸਾਫ਼ ਦ੍ਰਿਸ਼ ਉਸ ਨੂੰ ਦਿਸਣ ਲਗ ਪਏ ਹੋਣ। ਇਨ੍ਹਾਂ ਦਿਸ ਰਹੇ ਬੀਤੇ ਦ੍ਰਿਸ਼ਾਂ 'ਚ ਉਸ ਨੂੰ ਉਹ ਦ੍ਰਿਸ਼ ਭੀ ਚੇਤੇ ਪਿਆ ਜਦੋਂ ਉਸ ਦੀ ਮਾਂ ਜਜਮਾਨਾਂ ਦੇ ਘਰਾਂ 'ਚੋਂ ਰੋਟੀਆਂ ਲੈਣ ਲਈ ਗਈ ਸੀ ਤੇ ਫੇਰ ਮਿਸਰੇ ਨੇ....

ਮਿਸਰਾ ਕੱਲ੍ਹ ਸੱਥ 'ਚ ਖੜ੍ਹਾ ਚੌੜਾ ਹੋ ਕੇ ਮੰਤਰੀ ਨਾਲ ਗੱਲਾਂ ਕਰ ਰਿਹਾ ਸੀ। ਹੁਣ ਤਾਂ ਹਿੱਕ ਥਾਪੜ ਕੇ ਆਖਦਾ ਫਿਰਦੈ, 'ਚਲੋ ਜੇ ਕੋਈ ਵਜ਼ੀਰ ਤੀਂ ਕੰਮ ਐ ਹੁਣ ਤਾਂ ਸਾਡੀ..... ਅਸੀਂ ਇਸ ਦੀ ਵੋਟਾਂ 'ਚ.... ਕਈ ਪਿੰਡ ਤੋੜੇ, ਪੰਚਾਇਤਾਂ ਲੈ ਲੈ ਕੇ ਗਏ.... ਅਸੀਂ ਤੇ ਆਪਣੇ ਸਾਕਾਂ ਦੀਆਂ ਦੇਹਲੀਆਂ ਨੀਵੀਆਂ ਕਰ ਤੀਆਂ। ਬਈ ਬੜੇ ਮਾੜੇ, ਬੱਸ ਲੰਬਰਾਂ ਦਾ ਸਾਡੇ ਪਾਸੇ ਹੋਣਾ ਸੀ ਪਿੰਡ ਹੀ ਫਿਰ ਗਿਆ ਫੇਰ ਤਾਂ....

ਜੇਤਿੰਦਰ ਨੂੰ ਮਿਸਰੇ ਦੀ ਜੱਥੇਦਾਰੀ ਸੱਪ ਵਾਂਗ ਡੰਗ ਰਹੀ ਸੀ। ਮਿਸਰੇ ਨੇ ਹੀ ਉਸ ਵਿਧਵਾ ਮਾਂ ਨੂੰ ਹੱਥ ਪਾਇਆ ਸੀ।

ਜੇਤਿੰਦਰ.... ਸੋਚਦਾ ਸੋਚਦਾ ਹੁਣ ਆਪਣੇ ਤੋਂ ਹਟ ਕੇ ਤੀਹ ਹਜ਼ਾਰ ਬੇਰੁਜ਼ਗਾਰ ਜੇ.ਬੀ.ਟੀਆਂ,- ਬਾਰੇ ਸੋਚਣ ਲੱਗ ਪਿਆ। ਤੀਹ ਹਜ਼ਾਰ। ਬੇਰੁਜ਼ਗਾਰੀ ਦੀ ਪੰਡ ਜਿਵੇਂ ਬਹੁਤ ਭਾਰੀ ਹੋਵੇ ਤੇ ਉਹ ਇਕਦਮ ਉਸ ਨੂੰ ਸੁੱਟ ਕੇ ਪਹੇ ਤੇ ਬੈਠ ਗਿਆ। ਫੇਰ ਉਸ ਨੂੰ ਜਵੰਧਿਆਂ ਦੀ ਘੁੱਕਣੋਂ ਯਾਦ ਪਈ। ਘੁੱਕਣੋਂ ਨੇ ਹਮ ਕੇ ਸਤਿੰਦਰ ਨੂੰ ਵੇਖਿਆ ਸੀ। ਘੁੱਕਣੋਂ! ਘੁੱਕਣੋਂ ਤੋਂ ਗੱਲ ਤੁਰਦੀ ਤੁਰਦੀ ਖ਼ਿਆਲਾਂ ਖ਼ਿਆਲਾਂ ਵਿੱਚ ਹੀ ਘੁੱਕਣੋਂ ਦੀ ਚਾਚੀ ਰੇਸ਼ਮਾ ਤੇ ਪੁੱਜ ਗਈ।

ਕਹਿੰਦੇ ਨੇ ਘੁੱਕਣੋਂ ਦੀ ਚਾਚੀ ਰੇਸ਼ਮਾ ਦਾ ਇੱਕ ਮਿੱਤਰ ਸੀ, ਕਾਕੜ। ਜੇਤਿੰਦਰ ਨੇ ਆਪਣੀ ਮਾਂ ਤੋਂ ਪੁੱਛਿਆ ਵੀ ਸੀ, 'ਕਿਉਂ ਬੇਬੇ ਘੁੱਕਣੋਂ ਦੀ ਚਾਚੀ ਦੀ ਕੀ ਗੱਲ ਐ?"

ਜੇਤਿੰਦਰ ਨੂੰ ਫੇਰ ਰੇਸ਼ਮਾਂ ਦੀ ਸਾਰੀ ਕਹਾਣੀ ਜੋ ਉਸਦੀ ਮਾਂ ਨੇ ਸੁਣਾਈ ਸੀ, ਚੇਤੇ ਪਈ।....

ਵੇ ਪੁੱਤ! ਉਹਦਾ ਕੀ ਕਹਿਣੈ। ਉਹ ਤਾਂ ਸ਼ੇਰਨੀ ਐ। ਉਹਨੇ ਤਾਂ ਸਾਰੇ ਪਿੰਡ ਦੀ ਰੱਖ ਕੇ ਦਿਖਾ ਤੀ, ਉਹ ਔਤ ਨਿਪੁੱਤਿਆਂ ਭਰਾਵਾਂ ਨੇ ਏਹਨੂੰ ਬੇਚਿਆ ਸੀ। ਪਰ ਇਹਨੇ ਮਾਂ ਦੀ ਧੀ ਨੇ ਆਪਣੀ ਨਣਦ ਸੀਤੋ ਨੂੰ ਭੁੰਨਣ ਨਹੀਂ ਦਿੱਤਾ। ਆ ਦੇਖ ਲੈ ਤੇਰੇ ਸਾਹਮਣੇ ਕਿਵੇਂ ਬਚਨੇ ਦੇ ਅੱਗੇ ਪਿੱਛੇ ਰਹਿੰਦੀ ਹੈ। ਸਿਦਕ, ਹੋਰ ਕੀ ਐ ਹੁਣ ਬਚਨੇ 'ਚ? ਬਚਨਾ, ਜਦੋਂ ਪੀ ਕੇ, ਫ਼ੀਮ ਦਾ ਕੰਡਾ ਖਾ ਕੇ ਇਹਨੂੰ ਬਿਪਤਾ ਮਾਰੀ ਨੂੰ ਖਾਂਦਾ ਹੁੰਦਾ ਸੀ, ਭੁੱਲਗੇ ਕੰਜਰ ਨੂੰ ਉਹ ਦਿਨ। ਇਹ ਜੱਟ ਤਾਂ, ਪੁੱਤ! ਊਠ ਹੁੰਦੇ ਨੇ ਉ।

ਇੱਥੇ ਆ ਕੇ ਜੇਤਿੰਦਰ ਨੂੰ ਇਉਂ ਲੱਗਿਆ ਸੀ ਜਿਵੇਂ ਇਕ ਮਸਤੀ ਉੱਠਦੀਆਂ ਨੇਸਾਂ ਨਾਲ ਉਸ ਦੀ ਮਾਂ ਦੇ ਪਿੰਡੇ ਤੇ ਭੀ ਜ਼ਖ਼ਮ ਹੁੰਦਾ ਹੈ। ਬੱਸ ਆਹੋ ਬੇਬੇ ਉਹ ਬਹੁਤ ਬਹਾਦਰ ਤ੍ਰੀਮਤ ਹੈ। ਜੇਤਿੰਦਰ ਨੂੰ ਜਿਵੇਂ ਘੁੱਕਣੋਂ ਭੁੱਲ ਗਈ ਹੁੰਦੀ ਐ। ਤੇ ਨਾਲੇ ਆਪਣੀ ਨੌਕਰੀ, ਸਿਰਫ ਬਹਾਦਰ ਰੇਸ਼ਮਾ ਚੇਤੇ ਰਹੀ ਹੁੰਦੀ ਐ....

ਇਕ ਖੜਾਕ! ਇਕ ਹੋਰ ਖੜਾਕ ! ! ਜੇਤਿੰਦਰ ਨੇ ਪਿੱਛੇ ਮੁੜ ਕੇ ਵੇਖਿਆ ਦੋ ਤ੍ਰੀਮਤਾਂ ਕਾਹਲੀ ਕਾਹਲੀ ਤੁਰਦੀਆਂ ਆ ਰਹੀਆਂ ਸਨ। ਉਹਨ੍ਹਾਂ ਦੇ ਕਾਹਲ ਨਾਲ ਤੁਰਨ ਤੇ ਪਹੇ ਦੀ ਇਕ ਸਾਊ ਜਿਹੀ ਨਿੱਕੀ ਨਿੱਕੀ ਧੂੜ ਉੱਪਰ ਨੂੰ ਉੱਠ ਰਹੀ ਸੀ। ਜੇਤਿੰਦਰ ਅੰਦਰ ਭੀ ਤਾਂ ਅਜਿਹੀ ਇਕ ਧੂੜ ਸੀ। ਇਹ ਧੂੜ ਵਾਵਰੋਲਾ ਬਣ ਜਾਂਦੀ ਸੀ। ਉਹ ਬੁੜ੍ਹਕ ਉੱਠਦਾ। ਖਾਲਸਾ ਸਕੂਲ ਦੇ ਪ੍ਰਧਾਨ ਨਾਲ, ਜ਼ਿਲ੍ਹਾ ਰੁਜ਼ਗਾਰ ਅਫ਼ਸਰ ਆਸੀ ਨਾਲ, ਜੱਥੇਦਾਰ ਕੋਕਲੀ ਨਾਲ, ਸੱਥ ਵਿੱਚ ਬੈਠੀ ਮੁੰਡੀਰ ਨਾਲ ਭੀ ਤਾਂ ਉਸ ਦੇ ਅੰਦਰਲਾ ਵਾਵਰੋਲਾ ਬਾਹਰ ਆਉਂਦਾ, ਵਾਵਰੋਲਾ ਇਕ ਬੇਕਾਬੂ ਜਜ਼ਬਾ ਹੈ। ਵਿਉਂਤ ਇਕ ਇਨਕਲਾਬੀ ਸੂਝ...." ਇਹ ਸ਼ਬਦ ਉਸ ਦੇ ਅਧਿਆਪਕ ਦੇ ਮੂੰਹੋਂ ਕਿਰਦੇ, ਜੇਤਿੰਦਰ ਨੂੰ ਯਾਦ ਆਏ। ਉਹ ਪਿਆਰਾ ਅਧਿਆਪਕ ਸੀ ਉਹ ਜਿਸ ਨੂੰ ਐਸ.ਡੀ. ਸਕੂਲ ਵਾਲਿਆਂ

ਸਕੂਲ ਚੋਂ ਬਾਹਰ ਕੱਢ ਮਾਰਿਆ ਸੀ ਕਸੂਰ ਉਸ ਦਾ ਇਹ ਸੀ ਕਿ ਉਹ ਪ੍ਰਧਾਨ ਨੂੰ ਸਿਰ ਨੀਵਾਂ ਕਰਕੇ ਸਲਾਮ ਨਹੀਂ ਸੀ ਕਰਦਾ।

ਆਖਿਰ ਨੂੰ ਸੰਘਰਸ਼ ਤੇ ਸੂਝ ਦੀਆਂ ਇਨ੍ਹਾਂ ਗੱਲਾਂ 'ਚੋਂ ਕੁਝ ਮਿਲਦਾ ਮਿਲਦਾ ਜਿਵੇਂ ਰਹਿ ਜਾਂਦਾ ਹੋਵੇ।

ਆਖਿਰ ਦੋਵੇਂ ਤ੍ਰੀਮਤਾਂ ਜੇਤਿੰਦਰ ਪਾਸ ਆ ਗਈਆਂ। ਚਾਚੀ ਮੱਥਾ ਟੇਕਦਾਂ।" ਰੇਸ਼ਮਾ ਨੇ ਜੇਤਿੰਦਰ ਨੂੰ ਅਸ਼ੀਰਵਾਦ ਦਿੱਤੀ, "ਸਾਊ ਤੂੰ ਏਨੀ ਸਵੇਰ?

'ਚਾਚੀ ਸਕੂਲ ਚਲਿਆਂ।"

"ਅੱਛਾ ਭਾਈ ਅਸੀਂ ਭੀ ਆਪਣੇ ਸਕੂਲ ਚੱਲੀਆਂ।' ਇਹ ਆਖ ਕੇ ਰੇਸ਼ਮਾ ਇਕ ਸੁੰਦਰ ਹਾਸੀ ਹੱਸ ਪਈ ਤੇ ਉਹ ਚੱਕਮੇ ਪੈਰੀਂ ਤੁਰਦੀਆਂ ਤ੍ਰੀਮਤਾਂ ਜੇਤਿੰਦਰ ਨੂੰ ਪਿੱਛੇ ਛੱਡ ਗਈਆਂ।

ਜੇਤਿੰਦਰ ਨੇ ਵੇਖਿਆ, ਵੇਖਦਾ ਰਿਹਾ। ਇਹ ਤ੍ਰੀਮਤਾਂ, ਇਨ੍ਹਾਂ ਦੀ ਤੋਰ, ਇਹਨਾਂ ਦੀ ਹਾਸੀ, ਇਹਨਾਂ ਦਾ ਸਕੂਲ। ਤੇ ਫੇਰ ਜੇਤਿੰਦਰ ਨੂੰ ਦੂਜੀ ਤ੍ਰੀਮਤ ਦੀਆਂ ਅੱਖਾਂ ਦਾ ਚੇਤਾ ਪਿਆ। ਕਿੰਨੀਆਂ ਬੇਡੋਲ ਜਿਵੇਂ ਉਨ੍ਹਾਂ ਵਿੱਚ ਅੱਥਰੂਆਂ ਦਾ ਪਾਣੀ ਹੀ ਨਹੀਂ ਹੁੰਦਾ ਤੇ ਫੇਰ ਉਸ ਨੂੰ ਆਪਣੀ ਮਾਂ ਦੀਆਂ ਅੱਖਾਂ ਚੇਤੇ ਪਈਆਂ ਜਿਹੜੀਆਂ ਨਿੱਕੀ ਨਿੱਕੀ ਗੱਲ ਤੇ ਫਿਸ ਪੈਂਦੀਆਂ ਸਨ। ਨਹੀਂ। ਉਹ ਕੁੜੀ ਜ਼ਿੰਦਗੀ ਵਿੱਚ ਸ਼ਾਇਦ ਕਦੀ ਰੋਈ ਹੀ ਨਾ ਹੋਵੇ। ਪਰ ਕੌਣ ਸੀ? ਆਹ.... ਕਿੰਨਾ ਚੰਗਾ ਹੁੰਦਾ ਜੇ ਘੁੱਕਣੋਂ ਆਪਣੀ ਚਾਚੀ ਨਾਲ ਹੁੰਦੀ ਘੁੱਕਣੋਂ, ਜੇਤਿੰਦਰ ਨੂੰ ਜਿਵੇਂ ਪਹੇ ਦੀ ਹਵਾ 'ਚੋਂ ਘੁੱਕਣੋਂ ਦੇ ਹਾਸਿਆਂ ਦੀ ਮਹਿਕ ਮਿਲ ਰਹੀ ਹੋਵੇ। ਸਾਈਕਲਾਂ ਤੇ ਦੁੱਧ ਦੇ ਢੋਲ ਧਰੀ ਦੋਧੀਆਂ ਨੇ ਟੱਲੀਆਂ ਵਜਾ ਕੇ ਜੇਤਿੰਦਰ ਨੂੰ ਸੁੱਤੇ ਨੂੰ ਉਖੇੜਿਆ। ਉਸਦੀ ਸੁਤਾ ਉੱਖੜੀ। ਉੱਖੜੀ ਸੁਤਾ ਸੋਚਦੀ ਰਹੀ, ਉਹ ਦੂਜੀ ਕੁੜੀ, ਚਾਚੀ ਰੇਸ਼ਮਾ ਨਾਲ ਕੌਣ ਸੀ?

ਚਾਚੀ ਰੇਸ਼ਮਾ ਬਾਰੇ ਆਪਣੀ ਮਾਂ ਤੋਂ ਸੁਣੀ ਕਹਾਣੀ ਨੂੰ ਜੇਤਿੰਦਰ ਨੇ ਅਗਾਂਹ ਤੋਰਿਆ। ਚਾਚੀ ਰੇਸ਼ਮਾ ਦੇ ਭਰਾਵਾਂ ਦਾ ਕੰਮ ਬਹੁਤ ਚੜ੍ਹਿਆ ਹੈ। ਉਨ੍ਹਾਂ ਚੋਂ ਇਕ ਸਰਪੰਚ ਬਣ ਗਿਆ....

ਜੇਤਿੰਦਰ ਨੂੰ ਕੋਕਲੀ, ਮਿਸਰਾ, ਵਿਦਿਆ ਮੰਤਰੀ, ਜੱਥੇਦਾਰ ਚੇਤੇ ਪਏ....ਲੋਕਾਂ ਨੂੰ ਬੁਧੂ ਬਣਾ ਕੇ-ਜੇਤਿੰਦਰ ਜਿਵੇਂ ਕੁੜ ਕੁੜੂਆਂ ਵਾਲੀ ਦਾਲ ਨਾਲ ਰੋਟੀ ਖਾ ਰਿਹਾ ਹੋਵੇ। ਏਨੇ ਨੂੰ ਮੰਡੀ ਆ ਗਈ। ਜੇਤਿੰਦਰ ਨੂੰ ਆਪਣੀ ਮਾਂ ਨੂੰ ਆਖੇ ਸ਼ਬਦ ਯਾਦ ਆਏ, 'ਮਾਂ ਮੈਨੂੰ ਨੌਕਰੀ ਮਿਲ ਗਈ।' ਤੇ ਫੇਰ ਉਸ ਨੂੰ ਮਾਂ ਦੇ ਮਿੱਠੇ ਪਰਾਂਠੇ....

ਧੁੱਪ ਉਤਾਂਹ ਹੋ ਚੁੱਕੀ ਸੀ। ਜੇਤਿੰਦਰ ਦੀ ਸੋਚ ਨੂੰ ਭੀ ਗਰਮੀ ਮਿਲੀ। ਕੁਝ ਸਮੇਂ ਮਗਰੋਂ ਜੇਤਿੰਦਰ ਆਰੀਆ ਸਕੂਲ ਦੇ ਪ੍ਰਿੰਸੀਪਲ ਦੇ ਦਫ਼ਤਰ 'ਚ ਬੈਠਾ ਸੀ।

ਵੇਖ ਲਓ ਬਈ, ਹਮ ਤੋ ਆਪ ਕੋ ਬਹੁਤ ਪਿਆਰ ਕਰਤੇ ਹੈਂ। ਚਾਹਤੇ ਹੈਂ। ਆਪ ਤੋਂ ਹਮਾਰੀ ਸੰਸਥਾ ਕੇ ਬਹੁਤ ਅੱਛੇ ਵਿਦਿਆਰਥੀ ਥੇ। ਪਰ ਸੁਣਾ ਹੈ ਆਜ ਕੱਲ੍ਹ ਆਪਕੋ.... ਜੇਤਿੰਦਰ ਨੂੰ ਅਧੂਰੀ ਗੱਲ ਆਖਦਾ ਪ੍ਰਿੰਸੀਪਲ ਜਿਵੇਂ ਪੂਰਾ ਅਰਥ ਸਮਝਾ ਗਿਆ ਹੋਵੇ। ਜੇਤਿੰਦਰ ਦੇ ਅੰਦਰਲਾ ਵਾਵਬੋਲਾ ਜਜ਼ਬਾਤੀ ਹੋਣਾ ਹੀ ਚਾਹੁੰਦਾ ਸੀ, "ਭਾਰਤ ਦਾ ਵਿਧਾਨ ਜਦ ਖਿਆਲਾਂ ਨੂੰ ਪ੍ਰਗਟਾਉਣ ਦੀ ਖੁੱਲ੍ਹ ਦਿੰਦਾ ਹੈ...., ਪਰ ਕਾਨੂੰਨ ਬਨਣ ਨਾਲ ਤਾਂ ਸਭ ਕੁਝ ਨਹੀਂ ਸਿੱਧ ਹੋ ਜਾਂਦਾ.....

ਜੇਤਿੰਦਰ ਨੂੰ ਕਾਨੂੰਨ ਦੀ ਖੁੱਲ੍ਹ ਜ਼ਿੰਦਗੀ ਦੀ ਖੁੱਲ੍ਹ ਨਾ ਲੱਗੀ। "ਅੱਛਾ ਜੋ ਕੁਝ ਮੈਂ ਤੁਮਾਰੇ ਵਾਸਤੇ ਕਰੂੰਗਾ ਤੁਮਾਰੇ ਪਰਮਾਰਥ ਕੇ ਵਾਸਤੇ ਹੀ ਕਰੂੰਗਾ.... ਤੇ ਫਿਰ ਜਾਕਰ ਵੋਹ ਗੰਗਾ ਰਾਮ ਮਾਸਟਰ ਜੀ ਸੇ ਦੂਸਰੀ ਜਮਾਤ ਸੰਭਾਲ ਲੋ

ਦੂਜੀ ਜਮਾਤ ਦਾ ਨਵਾਂ ਮਾਸਟਰ, ਜੋਤਿੰਦਰ। ਇਕ ਨਿੱਖਰੇ ਜੇ ਕੋਟ ਵਾਲੇ ਮੁੰਡੇ ਨੇ ਆਵਾਜ਼ ਚੁੱਕੀ 'ਨਵਾਂ ਮਾਸਟਰ, ਆਖ ਕੇ ਫੁਰਰ ਫੁਰਰ ਕਰਨ ਲੱਗੇ। ਜੇਤਿੰਦਰ ਨੇ ਕੁਰਸੀ ਤੇ ਬੈਠਦਿਆਂ ਹੀ ਅੱਜ ਇਉਂ ਮਹਿਸੂਸ ਕੀਤਾ ਜਿਵੇਂ ਉਹ ਰੰਡੀ ਈਸ਼ਰੋ ਦਾ ਪੁੱਤ

ਨਹੀਂ ਹੁੰਦਾ ਸਗੋਂ ਇਕ ਰਿਆਸਤ ਦਾ ਰਾਜਾ ਹੁੰਦਾ ਹੈ। ਉਹ ਛੋਟੀ ਜਿਹੀ ਰਿਆਸਤ ਮਾਨੀਟਰ ਜਿਸਦਾ ਵਜ਼ੀਰ ਹੈ।

******

# 25.

ਦੋ ਢਾਈ ਮਹੀਨਿਆਂ ਮਗਰੋਂ ਜੇਤਿੰਦਰ ਨੇ ਆਪਣੀਆਂ ਉਂਗਲਾਂ ਭੰਨ ਕੇ ਹਿਸਾਬ ਲਾਇਆ, ਪੰਜ ਸੌ ਬਣਦਾ ਹੈ। ਚਲੋ ਛੱਜੂ ਨੰਬਰਦਾਰ ਦਾ ਤਿੰਨ ਸੌ, ਸੌ ਬਿਸ਼ਨੇ ਲਾਲੇ ਦਾ ਤੇ ਸੌ ਨਿੱਕੜ ਸੁੱਕੜ ਦਾ ਉਤਰ ਜਾਵੇਗਾ। ਆਖਿਰ ਇਕ ਦਿਨ ਪ੍ਰਿੰਸੀਪਲ ਨੇ ਜੇਤਿੰਦਰ ਨੂੰ ਚੌਥੇ ਮਹੀਨੇ ਦੇ ਆਰੰਭ 'ਚ ਆਪਣੇ ਦਫ਼ਤਰ 'ਚ ਸੱਦ ਕੇ ਬੜੇ ਪਿਆਰ ਨਾਲ ਬਿਠਾ ਕੇ ਆਖਿਆ, 'ਬਈ ਤੁਮਾਰਾ ਕਾਮ ਬਹੁਤ ਅੱਛਾ ਹੈ। ਬੱਚੇ ਤੁਮ ਸੇ ਬਹੁਤ ਪਿਆਰ ਕਰਤੇ ਹੈਂ। ਪ੍ਰਧਾਨ ਸਾਹਿਬ ਕਾ ਲੜਕਾ, ਬੋ ਹੈ ਨਾ ਕੁਮਾਰ, ਵੋਹ ਭੀ ਤੁਮਾਰੀ ਹੀ ਜਮਾਤ ਮੈਂ ਹੈ। ਘਰ ਜਾ ਕਰ ਉਸ ਨੇ ਭੀ ਤੁਮਾਰੀ ਤਾਰੀਫ ਕੀ...."

ਜੇਤਿੰਦਰ ਤੇ ਇਹ ਗੱਲਾਂ ਇਉਂ ਅਸਰ ਕਰ ਰਹੀਆਂ ਸਨ ਜਿਵੇਂ ਅੰਬੇ ਫੋੜੇ ਨੂੰ ਕੋਈ ਪਲੋਸਣਾ ਮਿਲ ਜਾਏ। ਆਖਿਰ ਪਲੋਸ ਕੇ ਪ੍ਰਿੰਸੀਪਲ ਨੇ ਤਿੰਨ ਮਹੀਨਿਆਂ ਦੀ ਤਨਖ਼ਾਹ ਜੇਤਿੰਦਰ ਨੂੰ ਲੈਣ ਲਈ ਅਕਾਊਂਟੈਂਸ ਰੋਲ ਤੇ ਦਸਖ਼ਤ ਕਰਨ ਲਈ ਆਖਿਆ।

ਤਿੰਨ ਮਹੀਨਿਆਂ ਦੀ ਤਨਖਾਹ। ਜਦ ਜੇਤਿੰਦਰ ਨੇ ਰਸੀਵਡ ਛੇ ਸੌ ਪਚਾਸੀ ਰੁਪਏ ਲਿਖੇ ਤਾਂ ਉਸ ਨੂੰ ਲੱਗਿਆ ਜਿਵੇਂ ਉਸ ਨੂੰ ਕੋਈ ਭੰਡਾਰ ਮਿਲ ਰਿਹਾ ਹੁੰਦਾ ਹੈ। ਤੇ ਫੇਰ ਪ੍ਰਿੰਸੀਪਲ ਨੇ ਜੇਤਿੰਦਰ ਨੂੰ ਇਕ ਸੌ ਵੀਹ ਰੁਪਏ ਫੜਾ ਦਿੱਤੇ। ਜਦ ਜੇਤਿੰਦਰ ਨੂੰ ਹੋਰ ਉਡੀਕ ਜਿਹੀ ਕਰਦਿਆਂ ਪ੍ਰਿੰਸੀਪਲ ਨੇ ਵੇਖਿਆ ਤਦ ਕਿਹਾ, "ਦੇਖੋ ਬਈ! ਮੈਂ ਤੋ ਤੁਮਾਰੇ ਸ਼ੁਭ ਕੇ ਬਾਰੇ ਮੈਂ ਹੀ ਸੋਚੂੰਗਾ। ਹਮ ਤੀਨ ਹਜ਼ਾਰ ਲੇ ਕਰ ਨੌਕਰੀ ਦੇਤੇ ਥੇ ਪਰੰਤੂ ਆਪ ਸੇ ਹਮਾਰੇ ਸਕੂਲ ਕਾ ਵਿਦਿਆਰਥੀ ਹੋਣੇ ਕੇ ਕਾਰਨ ਪੱਚੀ ਸੌ...."

ਜੇਤਿੰਦਰ ਨੂੰ ਸਭ ਕੁੱਝ ਸਾਫ਼ ਹੁੰਦਾ ਨਜ਼ਰ ਆ ਰਿਹਾ ਸੀ। ਜਦੋਂ ਜੇਤਿੰਦਰ ਤੋਂ ਹੋਰ ਪੁੱਛਦੇ, "ਕਿਉਂ ਬਈ ਕਿੰਨੇ ਚੁੱਕੇ ਨੇ ਨੌਕਰੀ ਲਈ? ਜੇਤਿੰਦਰ ਹੈਰਾਨ ਹੁੰਦਾ ਸੀ ਕਿ ਉਸ ਤੋਂ ਤਾਂ ਇਕ ਪੈਸਾ ਭੀ.... ਤੇ ਅੱਜ ਪਤਾ ਲੱਗਿਆ ਜਦੋਂ ਪ੍ਰਿੰਸੀਪਲ ਨੇ ਛੀ ਸੌ ਪਚਾਸੀ ਦੀ ਥਾਵੇਂ ਇਕ ਸੌ ਵੀਹ। ਜੇਤਿੰਦਰ ਹੱਕਾ ਬੱਕਾ ਰਹਿ ਗਿਆ। ਵਿਦਿਆ ਮੰਦਰਾਂ ਦੀ 420

ਵੀ ਆਪਣੀ ਕਿਸਮ ਦੀ ਹੈ। ਜੇਤਿੰਦਰ ਨੇ ਬਸ ਇੰਨਾ ਕੁਝ ਸਮਝਦੇ ਸਿਰ ਨੀਵਾਂ ਕਰ ਲਿਆ। ਵਿੱਦਿਆ ਖੇਤਰ ਦੀਆਂ ਵਧੀਕੀਆਂ ਉਹ ਵਿਦਿਆਰਥੀਆਂ ਲਈ ਇਕ ਅਧਿਆਪਕ, ਖਾਲਸਾ ਸਕੂਲ ਲਈ ਜੇਤਿੰਦਰ ਸਿੰਘ ਤੇ ਆਰੀਆ ਸਕੂਲ ਲਈ ਪੱਚੀ ਸੌ ਦਾ ਦਾਨ!

ਜੇਤਿੰਦਰ ਦੀਆਂ ਦਿਮਾਗੀ ਅੱਖਾਂ ਹੁਣ ਤੱਕ ਤਾਂ ਜਿਵੇਂ ਬੰਦ ਹੀ ਹੁੰਦੀਆਂ ਹਨ। ਜੇ.ਬੀ.ਟੀ. 'ਚ ਸਿੱਪੀਆਂ, ਸਿੱਕੇ, ਜਾਨਵਰਾਂ ਦੇ ਫੰਗ, ਪੁਰਾਣੀਆਂ ਟਿਕਟਾਂ ਇਕੱਠੀਆਂ ਕਰ ਕਰ ਐਲਬਮਾਂ ਬਣਾ ਲਈਆਂ ਤੇ ਗਾਂਧੀ ਦੀ ਬੇਸਿਕ ਸਿੱਖਿਆ....ਬੱਚੇ ਲਈ ਸਰਬਪੱਖੀ ਵਿਕਾਸ ਤੇ ਫੇਰ....ਜੇਤਿੰਦਰ ਨੂੰ ਮਾਸਟਰ ਬਾਬੂ ਰਾਮ ਜੀ ਦਾ ਕਿਹਾ ਬੋਲ, “Ateacher should be a political Philosopher” ਚੇਤੇ ਪਿਆ।

ਰਾਸ਼ਟਰੀ-ਏਕਤਾ ਦੀ ਜੜ੍ਹ ਨੂੰ ਕੁਤਰਣ ਵਾਲੀਆਂ ਇਹ ਗੱਲਾਂ, ਇਹ ਸੰਸਥਾਵਾਂ, ਮਨੁੱਖੀ ਭਾਈਚਾਰੇ ਦੇ ਰਿਸ਼ਤਿਆਂ 'ਚ ਜ਼ਹਿਰ ਘੋਲ ਕੇ ਹਜ਼ਾਰਾਂ ਬੱਚੇ ਬੱਚੀਆਂ ਤੇ ਆਪਣਾ ਸੰਪਰਦਾਇਕ ਰੰਗ ਚੜ੍ਹਾਉਂਦੀਆਂ ਰਹਿੰਦੀਆਂ ਹਨ।

ਪੰਜ ਮਹੀਨੇ ਹੋ ਚੁੱਕੇ ਸਨ, ਜੇਤਿੰਦਰ ਨੂੰ ਅਧਿਆਪਕ ਬਣਿਆਂ ਤੇ ਅੱਜ ਉਸ ਦੇ ਅੰਦਰਲ ਵਾਵਰੋਲਾ ਵਿਉਂਤ ਅਨੁਸਾਰ ਕੁੱਝ ਕੁੱਝ ਸੋਚਦਾ ਸੋਚਦਾ ਬਗਾਵਤ ਕਰ ਗਿਆ। ਪ੍ਰਿੰਸੀਪਲ ਦਾ ਦਫ਼ਤਰ ਦਫ਼ਤਰ ਅੱਗੇ ਬਰਾਂਡੇ 'ਚ ਲਿਖੇ ਮੋਟੋ ਕਿੰਨੇ ਮਹਾਨ ਸਨ। ਮਹਾਨਤਾ ਦੇ ਡਰਾਮੇ ਹੇਠ ਕਿੰਨਾ ਕੁੱਝ ਬਦਤਮੀਜ਼ ਜਿਹਾ ਜੇਤਿੰਦਰ ਨੂੰ ਮਿਲਿਆ ਸੀ। ਜੇਤਿੰਦਰ ਨੇ ਅੱਜ ਦਫ਼ਤਰ 'ਚ ਹੋਰ ਹੀ ਜਜ਼ਬੇ ਨਾਲ ਪ੍ਰਵੇਸ਼ ਕੀਤਾ, ਅੱਛਾ ਸ਼੍ਰੀਮਾਨ ਜੀ, ਮੈਂ ਤੁਹਾਡਾ ਪਚੀ ਸੌ ਪੂਰਾ ਨਹੀਂ ਕਰ ਸਕਿਆ, ਮਾਫ ਕਰਨਾ, ਫੇਰ ਕਦੀ ਤੁਹਾਡੀ ਸੇਵਾ ਵਿੱਚ ਹਾਜ਼ਰ ਹੋਵਾਂਗਾ।

ਪ੍ਰਿੰਸੀਪਲ ਜੋਤਿੰਦਰ ਦੇ ਇਸ ਤਰ੍ਹਾਂ ਜਾਣ ਦੇ ਵਤੀਰੇ ਤੋਂ ਹੱਕਾ ਬੱਕਾ ਰਹਿ ਗਿਆ।

ਜੇਤਿੰਦਰ ਹੱਥ ਹੁਣ ਇਕ ਕੱਪੜੇ ਦਾ ਥੈਲਾ ਹੁੰਦਾ। ਆਪਣੀ ਸਾਈਕਲ ਤੇ ਬੈਠ ਕੇ ਪਿੰਡਾਂ 'ਚ ਜਾਂਦਾ। ਸਬ ਡਵੀਜ਼ਨਾਂ, ਤਹਿਸੀਲਾਂ ਜ਼ਿਲ੍ਹਿਆਂ ਦੇ ਹੈੱਡ ਕੁਆਟਰਾਂ ਤੇ ਮੀਟਿੰਗ ਕਰਦਾ, ਕਹਿੰਦਾ ਰਹਿੰਦਾ ਦੋਸਤੋ ਅਸੀਂ ਤੀਹ ਹਜ਼ਾਰ ਬੇਰੁਜ਼ਗਾਰ ਜੇ.ਬੀ.ਟੀ. ਸੁੰਨ ਪੱਥਰ ਬਣੇ ਬੈਠੇ ਹਾਂ। ਕੁੜੀਆਂ ਨੂੰ ਰੁਜ਼ਗਾਰ ਅਫ਼ਸਰ 'ਆਸੀ' ਵਰਗੇ ਕੈਰੀ ਅੱਖ ਨਾਲ ਦੇਖਦੇ ਰਹੇ ਹਨ। ਅਸੀਂ ਲਾਰੇਬਾਜ਼ੀ 'ਚ ਦੋ ਦੋ ਮਹੀਨਿਆਂ ਤਿੰਨ ਤਿੰਨ ਮਹੀਨਿਆਂ ਖਾਤਰ..... ਆਖ਼ਿਰ ਸਾਡੇ 'ਚੋਂ ਕੁੱਛ ਇਨ੍ਹਾਂ ਵਰ੍ਹਿਆਂ 'ਚ-ਓਵਰ-ਏਜ ਹੋ ਜਾਣਗੇ ਤੇ ਉਸ ਤੋਂ ਬਾਅਦ ਸਰਕਾਰ ਤੁਹਾਨੂੰ ਛੁਣ ਛੁਣਾ ਵਿਖਾਵੇਗੀ.... ਤੀਹ ਹਜ਼ਾਰ ਡੱਕਾ ਵੀ ਜੇ ਜੁੜ ਜਾਵੇ ਤਾਂ ਪਾਣੀ ਦੇ ਹੜ੍ਹ ਨੂੰ ਅਟਕਾ ਸਕਦਾ ਹੈ। ਤੁਸੀਂ ਤਾਂ ਤੀਹ ਹਜ਼ਾਰ ਆਦਮੀ ਹੋ। ਪੜ੍ਹੇ ਲਿਖੇ ਬੁਧੀਮਾਨ ਲੋਕ ਜਦ ਵਿਧਾਨਿਕ ਲੜਾਈ ਨਹੀਂ ਲੜ ਸਕਦੇ ਤਾਂ ਮੈਂ ਪੁੱਛਦਾ ਹਾਂ ਤੁਸੀਂ ਹੋਰ ਕੀ ਕਰੋਗੇ?

ਜੇਤਿੰਦਰ ਨੂੰ ਆਪਣੀ ਮਾਂ ਭੁੱਲ ਗਈ। ਇਹ ਮਿਸ਼ਨ ਹੀ ਉਸ ਦੀ ਮਾਂ ਜਿਵੇਂ ਬਣ ਗਿਆ ਹੁੰਦਾ ਹੈ। ਤੀਹ ਹਜ਼ਾਰ ਜੇ.ਬੀ.ਟੀ. ਇਕ ਪਲੇਟ ਫਾਰਮ ਤੋਂ ਇਕ ਆਵਾਜ਼ ਬੋਲੇ ਸਾਡੇ ਹੱਕ ਅੱਜ ਸਾਨੂੰ ਦੇਵੋ। "ਲਾਰੇਬਾਜ਼ੀ ਖਤਮ ਕਰੋ।"

ਜੇਤਿੰਦਰ ਆਪਣੇ ਸਾਥੀਆਂ 'ਚ ਹੱਕਾਂ ਦੀ ਮੰਗ ਦਾ ਜਾਗ ਲਾਉਂਦਾ ਲਾਉਂਦਾ ਇਉਂ ਮਹਿਸੂਸ ਕਰਦਾ ਜਿਵੇਂ ਉਸ ਅੰਦਰ ਕੁੱਝ ਹੋਰ ਹੋਰ ਉੱਠ ਰਿਹਾ ਹੁੰਦਾ ਹੈ। ਉਸ ਹੋਰ ਹੋਰ ਦੀ ਖੋਜ ਕਰਦਾ ਕਰਦਾ ਜੇਤਿੰਦਰ ਆਪਣੇ ਮਿਸ਼ਨ 'ਚ ਰੁੱਝਿਆ ਰਹਿੰਦਾ।

ਉਹ ਆਪਣੀ ਮਾਂ, ਈਸ਼ਰੋ ਨੂੰ ਮੰਡੀ ਲੈ ਆਇਆ। ਮੰਡੀ ਦੀ ਸਭ ਤੋਂ ਖਸਤਾ ਗਲੀ, ਕੁਵੜਿਆਂ ਦੀ ਗਲੀ 'ਚ। ਇਕ ਨਿੱਕਾ ਜਿਹਾ ਘਰ, ਈਸ਼ਰੋ ਕਾਂਝਲੀਆਂ ਦੇ ਕਾਰਖਾਨੇ ਜਾਂਦੀ। ਦਿਹਾੜੀ ਦੇ ਚਾਰ ਛਿੱਲੜ ਬਣਾ ਲਿਆਉਂਦੀ। ਈਸ਼ਰੋ ਦਾ ਆਪਣੇ ਪੁੱਤ ਨਾਲ ਕਲੇਸ਼ ਹੁੰਦਾ ਰਹਿੰਦਾ, "ਵੇ ਮੈਂ ਤੈਨੂੰ ਇਹਨਾਂ ਗੱਲਾਂ ਨੂੰ ਫੂਕਿਆ ਸੀ, ਅੱਗ ਲਾਇਆ ਸੀ...."

ਜੇਤਿੰਦਰ ਆਪਣੀ ਮਾਂ ਨੂੰ ਮਿੱਠੀਆਂ ਮਿੱਠੀਆਂ ਸੁਣਾ ਕੇ ਟਿਕਾਉਂਦਾ, ਕੁੱਝ ਸਮਝਾਉਂਦਾ ਆਪਣੀ ਤੋਰ ਤੁਰਦਾ ਰਿਹਾ।

******

# 26.

ਕਾਕੜ ਨੇ ਵਲੈਤੀ ਨੂੰ ਰਾਜ਼ੀ ਬਾਜ਼ੀ ਕਰ ਲਿਆ। ਵਲੈਤੀ ਨੂੰ ਤੰਦਰੁਸਤ ਕਰ ਕਰਾ ਕੇ ਕਾਕੜ ਨੇ ਆਪਣੇ ਖ਼ਾਤਿਰ ਕੋਈ ਕੰਮ ਧੰਧਾ ਲੱਭਣ ਦੀ ਕੋਸ਼ਿਸ਼ ਕੀਤੀ। ਵਲੈਤੀ ਦਾ ਕਾਂਝਲੀਆਂ ਦਾ ਵੱਡਾ ਬੁੱਢਾ ਵਾਕਫ ਸੀ। ਉਸ ਨੇ ਜਾ ਪੰਜਾ ਪਾਇਆ। ਪਹਿਲਾਂ ਤਾਂ ਸੇਠਾਂ ਨੇ ਸੌ ਢੁੱਚਰਾਂ ਕੀਤੀਆਂ ਜਦ ਵਲੈਤੀ ਸਿੱਧਾ ਹੋ ਪਿਆ, "ਕੰਜਰ ਦਿਓ ਲਾਲਿਓ! ਅੱਜ ਤੁਸੀਂ ਸ਼ਾਹ ਬਣ ਕੇ ਗੱਲ ਕੀ ਕਰਦੇ ਓ। ਉਹ ਮੇਰਾ ਪੁੱਤ' ਆਖ਼ਿਰ ਦੋ ਸੌ ਤੇ ਕਾਕੜ ਕਾਂਝਲੀਆਂ ਦੇ ਕਾਰਖਾਨੇ 'ਚ ਮਿਸਤਰੀ ਬਣ ਗਿਆ। "ਮਿਸਤਰੀ ਸਾਹਿਬ 'ਮਿਸਤਰੀ ਸਾਹਿਬ' ਦੋ ਚਾਰ ਮਹੀਨੇ 'ਚ ਹੋਣ ਲਗ ਪਈ। ਕਾਕੜ ਆਪਣੇ ਕੰਮ ਦਾ ਪੂਰਾ ਜਾਣੂ ਸੀ। ਸੇਠਾਂ ਨੇ ਕਾਕੜ ਨੂੰ ਸਮਝ ਲਿਆ ਸੀ।

ਛੋਟੇ ਜਿਹੇ ਸ਼ਹਿਰ ਦਾ ਛੋਟਾ ਜਿਹਾ ਕਾਰਖਾਨਾ ! ਮਿਲ ਮਿਲਾ ਕੇ ਸਾਰੇ ਪੰਜਾਹ ਕੁ ਬੰਦੇ ਕੰਮ ਕਰਦੇ ਹੋਣਗੇ। ਵਲੈਤੀ ਨੂੰ ਹੁਣ ਇਸ ਸ਼ਹਿਰ ਦੀ ਜ਼ਿੰਦਗੀ ਦਾ ਸੁਆਦ ਜਿਹਾ ਪੈ ਚੱਲਿਆ ਸੀ। ਕੁਵੜਿਆਂ ਦੀ ਇਸ ਗਲੀ 'ਚ ਉਸ ਦੀ ਬੈਠਕ'ਬਿਰਜੂ ਨਾਲ ਹੋ ਚੱਲੀ।

ਬਿਰਜੂ ਨੇ ਹੁਣ ਫੇਰੀ ਤੇ ਜਾਣਾ ਛੱਡ ਦਿੱਤਾ ਸੀ। ਛੱਡਿਆ ਕੀ ਛੁਡਾ ਦਿੱਤਾ ਸੀ। ਸ਼ਹਿਰ ਦੀ ਤਰੱਕੀ ਹੋ ਰਹੀ ਸੀ। ਸੜਕਾਂ ਤੇ ਭੀੜ ਦਾ ਵਧਣਾ। ਇਕ ਦੋ ਵਾਰ ਬਿਰਜੂ ਨੂੰ ਦਾਣਾ ਮੰਡੀ ਦੀ ਭੀੜ ਭਾੜ 'ਚ ਸੱਟ ਵੱਜੀ ਸੀ, ਇਸ ਡਰੋਂ ਸ਼ਾਰਧਾ ਨੇ ਆਪਣੇ ਮਾਮੇ ਨੂੰ ਤੁੰਨ ਤੁੰਨ ਕਹਿ ਕਹਿ ਫੇਰੀ ਤੋਂ ਹਟਾ ਲਿਆ।

ਹੁਣ ਬਿਰਜੂ ਦਾ ਸ਼ੌਕ ਸੀ ਅਖਬਾਰ। ਉਰਦੂ ਉਹ ਥੋੜ੍ਹੀ ਬਹੁਤ ਜਾਣਦਾ ਸੀ, ਪੜ੍ਹਦਾ ਰਹਿੰਦਾ। ਵਲੈਤੀ ਨੂੰ ਉਰਦੂ ਦੇ ਅਖ਼ਬਾਰ ਦੀਆਂ ਖ਼ਬਰਾਂ ਪੜ੍ਹ ਕੇ ਸੁਣਾਂਦਾ ਰਹਿੰਦਾ।

ਬਿਰਜੂ ਭਾਵੇਂ ਅਜੇ ਵੀ ਕਦੇ ਕਦਾਈ ਝੱਟ ਲਾ ਆਉਂਦਾ ਸੀ। ਜਿੱਦਣ ਕਦੇ ਪੀਣ ਦਾ ਹਲਕ ਉੱਠਦਾ-ਉਹ ਇਕ ਅੱਧਾ ਛਿੱਲੜ ਬਣਾ ਲੈਂਦਾ।

ਸਮਾਂ ਬੀਤਦਾ ਗਿਆ। ਸ਼ਹਿਰ ਵੱਧਦਾ ਗਿਆ, ਵੱਧਦਾ ਗਿਆ। ਬਾਸਕਟ ਬਾਲ ਦੇ ਬਲੈਡਰ ਵਾਂਙ ਸ਼ਹਿਰ ਵਧ ਰਿਹਾ ਸੀ।

ਬਿਰਜੂ ਤੇ ਵਲੈਤੀ ਆਪਣੇ ਬੁਢਾਪੇ ਦੇ ਦੋਸਤਾਨੇ 'ਚ ਕਈ ਕਈ ਬਾਰ ਲਫੰਡਰ ਜਿਹੀਆਂ ਗੱਲਾਂ ਭੀ ਕਰ ਕਰਾ ਲੈਂਦੇ। ਕਦੇ ਕਦਾਈ ਖੇਲ ਦੇਖਣ ਦੀ ਝੂਟੀ ਵੀ ਲਾ ਆਉਂਦੇ। ਦਰਅਸਲ ਬਿਰਜੂ ਆਪਣੇ ਬੁਢਾਪੇ 'ਚ ਸੁੰਗੜ ਕੇ ਨਹੀਂ ਸੀ ਰਹਿਣਾ ਚਾਹੁੰਦਾ। ਇਸ ਖਲਾਸੀ ਵਾਸਤੇ ਵਲੈਤੀ ਮਿਲ ਗਿਆ। ਹਾਂ! ਕਦੇ ਕਦੇ ਬਿਰਜੂ ਅੰਦਰੋਂ ਇਕ ਤਿਓ ਦੀ ਭਾਫ਼ ਜਿਹੀ ਉਸ ਨੂੰ ਆਪਣੇ ਬੀਤੇ ਦੀ ਤਪਸ਼ 'ਚੋਂ ਉਠਦੀ ਲਗਦੀ ਪਰ ਭੈਣ ਤੇ ਭਾਣਜੀ ਦੇ ਤਿਉ ਨੇ ਉਸ ਦੀ ਅੰਦਰਲੀ ਤਪਸ਼ ਨੂੰ ਬਹੁਤ ਮੱਠਾ ਪਾ ਦਿੱਤਾ ਸੀ।

ਸਿਆਲਾਂ ਦੀ ਧੁੱਪ ਦੀ ਨਿੱਘੀ ਨਿੱਘੀ ਮੌਜ। ਕੰਧ ਨਾਲ ਢੋਹ ਲਾਈ ਬਿਰਜੂ ਅਖ਼ਬਾਰ ਪੜ੍ਹ ਕੇ ਵਲੈਤੀ ਨੂੰ ਸੁਣਾ ਰਿਹਾ ਸੀ। 'ਕਲੱਕਤੇ ਪਟਸਨ ਕੇ ਕਾਰਖਾਨੇ ਮੇਂ ਹੜਤਾਲ ਚਾਰ ਹਜ਼ਾਰ ਮਜ਼ਦੂਰ- ਤਾਲਾ ਬੰਦ ਹੜਤਾਲੀਉਂ ਕੀ ਪੇਸ਼ਕਸ਼ ਕਿ ਕਾਰਖਾਨਾ ਹਮਾਰਾ ਹੈ। ਮਜ਼ਦੂਰੋਂ ਕੇ ਨੇਤਾ ਦੇਵਨ ਬਸੂ ਦਾ ਬਿਆਨ, ਹਮ ਪੀਛੇ ਨਹੀਂ ਹਟੇਂਗੇ। ਜੇਲੋਂ ਕੋ ਭਰ ਦੇਂਗੇ। ਆਪਣਾ ਹੱਕ ਲੇ ਕਰ ਹਟੇਂਗੇ। ਹਮਾਰੀ ਯੂਨੀਅਨ...."

ਖ਼ਬਰ ਅਜੇ ਖ਼ਤਮ ਭੀ ਨਹੀਂ ਹੋਈ ਸੀ, ਵਿਹੜੇ ਵਿੱਚ ਦਗੜ ਦਗੜ ਹੋਈ। ਦਸ ਵੀਹ ਤ੍ਰੀਮਤਾਂ ਸ਼ਾਰਧਾ ਮਗਰ ਆ ਰਹੀਆਂ ਸਨ। ਬਿਰਜੂ ਨੇ ਵੇਖਿਆ, ਵਲੈਤੀ ਹੈਰਾਨ ਹੋਇਆ। ਆਖਿਰ ਵਿਹੜੇ 'ਚ ਘੁਸਰ ਮੁਸਰ ਹੁੰਦੀ ਰਹੀ।

"ਅਸੀਂ ਕੱਚੇ ਨੂੰ ਖਾ ਜਾਂਦੀਆਂ। ਉਹ ਹੁੰਦਾ ਕੌਣ ਐ?"

"ਨਹੀਂ ਮੈਂ ਤਾਂ ਸ਼ਾਰਧਾ! ਚਾਰ ਜੁੱਤੀਆਂ ਲੈਂਦੀ ਨੇ ਜੜਤੀਆਂ।

'ਨੀ ਭਾਈ ਆਪਾਂ ਕੇੜ੍ਹਾ ਮੁਫ਼ਤ ਪੈਸੇ ਮੰਗਦੀਆਂ...."

ਦੋਨੋਂ ਬੁੱਢੇ ਆਪਣਾ ਖੇਲ-ਤਮਾਸ਼ਾ ਚੁੱਕ ਕੇ ਬਾਹਰ ਆ ਗਏ। ਤੇ ਉਹ ਕਾਂਝਲੀਆਂ ਦੇ ਕਪਾਹ ਦੇ ਕਾਰਖਾਨੇ ਚੋਂ ਆਈਆਂ ਮਜ਼ਦੂਰ ਤ੍ਰੀਮਤਾਂ ਸ਼ਾਰਧਾ ਨਾਲ ਗੱਲਾਂ ਕਰਦੀਆਂ ਰਹੀਆਂ

"ਨੀ ਜਿੱਦਣ ਦਾ ਆਇਐ, ਆਂਡੇ ਫਾੜ ਫਾੜ ਵੇਖਦੈ?"

ਸ਼ਾਰਧਾ ਨੇ ਈਸ਼ਰੋ ਨੂੰ ਪੁੱਛਿਆ, "ਕਿਉਂ ਮਾਸੀ ਜੀ ' ਇਹ ਸੁਣਿਐ ਝਬਰਾਂ ਦਾ

"ਨੀ ਭਾਈ ਪੱਤੀ ਦਾ ਮੁੰਡਾ।"

'ਆਹੋ ਭਾਈ ਮੈਨੂੰ ਤਾਂ ਪਤਾ ਨੀ, ਕੇਰਾਂ ਜੇ ਕਹਿੰਦੇ ਤਾਂ ਸੀ ਪਈ ਉਹ ਵਲੈਤੀ ਦਾ ਮੁੰਡਾ ਕਲੱਕਤਿਉਂ ਮਿਸਤਰੀ ਬਣ ਕੇ ਆਇਐ- ਕਲੱਕਤੇ ਦੇ ਕਾਰਖਾਨਿਆਂ 'ਚ ਕੰਮ ਕਰਨ ਵਾਲਾ ਮਜ਼ਦੂਰ ਤ੍ਰੀਮਤਾਂ ਦਾ ਦੁਸ਼ਮਣ ਪਰ ਉਹ! ਉਹਦਾ ਪਿੰਡ ਤਾਂ ਮੱਤੀ ਐ।

ਸ਼ਾਰਧਾ ਡੂੰਘੀਆਂ ਸੋਚਾਂ ਵਿੱਚ ਪੈ ਗਈ। ਇਨ੍ਹਾਂ ਗੱਲਾਂ ਦੇ ਹੁੰਦਿਆਂ ਹੁੰਦਿਆਂ ਨੂੰ ਪਾਰੋ ਤੇ ਰੇਸ਼ਮਾ ਵੀ ਆ ਗਈਆਂ। ਪਾਰੋ ਤੇ ਰੇਸ਼ਮਾ ਨਹੀਂ ਸਨ ਚਾਹੁੰਦੀਆਂ ਉਹ ਕੰਮ ਛੱਡ ਕੇ ਜਾਣ, ਇਸ ਲਈ ਉਹ ਪਛੜ ਕੇ ਆਈਆਂ ਸਨ।

ਪਾਰੋ ਤੇ ਰੇਸ਼ਮਾ ਦੇ ਆਉਣ ਤੇ ਸ਼ਾਰਧਾ ਵਿਹੜੇ ਜੁੜੀਆਂ ਮਜ਼ਦੂਰ ਤ੍ਰੀਮਤਾਂ 'ਚ ਕੁੱਝ ਠੱਲ੍ਹ ਪਈ। ਇਕ ਮਜ਼ਦੂਰ ਤ੍ਰੀਮਤ ਨੇ ਪਾਰੋ ਨੂੰ ਪੁੱਛਿਆ, “ਕਿਉਂ ਬੇਬੇ ਪਿੱਛੋਂ ਕੀ ਹੋਇਆ?

"ਹੋਣਾ ਕੀ ਸੀ ਭਾਈ। ਟੈਲੀਫ਼ੂਨ ਕੀਤਾ। ਵੱਡਾ ਲਾਲਾ ਆ ਗਿਆ। ਆਉਣ ਸਾਰ ਉਹਨੇ ਆਖਿਆ, "ਇਹਦਾ ਹਿਸਾਬ ਚੁਕਤਾ ਕਰੋ, ਇਸ ਨੂੰ ਰਾਹ ਪਾਵੋ" ਛੋਟਾ ਲਾਲਾ ਕਹਿੰਦਾ ਸੀ 'ਇਹ ਤਾਂ ਸਿਰ ਚੜ੍ਹ ਜਾਣਗੀਆਂ ਆਖਰ ਗੱਲ ਕੀ ਹੋਈ ਹੈ ਸਾਨੂੰ ਦੱਸਣ।

ਰੇਸ਼ਮਾ ਸਭ ਕੁਝ ਚੁੱਪ ਚਾਪ ਸੁਣ ਰਹੀ ਸੀ। ਉਸ ਦੀ ਅੰਦਰਲੀ ਹਾਲਤ ਬੜੀ ਪਤਲੀ ਸੀ। ਉਸ ਨੇ ਅੱਜ ਕਿੰਨੇ ਸਾਲਾਂ ਪਿਛੋਂ ਆਪਣੇ ਕਾਕੜ ਨੂੰ ਵੇਖਿਆ ਸੀ। ਕਾਕੜ

ਨੂੰ ਵੇਖ ਕੇ ਉਸ ਨੂੰ ਆਪਣੀ ਜਵਾਨੀ ਦੇ ਵਰ੍ਹੇ ਚੇਤੇ ਆਏ ਤੇ ਫੇਰ ਮੁਸੀਬਤਾਂ ਦੇ ਝੱਖੜ। ਖੰਘਰ ਦਿਨਾਂ ਦੀ ਬੰਜਰ ਯਾਦ। ਰੇਸ਼ਮਾ ਦੀਆਂ ਅੱਖਾਂ ਅੱਗੇ ਬਚਨੇ ਦਾ ਚਾਕੂ ਬਣਿਆ ਸ਼ਰੀਰ ਤੇ ਇਹ ਕੀ ਭਾਣਾ ਬੀਤ ਗਿਆ। ਕਾਕੜ ਨੂੰ ਕੀ ਹੋ ਗਿਆ? ਉਸ ਨੇ ਇਹ ਕੀ ਜ਼ੁਲਮ ਕੀਤਾ?

ਰੇਸ਼ਮਾ ਸ਼ਾਰਧਾ ਦੇ ਵਿਹੜੇ 'ਚੋਂ ਅੱਖ ਬਚਾ ਕੇ ਖਿਸਕ ਤੁਰੀ। ਪਿੰਡ ਆ ਗ਼ਈ। ਹਨੇਰਾ ਹੋ ਚੁੱਕਿਆ ਸੀ। ਦੋ ਬੁਰਕੀਆਂ ਰੋਟੀ ਦੀਆਂ ਖਾ ਕੇ ਰੇਸ਼ਮਾ ਆਪਣੀ ਛਾਤੀ ਨਾਲ ਭੰਤੀ ਨੂੰ ਲਾ ਕੇ ਪੈ ਗਈ।

ਤੂੰ ਅਜੇ ਜਿਉਂਦੈਂ, ਮਰਿਆ ਨੀ ਕਾਹਨੂੰ ਧਰਤੀ ਬੋਝ ਮਾਰੀ ਐ? ਮਰ ਜਾਂਦਾ ਕਿਸੇ ਖੂਹ ਟੋਬੇ ਚੋ ਛਾਲ ਮਾਰ ਕੇ। ਤੇਰੇ ਅਰਗੇ ਨੂੰ ਗੱਡੀ ਹੇਠ ਆਉਣਾ ਚਾਹੀਦੈ ਵੱਡਾ ਆਇਆ ਕਿੱਥੇ ਗਈ ਤੇਰੀ ਮਰਦਾਨਗੀ? ਜਿਹਦੀਆਂ ਢੀਂਗਾਂ, ਲੰਮੀਆਂ ਲੰਮੀਆਂ ਢੀਂਗਾਂ ਮਾਰਦਾ ਹੁੰਦਾ ਸੀ- ਜਾ ਪਰੇ, ਹੁਣ ਕਾਹਨੂੰ ਮੂੰਹ ਵਖਾਉਣ ਆਇਐ?" ਆਖਦਿਆਂ ਆਖਦਿਆਂ ਰੇਸ਼ਮਾ ਦੀਆਂ ਅੱਖਾਂ ਭਰ ਆਈਆਂ। ਰੇਸ਼ਮਾ ਦੀਆਂ ਭਰੀਆਂ ਅੱਖਾਂ 'ਚੋਂ ਮੋਟੇ ਮੋਟੇ ਹੰਝੂ ! ਕਾਕੜ ਤੋਂ ਰਹਿ ਨਾ ਹੋਇਆ। ਉਸ ਨੇ ਭੱਜ ਕੇ ਰੇਸ਼ਮਾ ਨੂੰ ਗਲਵੱਕੜੀ 'ਚ ਚੁੱਕ ਲਿਆ। ਸਿਆਲਾਂ ਦੀ ਇਸ ਠੰਢੀ ਸਵੇਰ ਰੇਸ਼ਮਾ ਤੇ ਕਾਕੜ ਦਾ ਖੰਘਰ ਹੋਇਆ ਹਿਜ਼ਰ ਨਿੱਘ ਨਾਲ ਪਿਘਲਿਆ ਸੀ।

ਨਿਘਾਸੀਆਂ ਦੋ ਰੂਹਾਂ ਨੇ ਆਪਣੇ ਬੀਤੇ ਦੀ ਕਹਾਣੀ ਸ਼ੁਰੂ ਕੀਤੀ। ਕਾਕੜ ਨੇ ਰੇਸ਼ਮਾ ਨੂੰ ਸਾਰੀ ਕਹਾਣੀ ਦੱਸੀ। ਕਿਉਂ ਉਹ ਬੰਗਾਲ ਗਿਆ ਤੇ ਕਲੱਕਤੇ ਇਕ ਪਟਸਨ ਦੇ ਕਾਰਖਾਨੇ 'ਚ ਤੇ ਫੇਰ ਇਹ ਕਹਾਣੀ ਸੁਣਾਉਂਦਿਆਂ ਸੁਣਾਉਂਦਿਆਂ ਜਿਵੇਂ ਕਾਕੜ ਦੇ ਮੂੰਹ 'ਚ ਕਾਲੀ ਮਿਰਚ ਆ ਗਈ ਹੋਵੇ।

'ਉਹ ਬੰਗਾਲ ਛੱਡ ਆਇਆ ਜਿਵੇਂ ਇਹ ਗੱਲ ਆਉਂਦੀ ਆਉਂਦੀ ਉਸ ਦੇ ਬੁੱਲ੍ਹਾਂ ਤੇ ਰੁਕ ਗਈ ਹੋਵੇ। ਉਸ ਨੂੰ ਬੰਗਾਲ 'ਚੋਂ ਕੱਢ ਦਿੱਤਾ। ਚੱਲ ਛੱਡ ਰੇਸ਼ਮਾ ਨੇ ਗੱਲ

ਟੋਕਦਿਆਂ ਆਖਿਆ, ਉਹ ਤੂੰ ਕਾਰਖਾਨੇ 'ਚ ਙੱਜੂ ਖੜ੍ਹਾ ਕਰ ਲਿਆ?" ਸ਼ਰਾਰਤੀ ਸ਼ਬਦਾਂ 'ਚ ਜਿਵੇਂ ਰੇਸ਼ਮਾ ਕਾਕੜ ਨੂੰ ਛੇੜ ਰਹੀ ਹੋਵੇ।

ਨਹੀਂ ਰੇਸ਼ਮਾ! ਨਹੀਂ! ! ਮੈਂ ਤੈਨੂੰ ਮਿਲ ਕੇ ਇਹੀ ਤਾਂ ਦੱਸਣ ਆਇਆ ਹਾਂ। ਮੈਂ, ਉਹ ਸ਼ਾਰਧਾ ਹੈ ਨਾ, ਉਸ ਦੀ ਬੜੀ ਇੱਜ਼ਤ ਕਰਦਾ ਹਾਂ। ਤੂੰ ਸ਼ਾਰਧਾ ਨੂੰ ਸਾਰੀ ਗੱਲ ਦੱਸ ਦੇ। ਸੱਚ ਦੱਸਾਂ ਰੇਸ਼ਮਾ ਉਹ ਸੈਂਸੀਆਂ ਦੀ ਕੁੜੀ ਕਈ ਦਿਨਾਂ ਤੋਂ ਮੇਰੇ ਪਿੱਛੇ ਪਈ ਹੋਈ ਐ। ਓਦਣ ਜਦੋਂ ਉਸ ਨੇ ਮੈਨੂੰ ਮਸ਼ੀਨ ਚੈੱਕ ਕਰਦੇ ਨੂੰ ਆਖਿਆ, 'ਅੱਛਾ ਫਿਰ ਹਮ ਤੋ ਪੱਥਰ ਕੇ ਸਨਮ- ਦੂਜੀ ਉਸ ਦੇ ਨਾਲ ਦੀ ਕੁੜੀ ਨੇ ਕਪਾਹ 'ਚੋਂ ਇਕ ਟੀਂਡਾ ਕੱਢ ਉਸ ਨੂੰ ਫੜਾ ਦਿੱਤਾ.... ਲੈ ਨੀ ਲੁਚੀਏ ਤੇਰਾ ਪੱਥਰ ਦਾ ਸਨਮ ਤਾਂ.... ਕੁੜੀ ਨੇ ਇਹ ਟੀਂਡਾ ਮੇਰੇ ਵੱਲ ਵਗਾਹ ਮਾਰਿਆ। ਉਹ ਮੇਰੀ ਅੱਖ ਤੇ ਵੱਜਿਆ। ਮੈਂ ਆਪਣੀ ਅੱਖ ਨੂੰ ਮਲਦਾ ਮਲਦਾ ਥਿੜਕ ਗਿਆ। ਥਿੜਕਦਾ ਕਪਾਹ ਤੇ ਡਿੱਗ ਪਿਆ ਤੇ ਉਹ ਮੇਰੇ ਹੇਠਾਂ ਆ ਗਈ। ਸ਼ਾਰਧਾ ਨੇ ਜਿਹੜੀ ਸ਼ਾਇਦ ਉਥੇ ਕਿਸੇ ਕਾਗਜ਼ ਤੇ ਦਸਖ਼ਤ ਕਰਵਾਉਣ ਆਈ ਸੀ ਵੇਖ ਕੇ ਰੌਲਾ ਪਾ ਦਿੱਤਾ।

"ਬਸ! ਆਹੋ ਪਿੱਛੋਂ ਤਾਂ ਮੈਨੂੰ ਸਭ ਕੁੱਝ ਪਤਾ ਐ। ਤੈਨੂੰ ਜਿਹੜੀ ਛਤਰਾਉਲ ਹੋਈ, ਮੈਂ ਹੀ ਮੰਨਗੀ ਤੇ ਇਸ ਕਰਕੇ ਹੀ ਓਦਣ ਤੋਂ ਕਾਰਖਾਨੇ ਜਾਣਾ ਬੰਦ ਕਰ ਦਿੱਤਾ। ਕਾਕੜ ਨੂੰ ਜਿਵੇਂ ਸਦੀਆਂ ਪਿੱਛੋਂ ਰੇਸ਼ਮਾ ਦੀ ਹਮਦਰਦੀ ਦਾ ਨਿੱਘ ਮਿਲਿਆ ਹੋਵੇ।

ਕਾਕੜ ਤੇ ਰੇਸ਼ਮਾ ਨਿੱਕੀਆਂ ਨਿੱਕੀਆਂ, ਨਿੱਘੀਆਂ ਨਿੱਘੀਆਂ ਗੱਲਾਂ ਕਿੰਨੀ ਦੇਰ ਤੱਕ ਕਰਦੇ ਰਹੇ। ਰੇਸ਼ਮਾ ਨੇ ਕਾਕੜ ਲਈ ਚਾਹ ਤਿਆਰ ਕੀਤੀ। ਕਾਕੜ ਨੇ ਇਸ਼ਾਰੇ ਨਾਲ ਪੁੱਛਿਆ। ਉਹ?

"ਉਹ ਤਾਂ ਚਾਕੂ ਬਣਿਆ ਉਥੇ ਅੰਦਰਲੇ ਕੋਠੇ 'ਚ ਪਿਐ। ਹੁਣ ਤਾਂ ਉਹਨੂੰ ਸੁਨਣੋਂ ਵੀ ਰਹਿੰਦਾ ਜਾਂਦੈ।"

ਕਾਕੜ ਤੇ ਰੇਸ਼ਮਾ ਚਾਹ ਦੀਆਂ ਬਾਟੀਆਂ 'ਚ ਜਿਵੇਂ ਆਪਣਾ ਇਸ਼ਕ-ਅੰਮ੍ਰਿਤ ਪੀ ਰਹੇ ਹੋਣ।

'ਚੰਗਾ ਰੇਸ਼ਮਾ! ਹੁਣ ਮੈਂ ਚੱਲਦਾ ਹਾਂ। ਇਕ ਮਾੜੀ ਜੀ ਚੀਜ਼ ਬੰਗਾਲੋਂ ਖੱਟ ਕੇ ਲਿਆਇਆਂ-ਆਹ ਲੈ।"

"ਵੇਖੀਂ ਵੇ ਭੈੜਿਆ! ਕਿਤੇ ਬੰਗਾਲ ਦਾ ਜਾਦੂ ਤਾਂ ਨੀਂ ਡੱਬੀ 'ਚ ਬੰਦ ਕਰ ਲਿਆਇਆ। ਹੁਣ ਨੀ ਮੈਥੋਂ ਇਹ ਸਹਿਆ ਜਾਣਾ।"

ਕਾਕੜ ਤੇ ਰੇਸ਼ਮਾ ਆਪਸਦਾਰੀ ਦੇ ਦੌਰ 'ਚ ਹੱਸਦੇ ਰਹੇ। ਉਨ੍ਹਾਂ ਨੂੰ ਪੁਰਾਣੀਆਂ ਗੱਲਾਂ ਚੇਤੇ ਪੈਂਦੀਆਂ ਰਹੀਆਂ। ਕਾਕੜ ਰੇਸ਼ਮਾ ਨੂੰ ਡੱਬੀ ਫੜਾ ਕੇ ਘਰੋਂ ਬਾਹਰ ਮੰਡੀ ਨੂੰ ਤੁਰ ਪਿਆ। ਦਰਵਾਜ਼ਿਉਂ ਨਿਕਲਦੇ ਕਾਕੜ ਵੱਲ ਰੇਸ਼ਮਾ ਨੇ ਭੁੱਖੀਆਂ ਭੁਖੀਆਂ ਬੀਤੀਆਂ ਗੱਲਾਂ ਦੇ ਰੱਜੇ ਸਬਰ ਨਾਲ ਵੇਖਿਆ।

******

# 27.

ਕਾਰਖਾਨੇ 'ਚ ਸ਼ਾਰਧਾ ਦੀ ਚੁੱਕ ਤੇ ਗੱਲ ਟਿਕਦੀ ਨਹੀਂ ਸੀ। ਜੇ ਟਿਕਣ ਤੇ ਆਉਂਦੀ ਤਾਂ ਸ਼ਾਰਧਾ ਫੇਰ ਵੱਡੇ ਲਾਲੇ ਨੂੰ ਕਹਿੰਦੀ, "ਵੇਖੋ ਬਜ਼ੁਰਗੋ ਇਹ ਤਾਂ ਧੀ ਭੈਣ ਦੀ ਇੱਜ਼ਤ ਦਾ ਸੁਆਲ ਹੈ ਕੱਲ੍ਹ ਨੂੰ ਕੋਈ ਹੋਰ ਲਗਾੜਾ ਉੱਠ ਕੇ...." ਬਜ਼ੁਰਗ ਸੇਠ ਇਸ ਹਾਦਸੇ ਤੋਂ ਤਹਿਕਦਾ ਆਪਣੇ ਪੁੱਤ ਨੂੰ, ਜਿਹੜਾ ਕਾਰਖਾਨੇ ਦਾ ਮੈਨੇਜਰ ਭੀ ਸੀ, ਕਹਿੰਦਾ, 'ਆਪਾਂ ਨੂੰ ਕੀ ਪਈ ਹੈ ਆਪਾਂ ਉਸ ਨੂੰ ਹੀ ਰੱਖਣਾ ਹੈ। ਹੋਰ ਕਿਹੜਾ ਮਿਸਤਰੀਆਂ ਦਾ ਕਾਲ ਪੈ ਗਿਆ ਦੁਨੀਆਂ 'ਚ?"

ਪਰ ਛੋਟਾ ਸੇਠ ਦੂਰ ਤਕ ਜਾਂਦਾ ਆਖਦਾ ਸੀ, "ਇਹ ਤਾਂ ਰਵਿੱਦ ਪਈ ਮਾੜੀ ਐ.... ਸਾਨੂੰ ਏਸ ਨੂੰ ਏਥੇ ਈ ਕੱਟਣਾ ਚਾਹੀਦਾ ਹੈ। ਆਪਾਂ ਕਾਕੜ ਤੋਂ ਮੁਆਫ਼ੀ ਮੰਗਵਾ ਦੇਵੋ ਨਾਲੇ ਤਾਂ ਉਹ ਨੌਕਰ ਆਪਣੇ ਹੱਥ ਹੇਠ ਰਹੂਗਾ ਤੇ ਨਾਲੇ ਇਹ ਦੁੱਧ ਦਾ ਉਬਾਲ ਏਨੇ 'ਚ ਬੈਠ ਜੂਗਾ।" ਤਿੰਨ ਚਾਰ ਦਿਨ ਇਹ ਗੱਲਾਂ ਚੱਲਦੀਆਂ ਰਹੀਆਂ।

ਕਾਕੜ ਨਾਲ ਹੋਏ ਦੋ ਹਾਦਸਿਆਂ ਵਿੱਚ ਇਕ ਜਲਣ ਜਲਦੀ ਸੀ। ਕਾਕੜ ਨੂੰ ਰੇਸ਼ਮਾ ਮਿਲੀ ਸੀ ਉਹ ਰੇਸ਼ਮਾ ਜਿਹੜੀ ਕਾਕੜ ਦੀ ਜ਼ਿੰਦਗੀ 'ਚ ਇਕੋ ਇਕ ਅਜਿਹੀ ਤ੍ਰੀਮਤ ਆਈ ਸੀ ਜਿਸ ਦੇ ਨਿੱਘ ਦੀ ਯਾਦ 'ਚ ਕਾਕੜ ਨੇ ਬੰਗਾਲ ਦੇ ਪਟਸਨ ਦੇ ਕਾਰਖਾਨੇ 'ਚ ਔਖੇ ਦਿਨ ਕੱਟੇ ਸਨ। ਬੰਗਾਲ ਦਾ ਸੋਨਾ ਗਾਚੀ ਬਾਜ਼ਾਰ ਜਿੱਥੇ ਉਹ ਰੰਡੀਆਂ ਦੇ ਘਰ ਗਿਆ ਸੀ। ਰੇਸ਼ਮਾ ਦੀ ਯਾਦ 'ਚ ਹੀ ਉਸ ਨੇ ਰੱਜ ਰੱਜ ਭਾਨੇ ਦੇ ਹੋਟਲ ਤੇ ਪੀਤੀ ਸੀ। ਰੇਸ਼ਮਾ, ਕਾਕੜ ਦੀ ਸ਼ਰਾਬ, ਅੱਜ ਉਸ ਸਾਹਮਣੇ ਬੈਠੀ ਸੀ। ਤੇ ਆਖ਼ਿਰ ਬੰਗਾਲ ਦੀ ਜਲਾਵਤਨੀ ਮਗਰੋਂ ਏਥੇ ਆ ਕੇ ਸੈਂਸੀਆਂ ਦੀ ਚੱਕਮੀ ਜਿਹੀ ਕੁੜੀ ਦੀ ਛੇੜ ਛਾੜ ਤੇ ਇਸ ਛੇੜਛਾੜ ਦੀ ਸਮਾਪਤੀ ਤੇ ਇਹ ਹਾਦਸਾ। ਕਾਕੜ ਨੂੰ ਖਿੱਝ ਜਿਹੀ ਆਉਂਦੀ। ਉਹ ਉਨ੍ਹਾਂ ਅੱਗੇ ਮੰਨ ਕਿਉਂ ਨਹੀਂ ਜਾਂਦੀ। ਕਾਰਖਾਨੇ 'ਚੋਂ ਬੇਪੱਤ ਹੋ ਕੇ ਨਿਕਲਿਆ ਕਾਕੜ ਆਪਣੇ ਚਾਚੇ ਵਲੈਤੀ ਕੋਲ ਪਿਆ ਰਹਿੰਦਾ। ਵਲੈਤੀ ਸਭ ਸਮਝਦਾ ਸੀ। ਕੋਈ ਗੱਲ ਹੋ ਗਈ। ਪਰ ਇਹ ਸੋਚ ਕੇ ਵਲੈਤੀ ਚੁੱਪ ਕਰ ਜਾਂਦਾ ਕਿ ਕਾਕੜ ਕਿਹੜਾ

ਹੁਣ ਬੱਚਾ ਹੈ? ਤੇ ਫੇਰ ਵਲੈਤੀ ਤੇ ਬਿਰਜੂ ਆਪਣੇ ਨਿੱਕੇ ਨਿੱਕੇ ਸ਼ੁਗਲ 'ਚ ਰਚ ਮਿਚ ਜਾਂਦੇ। ਬਿਰਜੂ ਹੌਲੀ ਹੌਲੀ ਅਖਬਾਰ ਪੜ੍ਹਦਾ, ਮੰਤਰੀ ਇਕ ਨਰਸ ਦੇ ਘਰ ਮੱਲੋ ਮੱਲੀ ਜਾ ਵੜਿਆ। 'ਪ੍ਰਧਾਨ ਮੰਤਰੀ ਨੂੰ ਜ਼ੁਕ਼ਾਮ ਹੋ ਗਿਆ। ਮੁੱਖ ਮੰਤਰੀ ਦੀ ਕਾਰ ਸੜਕ ਉਤਰ ਗਈ।

ਕਈ ਵਾਰ ਵਲੈਤੀ ਵਿਚੋਂ ਟੁੱਕ ਕੇ ਪੁੱਛਦਾ, "ਫੇਰ ਬਈ ਕੋਈ ਬੰਗਾਲ ਦੀ ਖ਼ਬਰ ਸੁਣਾ। ਇਹ ਬੰਦੇ ਕੈਅਮ ਨੇ" "ਅੱਛਾ ਅੱਛਾ!" ਬਿਰਜੂ ਆਖਦਾ। ਅਖ਼ਬਾਰ ਦੇ ਕਾਗਜ਼ ਨੂੰ ਉਲਟਾਉਂਦਾ ਆਖ਼ਿਰ ਤਾਲਾ ਬੰਦ ਹੜਤਾਲ ਦੀ ਖ਼ਬਰ ਤੇ ਪੁੱਜ ਗਿਆ। ਤਾਲਾ ਬੰਦ ਹੜਤਾਲ..... ਦੇਵਨ ਬਸੂ.... ਦੇਵਨ ਬਸੂ.... ਦਾ ਨਾਂ ਅੰਦਰ ਪਏ ਕਾਕੜ ਨੂੰ ਬਿੱਛੂ ਵਾਂਗ ਡੰਗ ਮਾਰ ਰਿਹਾ ਸੀ। ਬਿਰਜੂ ਨੇ ਖਬਰ ਪੜ੍ਹੀ। ਵਲੈਤੀ ਨੇ ਬੜੇ ਚਾਅ ਨਾਲ ਸੁਣੀ ਤੇ ਅੰਦਰ ਪਏ ਕਾਕੜ ਦੇ ਹੱਡਾਂ ਨੂੰ ਜਿਵੇਂ ਜ਼ਹਿਰ ਚੜ੍ਹ ਰਹੀ ਹੋਵੇ।

ਕਾਕੜ ਦੇ ਸਾਹਮਣੇ ਕਲੱਕਤੇ ਦੀ ਇਕ ਮਜ਼ਦੂਰ ਬਸਤੀ ਦਾ ਦ੍ਰਿਸ ਫਿਰ ਗਿਆ। ਕਾਮਰੇਡ ਮਾਤੂ ਦਾ ਪਿਤਾ, ਮਾਤੂ ਚੌਰੰਗੀ ਦੀ ਸੜਕ ਤੇ ਲੁੱਕ, ਤੱਤੀ ਤੱਤੀ ਲੁੱਕ ਪਾ ਰਿਹਾ ਹੈ ਤੇ ਇਕ ਬਾਲਟੀ, ਤੱਤੀ ਲੁੱਕ ਦੀ ਬਾਲਟੀ ਉਸ ਦੇ ਪੈਰਾਂ ਤੇ ਪੈ ਗਈ ਹੁੰਦੀ ਹੈ ਇਸ ਖ਼ਿਆਲ ਨਾਲ ਉਹ ਜਿਵੇਂ ਉਬੜਵਾਹੇ ਬੰਦੇ ਵਾਂਗ ਉੱਠਿਆ ਤੇ ਉੱਠ ਕੇ ਬਾਹਰ ਨੂੰ ਭੱਜ ਤੁਰਿਆ। ਭੱਜਦਾ, ਭੱਜਦਾ ਪਿੱਛੇ ਪਿੱਛੇ ਵੇਖਦਾ ਜਾ ਰਿਹਾ ਸੀ ਜਿਵੇਂ ਉਸ ਪਿੱਛੇ ਦੇਵਣ ਜੀਪ ਲਈ ਆ ਰਿਹਾ ਹੁੰਦਾ ਹੈ ਤੇ ਉਹ ਉਸ ਨੂੰ ਜੀਪ ਹੇਠਾਂ ਲੈ ਕੇ ਮਾਰ ਦੇਵੇਗਾ। ਆਖਰ ਭੱਜਦਾ ਹੱਫਦਾ ਉਹ ਰੇਸ਼ਮਾ ਦੇ ਘਰ ਝੱਭਰੀਂ ਪੁੱਜ ਗਿਆ।

ਪਿੰਡ 'ਚ ਬੜੇ ਸਾਊ ਢੰਗ ਨਾਲ ਤੁਰਦਿਆਂ ਤੁਰਦਿਆਂ ਕਾਕੜ ਨੇ ਬਚਨੇ ਨੂੰ ਖਊਂ ਖਊਂ ਕਰਦਿਆਂ ਬਾਹਰ ਜਾਂਦਿਆਂ ਵੇਖਿਆ। ਉਸ ਨੂੰ ਚਾਅ ਚੜ੍ਹ ਗਿਆ ਕਿ ਰੇਸ਼ਮਾ ਘਰੇ ਇਕੱਲੀ ਹੋਵੇਗੀ। ਉਸ ਦੀ ਰੇਸ਼ਮਾ, ਕਾਕੜ ਦੀ ਰੇਸ਼ਮਾ।

ਕਾਕੜ ਦੇ ਖਿਆਲ ਦਾ ਗੇੜਾ ਠੰਢਾ ਪੈ ਚੁੱਕਾ ਸੀ। ਆਖ਼ਿਰ ਕਾਕੜ ਨੇ ਰੇਸ਼ਮਾ ਦੇ ਘਰ ਦੇ ਦਰਵਾਜ਼ੇ ਦੀ ਅਰਲ ਆਪ ਹੀ ਉਲਟਾ ਲਈ ਤੇ ਹੌਲੀ ਹੌਲੀ ਜਦ ਉਸ

ਅਗਾਂਹ ਕਦਮ ਚੁੱਕੇ ਤਾਂ ਉਸ ਉੱਤੇ ਇਕ ਪਹਾੜ ਜਿਵੇਂ ਡਿੱਗ ਪਿਆ ਹੁੰਦਾ। ਸ਼ਾਰਧਾ ਬੈਠੀ ਰੇਸ਼ਮਾ ਨਾਲ ਗੱਲਾਂ ਕਰ ਰਹੀ ਸੀ। ਸਹੇ ਵਾਂਗ ਛਾਪਲ ਕੇ ਕਾਕੜ ਉਥੇ ਹੀ ਸਬਾਤ ਵਿੱਚ ਬੈਠ ਗਿਆ।

ਸ਼ਾਰਧਾ ਦੇ ਬੋਲ ਬਿਜਲੀ ਦੀ ਗਰਜ ਵਾਂਗ ਉਸ ਦੇ ਕੰਨਾਂ ਵਿੱਚ ਪੈ ਰਹੇ ਸਨ, "ਵੇਖ ਰੇਸ਼ਮਾ! ਤੈਨੂੰ ਮੈਂ ਸਾਫ਼ ਸਾਫ਼ ਦੱਸਾਂ; ਜਿਹੜਾ ਤੂੰ ਆਖਦੀ ਐ ਉਹ ਤੇਰਾ ਪਿਆਰੈ...."

ਰੇਸ਼ਮਾਂ ਦੀਆਂ ਅੱਖਾਂ ਵਿੱਚ ਜਿਵੇਂ ਸ਼ਰਮ ਦਾ ਸੁਰਮਚੂ ਫਿਰ ਗਿਆ ਹੁੰਦਾ ਹੈ। ਸ਼ਾਰਧਾ ਨੇ ਆਪਣੇ ਇਕ ਤੋਲ ਭਾਵਾਂ 'ਚ ਕਹਿਣਾ ਸ਼ੁਰੂ ਕੀਤਾ, "ਅੱਜ ਦੇ ਕਾਹਦੇ ਪਿਆਰ ਨੇ? ਮੈਨੂੰ ਰੇਸ਼ਮਾ ਪਤੈ ਇਹ ਤਾਂ ਸਾਰਾ ਜਾਲ ਇਸ਼ਕ ਹੁਸਨ ਦਾ ਇਕ ਡਰਾਮਾ ਤੇ ਇਸ ਡਰਾਮੇ ਦਾ ਪ੍ਰਚਾਰ ਕਰਨ ਵਾਲਾ ਸਰਮਾਏਦਾਰ ਐ। ਇਸ਼ਕ ਦੀ ਅਸਲੀ ਤਸਵੀਰ ਤੇ ਹੁਸਨ ਦੀ ਰੂਹ, 'ਚ ਭੁੱਖ ਦੇ ਰੰਗ ਨੇ ਰੇਸ਼ਮਾ! ਭੁੱਖ ਦੇ ਰੰਗਾਂ ਦੀ ਕਹਾਣੀ ਕਹਿਣ ਵਾਲੇ ਮਜ਼ਦੂਰਾਂ ਅੱਗੇ ਅਜੇ ਹੋਰ ਬਹੁਤੇਰੀਆਂ ਲੰਮੀਆਂ ਵਾਟਾਂ ਨੇ। ਇਸ ਹੁਸਨ ਤੇ ਇਸ ਇਸ਼ਕ ਦੇ ਸੌ ਕਿੱਸੇ ਕਹਾਣੀਆਂ ਨੇ.... ਚੰਗਾ ਫੇਰ ਤੂੰ ਹੁਣ ਕੱਲ੍ਹ ਨੂੰ ਜ਼ਰੂਰ ਕਾਰਖਾਨੇ ਆਈ। ਇਉਂ ਮੈਂ ਤੈਨੂੰ ਭੱਜਣ ਨੀਂ ਦਿੰਦੀ।" ਬਾਹਿਰ ਵੱਲ ਜਾਂਦੀ ਸ਼ਾਰਧਾ ਨੂੰ ਰੇਸ਼ਮਾ ਨੇ ਉਸ ਦੀ ਚੁੰਨੀ ਦਾ ਪੱਲਾ ਫੜਦਿਆਂ ਪਿੱਛੇ ਮੋੜ ਲਿਆ। ਰੇਸ਼ਮਾ ਨੂੰ ਸ਼ਾਰਧਾ ਨਾਲ ਤਿਉ ਸੀ ਤੇ ਉਹ ਆਪਣੇ ਮਨੋਰਥ 'ਚ ਪਿੱਛੇ ਬੀ ਨਹੀਂ ਹਟਣਾ ਚਾਹੁੰਦੀ ਸੀ। ਜਦ ਪਹਿਲਾਂ ਪਹਿਲ ਸ਼ਾਰਧਾ ਰੇਸ਼ਮਾ ਨੂੰ ਉਸ ਦੇ ਪਿੰਡ ਮਿਲਣ ਆਈ ਸੀ ਤਦ ਈਸ਼ਰੋ ਨੇ ਸ਼ਾਰਧਾ ਨੂੰ ਰੇਸ਼ਮਾ ਬਾਰੇ ਗੱਲ ਕੱਥ ਸੁਣਾਉਂਦਿਆਂ ਕਿੰਨਾ ਕੁੱਝ ਦੱਸਿਆ ਸੀ, "ਭਾਈ ਬੀਬੀ ਤੂੰ ਤਾਂ ਵੇਖ ਲੈ ਨਵੇਂ ਜਮਾਨੇ ਦੇ ਰੰਗ 'ਚ ਐ ਤੇ ਪਤਾ ਨੀ ਕੀ ਕਹਿਨੀ ਹੁਨੀ ਐ ਆਪਾਂ ਹੁਣ ਹੋਰ ਤਰ੍ਹਾਂ ਲੜਨੈ ਪਰ ਭਾਈ ਬੀਬੀ ਇਸ ਰੇਸ਼ਮਾ ਦਾ ਤਾਂ ਸਾਰੇ ਪਿੰਡ 'ਚ ਰਿਕਾਰਡ ਐ ਬਈ ਇਹ ਕਿਸੇ ਨੂੰ ਹਲਾਂ ਕੁੱਤੀ ਨੀ ਕਹਿਣ ਦਿੰਦੀ। ਆਹ ਜਿਹੜਾ ਵਜ਼ੀਰ ਦੇ ਮੁਰੈਲੀ ਨੇ ਨਾ ਬਣੀ ਫਿਰਦੇ, ਏਨਾਂ 'ਚੋਂ ਕਈਆਂ ਨੇ ਬਚਨੇ ਨੂੰ ਸਿਧਰਾ ਜਿਹਾ ਵੇਖ ਰੇਸ਼ਮਾਂ ਨੂੰ.... ਬੱਸ ਭਾਈ ਇਨੇ ਤਾਂ ਪਿਡ 'ਚ ਕੀ ਕੈਨੀ ਐ ਬਈ ਬੀਬੀ ਆਪਣਾ ਸਿਦਕ ਰੱਖ ਕੇ ਦਿਖਾਤਾ। ਕਾਨੂੰ ਕੈਨੀ ਐ, ਏਦੀ ਤਾਂ ਹੁਣ ਪਿੰਡ 'ਚ ਝੰਡੀ ਐ। ਰੇਸ਼ਮਾ ਵਰਗਾ ਚੀੜ੍ਹਾ ਕੇੜ੍ਹਾ ਹੋ ਜੂਗਾ ਤੇ ਨਾਲੇ ਪੱਲੇ

ਦੀ ਪੂਰੀ ਐ। ਆਪ ਦੇਖ ਲੈ ਉਸ ਬਚਨੇ ਨਾਲ ਕੱਟੀ ਜਾਂਦੀ ਐ ਜੀਹਨੇ ਏਸ ਨਾਲ ਜਦੋਂ ਇਹ ਆਈ ਆਈ ਸੀ ਬੜੀ ਕੁਪੱਤ ਕੀਤੀ ਸੀ ਪਰ ਏਨੇ ਮਾਂ ਦੀ ਬੱਚੀ ਨੇ ਅਜੇ ਤੱਕ ਬਚਨੇ ਤੇ ਖ਼ੂਨ ਡੋਲ੍ਹਿਆ....

ਬਚਨੇ ਤੇ ਖ਼ੂਨ ਡੋਲ੍ਹਣ ਵਾਲੀ ਸਿਦਕ ਦੀ ਪੱਕੀ ਰੇਸ਼ਮਾ ਲਈ ਸ਼ਾਰਧਾ ਦੇ ਮਨ 'ਚ ਇਕ ਥਾਂ ਸੀ ਤੇ ਇਸੇ ਕਰ ਕੇ ਹੀ ਉਸ ਨੂੰ ਪ੍ਰੋ: ਬਾਦਲ ਦੀ ਗੱਲ ਚੇਤੇ ਪੈਂਦੀ "ਇਹ ਸਿਦਕ ਦੇ ਪੱਲੇ ਦੇ ਪੂਰੇ ਜ਼ਿੰਦਗੀ ਦੇ ਪਾਤਰ ਜਦੋਂ ਬਦ-ਤਮੀਜ਼ੀਆਂ ਦੀ ਪੰਡ ਨੂੰ ਸਦਰ ਬਾਜ਼ਾਰ 'ਚ ਵਗਾਹ ਮਾਰਦੇ ਨੇ ਉਸ ਵੇਲੇ ਇਨਕਲਾਬ ਦੀ ਗੱਲ ਤੁਰਦੀ ਹੈ। ਪ੍ਰੋ: ਬਾਦਲ ਦੀਆਂ ਕਿੰਨੀਆਂ ਗੱਲਾਂ ਦੀ ਲੜੀ ਜਿਹੀ ਬਣ ਗਈ। ਸ਼ਾਰਦਾ ਦੇ ਅੰਦਰ ਚਿਣਗ ਜਿਹੀ ਬਣ ਕੇ ਉੱਭਰੀ ਤੇ ਇਕ ਦਮ ਰੇਸ਼ਮਾ ਨੇ ਸ਼ਾਰਧਾ ਨੂੰ ਪੱਲੇ ਤੋਂ ਫੜ ਕੇ ਬਿਠਾਂਦਿਆਂ ਇਕ ਅਪਣੱਤ ਭਰੇ ਸੁਆਦ 'ਚ ਆਖਿਆ, ਬੀਬੀ! ਇਹ ਪਿਆਰ ਪਿਉਰ ਤਾਂ ਐਵੇਂ ਹੀ ਹੁੰਦੇ ਨੇ ਪਰ ਤੂੰ...." ਸ਼ਾਰਧਾ ਨੂੰ ਰੇਸ਼ਮਾ ਦਾ ਇਸ਼ਾਰਾ ਸਾਫ਼ ਸਾਫ਼ ਬਿਜਲੀ ਦੀ ਲਕੀਰ ਬਣ ਗਿਆ ਜਾਪਦਾ ਸੀ। ਸ਼ਾਰਧਾ ਨੇ ਸਾਰੀ ਗੱਲ ਸਪਸ਼ਟ ਕਰਨ 'ਚ ਹੀ ਨੀਤ ਸਮਝੀ, 'ਬਈ ਰੇਸ਼ਮਾ ਇਹ ਗੱਲ ਉਹ ਨੀ ਜਿਹੜੀ ਤੂੰ ਸਮਝਦੀ ਐ। ਪ੍ਰੋ: ਨਾਲ ਤਾਂ ਮੇਰਾ ਕੋਈ ਉਲਝਾ ਨਹੀਂ ਤੇ ਇਹ ਸਰਮਾਏਦਾਰੀ ਇਸ਼ਕ ਹੁਸਨ ਸਭ ਉਲਝਾ ਹੁੰਦੇ ਹਨ। ਪਰ ਵੇਖ ਰੇਸ਼ਮਾ ਤੈਨੂੰ ਸਭ ਦੱਸਾਂ ਜਦ ਤੂੰ ਇਹ ਛੇੜ ਹੀ ਲਿੱਤੀ ਹੈ-ਪ੍ਰੋ: ਕਾਰਖਾਨੇ 'ਚ ਆਉਦਾ ਹੁੰਦਾ ਸੀ। ਉਸ ਨੇ ਭਾਰਤੀ ਸੁਤੰਤਰਤਾ ਤੇ ਭਾਰਤੀ ਮਜ਼ਦੂਰ 1947 ਪਿੱਛੋਂ ਤੇ ਇਕ ਥੀਸਿਸ ਲਿਖਿਆ ਹੈ ਉਸ ਤੇ ਉਸ ਨੂੰ ਅਰਥ ਸ਼ਾਸ਼ਤਰ ਦੀ ਡਾਕਟਰੇਟ ਮਿਲੀ ਹੈ।"

ਰੇਸ਼ਮਾ ਨੇ ਜਿਵੇਂ ਇਸ ਕਹਾਣੀ ਨੂੰ ਛੇੜ ਕੇ ਇਕ ਅਵੱਗਿਆ ਕਰ ਲਈ ਹੁੰਦੀ ਹੈ। ਉਹ ਭਲੀ ਪ੍ਰਕਾਰ ਜਾਣਦੀ ਸੀ ਕਿ ਸ਼ਾਰਧਾ ਦੀ ਉਸ ਨਿੱਕੇ ਜਿਹੇ ਕਾਰਖਾਨੇ 'ਚ ਇੱਜ਼ਤ ਹੈ। ਦਸ ਵੀਹ। ਜਿੰਨੀਆਂ ਭੀ ਤ੍ਰੀਮਤਾਂ ਉਸ ਕਪਾਹ ਦੀ ਫੈਕਟਰੀ ਵਿੱਚ ਕੰਮ ਕਰਦੀਆਂ ਹਨ ਸ਼ਾਰਧਾ ਨੂੰ ਹੱਥਾਂ 'ਤੇ ਚੱਕਦੀਆਂ ਹਨ। ਤੇ ਪ੍ਰੋ: ਹੁਣ ਵੀ ਜਦ ਕਦੇ ਕਾਰਖਾਨੇ ਆਉਂਦਾ ਹੈ ਤਾਂ ਲੋਕੀ ਡਾਕਟਰ ਸਾਹਿਬ, ਡਾਕਟਰ ਸਾਹਿਬ ਕਰਦੇ ਨੀ ਥੱਕਦੇ। ਤੇ ਉਸ ਦਿਨ ਜਿਸ ਦਿਨ ਈਸ਼ਰੋ ਪੰਡਤਾਈ ਨੂੰ ਭਖ ਜਿਹੀ ਹੋਈ ਸੀ ਤੇ ਉਸ ਨੇ

ਪ੍ਰੋ: ਅੱਗੇ ਬਾਂਹ ਕਰ ਕੇ ਆਖਿਆ ਸੀ, "ਵੇਖਿਓ ਡਾਕਟਰ ਸਾਹਿਬ, ਮੈਨੂੰ, ਮੇਰਾ ਚਿੱਤ ਕੁੱਝ ਭਾਰੀ ਭਾਰੀ ਲੱਗਦੈ.... ਪ੍ਰੋ: ਵਿਧਵਾ ਈਸ਼ਰੋ ਦੀ ਬਾਂਹ ਫੜ ਕੇ ਕਿੰਨਾ ਗੰਭੀਰ ਹੋ ਕੇ ਸੋਚਦਾ ਰਿਹਾ ਸੀ।

ਰੇਸ਼ਮਾ ਨੂੰ ਫੇਰ ਇਕ ਦਿਨ ਸ਼ਾਰਧਾ ਨੇ ਸਭ ਕੁੱਝ ਦੱਸਿਆ, "ਭੈਣੇ ਇਹ ਡਾਕਟਰ ਤਾਂ ਇਕ ਖੋਜ ਕਰਦੇ ਨੇ। ਤੇ ਸ਼ਾਰਧਾ ਨੂੰ ਰੇਸ਼ਮਾ ਦੀ ਆਖੀ ਗੱਲ ਅੱਜ ਤਕ ਚੇਤੇ ਸੀ, "ਬੀਬੀ ਸਾਡੇ ਵੇਲੇ ਤਾਂ ਆਹ ਅੱਗ ਲਾਉਣੇ ਡਾਕਟਰ ਹੁੰਦੇ ਸੀ ਮੰਡੀ ਡਾਕਖਾਨੇ ਜਾਂਦੀਆਂ ਦਾਰੂ ਲੈ ਆਉਂਦੀਆਂ। ਫੇਰ ਅੱਗ ਲੱਗਣੇ ਡੰਗਰ ਡਾਕਟਰ ਆਏ। ਪਹਿਲਾਂ ਤਾਂ ਬੀਬੀ ਕੋਈ ਨਾ ਸੀ ਹੁੰਦਾ। ਡੰਗਰਾਂ ਦੇ ਸਿਆਣੇ ਹੁੰਦੇ ਸੀ ਪਰ ਆਹ ਹੁਣ...." ਰੇਸ਼ਮਾ ਨੂੰ ਹੁਣ ਕੋਈ ਰਾਹ ਨਹੀਂ ਲੱਭ ਰਿਹਾ ਸੀ ਉਹ ਆਪਣੀ ਗੱਲ ਨੂੰ ਮੋੜੇ ਕਿਵੇਂ ਤੇ ਇਸ ਤੋਂ ਪਹਿਲਾਂ ਕਿ ਰੇਸ਼ਮਾ ਗਲ ਦਾ ਮੋੜ ਮੋੜਦੀ ਸ਼ਾਰਧਾ ਦੱਸਦੀ ਰਹੀ। ਆਖ਼ਿਰ ਜਦ ਉਹ ਕਾਰਖਾਨੇ ਆਉਂਦਾ ਰਿਹਾ ਮੇਰੇ ਨਾਲ ਬੈਠ ਕੇ ਕਈ ਡੂੰਘੇ ਡੂੰਘੇ ਪ੍ਰਸ਼ਨ ਸਾਂਝੇ ਕਰਦਾ ਰਿਹਾ। ਮੈਂ ਭੀ ਉਸ ਨਾਲ ਆਪਣੇ ਵੇਲੇ ਦੇ ਪ੍ਰੋਫੈਸਰਾਂ ਦੀਆਂ ਗੱਲਾਂ ਛੇੜ ਲੈਂਦੀ। ਮਾਸਟਰਾਂ ਦੀਆਂ ਗੱਲਾਂ.... ਉਸ ਨੂੰ ਮੇਰੇ 'ਚ ਦਿਲਚਸਪੀ ਹੋਣ ਲਗ ਪਈ। ਮੈਂ ਭੀ ਉਸ ਦੀ ਉਡੀਕ ਕਰਦੀ ਰਹਿੰਦੀ, ਉਸ ਵੇਲੇ ਦੀ ਆਹ ਸੈਂਸੀਆਂ ਤੇ ਛੱਜ-ਘਾੜਿਆਂ ਦੀਆਂ ਕੁੜੀਆਂ ਮੈਨੂੰ ਛੇੜਦੀਆਂ ਪਰ ਮੈਨੂੰ ਤਾਂ ਇਹ ਸਭ ਕੁਝ ਖੇਲ ਖੇਲ ਕੇ ਪਤਾ ਲੱਗਿਆ ਹੋਇਆ ਸੀ। ਮੇਰੀ ਤੇ ਪ੍ਰੋਫੈਸਰ ਦੀ ਦਿਲਚਸਪੀ ਇਹੋ ਜਿਹੀ ਨਹੀਂ ਸੀ ਜਿਸ ਤੇ ਉਂਗਲ ਰੱਖੀ ਜਾਵੇ। ਉਹ ਬੰਗਾਲ ਦੇ ਕਾਰਖਾਨਿਆਂ 'ਚ ਗਿਆ। ਉਸ ਨੇ ਕਈ ਹੋਰ ਪ੍ਰਾਂਤਾਂ ਦੇ ਮਜ਼ਦੂਰਾਂ ਨੂੰ ਵੇਖਿਆ। ਉਸ ਨੇ ਦੂਜੇ ਮੁਲਕਾਂ ਦੇ ਮਜ਼ਦੂਰਾਂ ਬਾਰੇ ਬਹੁਤ ਕੁਝ ਪੜ੍ਹਿਆ। ਮੈਨੂੰ ਉਹ ਬੜਾ ਕੁਝ ਦੱਸਦਾ। ਮੈਨੂੰ ਸੁਣ ਕੇ ਤੇ ਉਸ ਨੂੰ ਬੜੀ ਖੁਸ਼ੀ ਹੁੰਦੀ। ਉਹ ਕਈ ਵਾਰ ਆਖਦਾ ਹੁੰਦਾ ਸੀ ਇਕ ਚੰਗਾ ਸਰੋਤਾ ਭੀ ਬਹੁਤ ਵੱਡਾ ਵਰਦਾਨ ਹੁੰਦੈ ਸ਼ਾਰਧਾ। ਇਸ ਸਾਂਝੀ ਦਿਲਚਸਪੀ ਸਦਕਾ ਉਸ ਦਾ ਸਾਡੇ ਘਰ ਵੀ ਆਉਣ ਜਾਣ ਹੋ ਗਿਆ। ਉਹ ਬੜੇ ਦੁਖ ਨਾਲ ਆਖਿਆ ਕਰਦੈ ਰੇਸ਼ਮਾ! 'ਪੰਜਾਬ ਦੇ ਮਜ਼ਦੂਰਾਂ 'ਚ ਤੰਤ ਨੀ, ਬੰਗਾਲ ਦੇ ਮਜ਼ਦੂਰਾਂ 'ਚ ਅੱਗ ਹੈ, ਸੰਗਠਨ ਹੈ। ਤੇ ਇੰਝ ਬੜੀਆਂ ਡੂੰਘੀਆਂ ਗੱਲਾਂ ਭੀ ਉਹ ਦੱਸਦਾ ਰਹਿੰਦਾ ਜਿਨ੍ਹਾਂ 'ਚੋਂ ਮੈਨੂੰ

ਕਈਆਂ ਦਾ ਕੁੱਛ ਸਮਝ ਹੀ ਨਾ ਪੈਂਦਾ। ਤਾਂ ਹਾਂ ਸੱਚ ਭਾਈ ਰੇਸ਼ਮਾ ਆਹ ਤੇਰਾ ਜਿਹੜਾ ਕਾਕੜ ਐ ਨਾ ਜਿਨੂੰ ਤੂੰ ਕੈਨੀ ਐ.... ਇਹ ਪਤੈ ਬੰਗਾਲ 'ਚੋਂ ਕੀ ਕਰ ਕੇ ਭੱਜਿਐ...."

ਕਾਕੜ ਨਾਲ ਹੋਈ ਬੀਤੀ ਗੱਲ ਜਦ ਸ਼ਾਰਧਾ ਨੇ ਸੁਣਾਈ ਤੇ ਰੇਸ਼ਮਾ ਨੇ ਸੁਣੀ ਤਾਂ ਸਬਾਤ 'ਚ ਬੈਠਾ ਕਾਕੜ ਅੱਜ ਪਹਿਲੇ ਦਿਨ ਇਉਂ ਮਹਿਸੂਸ ਕਰ ਰਿਹਾ ਸੀ ਜਿਵੇਂ ਉਸ ਦਾ ਖ਼ੂਨ, ਪਾਣੀ, ਪੀਲਾ, ਪਾਣੀ ਬਣ ਗਿਆ ਹੋਵੇ। ਤੇ ਉਸਨੇ ਹੌਲੀ ਹੌਲੀ ਸਬਾਤ 'ਚੋਂ ਖਿਸਕਣਾ ਸ਼ੁਰੂ ਕਰ ਦਿੱਤਾ। ਰੇਸ਼ਮਾ ਨੇ ਵੀ ਅੱਜ ਇਉਂ ਮਹਿਸੂਸ ਕੀਤਾ ਜਿਵੇਂ ਉਸ ਨੇ ਭੀ ਇਕ ਇਸ਼ਕ-ਆਸ ਲਾਈ ਰੱਖੀ ਹੋਵੇ। ਰੇਸ਼ਮਾ ਦੀਆਂ ਅੱਖਾਂ 'ਚੋਂ ਡਿੱਗਦੇ ਹੰਝੂ ਸ਼ਾਰਧਾ ਤੇ ਜਿਵੇਂ ਕੋਈ ਅਸਰ ਜਿਹਾ ਨਹੀਂ ਸਨ ਕਰ ਰਹੇ। ਸ਼ਾਰਧਾ ਨੇ ਫੇਰ ਆਖਿਆ, "ਰੇਸ਼ਮਾ! ਉਨ੍ਹਾਂ ਲਈ ਹਾਉਕੇ ਤੇ ਔਸੀਆਂ ਜਿਹੜੇ ਆਪਣੀ ਸ਼੍ਰੇਣੀ ਨਾਲ ਹੀ....

ਸ਼ਾਰਧਾ 'ਚ ਇਹ ਪ੍ਰੋਫ਼ੈਸਰ ਬੋਲ ਰਿਹਾ ਸੀ। ਅਖੀਰ ਸ਼ਾਰਧਾ ਰੇਸ਼ਮਾ ਤੋਂ ਕੱਲ੍ਹ ਆਉਣ ਦਾ ਬਚਨ ਲੈ ਕੇ ਮੰਡੀ ਪਰਤ ਗਈ।

ਹੌਲੀ ਹੌਲੀ ਸੂਰਜ ਹੇਠਾਂ ਉਤਰਦਾ ਗਿਆ। ਪੱਛਮ ਦੀ ਲਾਲੀ 'ਚ ਪੂਰਬ ਦਾ ਚਾਨਣ ਗੁਆਚ ਗਿਆ। ਰਾਤ ਪੈ ਗਈ। ਇਹ ਰਾਤ ਰੇਸ਼ਮਾ ਲਈ ਉਦਰੇਵਿਆਂ ਭਰੀ ਰਾਤ ਸੀ। ਕਾਕੜ ਦੀ ਕਹਾਣੀ ਦੇ ਮੁੱਢ ਤੋਂ ਲੈ ਕੇ ਅੱਜ ਤੱਕ ਦੇ ਹੁੰਗਾਰਿਆਂ ਦੀ ਰਾਤ, ਰੇਸ਼ਮਾ ਬਣ ਗਈ। ਨੀਂਦ ਜਿਵੇਂ ਰੇਸ਼ਮਾ ਨਾਲ ਅੱਜ ਰੁੱਸ ਗਈ ਹੋਵੇ। ਰੇਸ਼ਮਾ ਤੇ ਵੀਹ ਭਾਰ ਪਏ ਸਨ ਪਰ ਉਸ ਦੀ ਨੀਂਦ ਅੱਜ ਤੱਕ ਉਸ ਨੂੰ ਇਉਂ ਦਗਾ ਨਹੀਂ ਸੀ ਦੇ ਸਕੀ। ਹਰ ਔਕੜ 'ਚ ਰੇਸ਼ਮਾ ਹੋਰ ਕਰੜੀ ਹੋਰ ਤਕੜੀ ਹੋਰ ਕਰਾਰ ਲੈ ਕੇ ਸੌਂਦੀ ਤੇ ਹੋਰ ਜੇਰਾ ਲੈ ਕੇ ਉੱਠਦੀ। ਉਹ ਕਈ ਵਾਰ ਆਪਣੇ ਖ਼ੂਨ ਦੀ ਇਸ ਤਾਸੀਰ ਤੇ ਹੈਰਾਨ ਭੀ ਬੜੀ ਹੁੰਦੀ। ਪਰ ਅੱਜ ਦੀ ਰਾਤ ਰੇਸ਼ਮਾ ਨੇ ਕਿੰਨੇ ਉੱਸਲਵੱਟੇ ਲਏ ਪਰ ਬੇਅਰਥ ਅੱਜ ਉਸ ਨੂੰ ਆਪਣੀ ਨੀਂਦ ਤੇ ਆਪਣੇ ਖ਼ੂਨ ਤੇ ਗੁੱਸਾ ਆ ਰਿਹਾ ਸੀ।

ਉੱਸਲਵੱਟੇ ਲੈਂਦੀ ਰੇਸ਼ਮਾ ਨੂੰ ਕਾਕੜ ਦੀ ਦਗੇਬਾਜ਼ੀ ਚੇਤੇ ਪਈ ਤੇ ਫੇਰ ਉਸ ਨੂੰ ਉਸ ਦੀ ਕੁਝ ਦਿਨ ਪਹਿਲਾਂ ਦਿੱਤੀ ਪੋਟਲੀ ਦਾ ਧਨ ਇਉਂ ਲੱਗਿਆ ਜਿਵੇਂ ਪੋਟਲੀ

ਵਿਚਲੇ ਨੋਟ ਨਾਗ ਬਣ ਗਏ ਹੋਣ ਤੇ ਰੇਸ਼ਮਾ ਨੂੰ ਡੰਗ ਮਾਰ ਰਹੇ ਹੋਣ। ਉੱਸਲਵੱਟੇ ਲੈਂਦੀ ਰੇਸ਼ਮਾ ਨੂੰ ਅੱਜ ਦੀ ਇਸ ਰਾਤ 'ਚ ਪਹਿਲੀ ਵਾਰ ਡਰ ਨੇ ਕਾਲਾ ਕਾਲਾ ਇਕ ਘਸੁੰਨ ਜਿਹਾ ਵਿਖਾਇਆ। ਉਸ ਦਾ ਜੀਅ ਕੀਤਾ ਉਹ ਰੱਜ ਕੇ ਰੋਵੇ ਤੇ ਦਿਲ ਹੌਲਾ ਕਰੇ ਪਰ ਉਹ ਰੋਵੇ ਤਾਂ ਕਿਉਂ ਰੋਵੇ?

ਜਦ ਕਦੀ ਉਸਦੀ ਨਣਦ ਸੀਤੋ ਪੇਕੇ ਆਉਂਦੀ, ਉਹ ਆਪਣੀ ਭਾਬੀ ਰੇਸ਼ਮਾ ਨੂੰ ਸੌ ਸੌ ਅਸੀਸਾਂ ਦੇਂਦੀ। ਭਾਬੀ ਮੈਂ ਤਾਂ ਕਹਿਨੀਆਂ ਤੇਰੀਆਂ ਸੱਤ ਕੁੱਲਾਂ ਤਰਨ। ਮੇਰੀਆਂ ਤਾਂ ਭਾਬੀ ਤੂੰ ਮਹਲਾਂ 'ਚ ਬੰਙਲੀਆਂ ਗੱਡ ਤੀਆਂ। ਆਖਦੀ ਆਖਦੀ ਸੀਤੋ ਚਾਅ-ਮੱਤੀ ਆਪਣੀ ਭਾਬੀ ਰੇਸ਼ਮਾ ਨਾਲ ਬੜੀ ਚੁਹਲ ਕਰਦੀ।

ਤੇ ਫੇਰ ਰੇਸ਼ਮਾ ਨੂੰ ਚੇਤੇ ਪਿਆ ਸੀਤੋ ਦਾ ਦੱਸਿਆ ਸੁਨੇਹਾ, 'ਭਾਬੀ ਉਹ ਤਾਂ ਕਹਿੰਦੇ ਨੇ ਅਸੀਂ ਜੇ ਆਪਣਾ ਮੁੰਡਾ-ਜਿਹੜਾ ਉਹ ਉਨ੍ਹਾਂ ਦਾ ਛੋਟਾ ਮੇਹਰੂ ਐ, ਵਿਆਹੁਣੈ। ਤਾਂ ਭੰਤੀ ਨਾਲ ਹੀ ਵਿਆਹੁਣੈ। ਉਹ ਤਾਂ ਆਪਣੇ ਮਨ 'ਚ ਪੱਕ ਠੱਕ ਕਰੀ ਬੈਠੇ ਨੇ। ਭਾਬੀ ਐਤਕੀਂ ਉਨ੍ਹਾਂ ਦੇ ਅੱਠ ਸੌ ਮਣਾਂ ਦਾਣੇ ਹੋਏ"

ਭੰਤੀ ਵੀ ਹੁਣ ਉਡਾਰ ਹੋ ਚੱਲੀ ਸੀ, ਰੇਸ਼ਮਾ ਨੂੰ ਚੇਤੇ ਪਿਆ ਹੁਣ ਉਹ ਆਪਣੀ ਭੰਤੀ ਨੂੰ ਕਿਵੇਂ ਤੋਰੇਗੀ। ਉਸ ਪਾਸ ਤਾਂ ਹੁਣ ਗਹਿਣਾ ਗੱਟਾ ਬਣਾਉਣ ਨੂੰ ਕੋਈ ਧੇਲਾ ਵੀ ਨੀ ਬਚਿਆ। ਉਸ ਨੂੰ ਕਿੰਨੀਆਂ ਹੀ ਗੱਲਾਂ ਆਪਣੀ ਨਣਦ ਦੀਆਂ ਚੇਤੇ ਪੈ ਰਹੀਆਂ ਸਨ, "ਭਾਬੀ ਉਹ ਜਿਹੜਾ ਵੱਡਾ ਬੁੜ੍ਹਾ ਐ ਨਾ ਉਹਨਾਂ ਦਾ ਉਹ ਤਾਂ ਮੈਨੂੰ ਕਹਿੰਦਾ ਹੁੰਦੈ ਤੇਰੀ ਭਾਬੀ ਤਾਂ ਅੰਗਰੇਜਣੀ ਐ.... ਉਸ ਨੇ ਸੌਹਰੀ ਨੇ ਕੇਰਾਂ ਤਾਂ ਸਾਡੇ ਪੈਰਾਂ ਹੇਠੋਂ ਮਿੱਟੀ ਕੱਢ ਤੀ ਸੀ ਤੇ ਫੇਰ ਭਰੀ ਪੰਚਾਇਤ ਸਾਡੀ ਅਜਿਹੀ ਆਵਰੂ ਰੱਖੀ.... ਉਹ ਕੰਜਰ ਮਿਸਰਾ...."

ਮਿਸਰਾ! ਅੱਜ ਕੱਲ੍ਹ ਤਾਂ ਮਿਸਰਾ! !

ਕਿੰਨੇ ਖਿਆਲ ਸਨ ਕਿ ਆਈ ਜਾ ਰਹੇ ਹਨ ਪਰ ਨੀਂਦ ਸੀ ਕਿ ਨਹੀਂ ਆ ਰਹੀ ਸੀ।

ਆਖ਼ਿਰ ਰੇਸ਼ਮਾ ਉੱਠ ਕੇ ਬੈਠ ਗਈ, ਉਸ ਨੇ ਸਰ੍ਹੋਂ ਦੇ ਤੇਲ ਦਾ ਦੀਵਾ ਲਾਇਆ। ਹਨੇਰੀ ਕੋਠੜੀ ਵਿੱਚ ਨਿੱਕਾ ਨਿੱਕਾ ਮੱਧਮ ਚਾਨਣ ਚਮਕ ਪਿਆ। ਰੇਸ਼ਮਾ ਹੌਲੀ ਹੌਲੀ ਆਪਣੇ ਸਿਰਹਾਣੇ ਦੇ ਕੱਪੜੇ ਨੂੰ ਉਲਟਾਉਣ ਲੱਗੀ ਤੇ ਉਸ ਨੇ ਉਸ ਹੇਠੋਂ ਇਕ ਨਿੱਕੀ ਜਿਹੀ ਪੋਟਲੀ ਕੱਢ ਲਿੱਤੀ। ਪੋਟਲੀ ਦੇ ਖੋਲ੍ਹਦਿਆਂ ਖੋਲ੍ਹਦਿਆਂ ਰੇਸ਼ਮਾ ਨੂੰ ਜਿਵੇਂ ਚੇਤੇ ਪਿਆ ਕਿ ਉਸ ਨੂੰ ਕਾਕੜ ਨੇ ਇਹ ਪੋਟਲੀ ਕਿਤੇ ਅਮਾਨਤ ਨਾ ਫੜਾਈ ਹੋਵੇ। ਅਮਾਨਤ ਦਾ ਸ਼ਬਦ ਚੇਤੇ ਪੈਂਦਿਆਂ ਹੀ ਜਿਵੇਂ ਰੇਸ਼ਮਾ ਦੇ ਅੱਗੇ ਹੱਲੇ ਗੁੱਲੇ 'ਚ ਮਾਰੇ ਗਏ ਕਾਕੜ ਦੇ ਮਾਂ ਬਾਪ ਤੇ ਉਹ ਵਲੈਤੀ ਬਾਣੀਆ। ਇਹ ਕਾਕੜ ਵੀ ਤਾਂ ਨੇਮੋ ਦੀ ਵਲੈਤੀ ਕੋਲ ਅਮਾਨਤ ਹੀ ਸੀ ਪਿਆਰ ਇਮਾਨਤ। ਮੈਥੋਂ ਇਹ ਚਾਰ ਛਿੱਲੜ ਨੀ ਸਾਂਭ ਹੁੰਦੇ।

ਰੇਸ਼ਮਾ ਨੂੰ ਅੱਜ ਜਿਵੇਂ ਕੁਝ ਪਤਾ ਨਹੀਂ ਲੱਗ ਰਿਹਾ ਸੀ ਕਿ ਇਹ ਬੇਵਸੀ ਜਿਹੀ ਕੀ ਹੈ? ਕਾਕੜ ਦੀ ਕਮਾਈ ਨੂੰ ਮੰਜੇ 'ਤੇ ਖਿਲਰਿਆ ਵੇਖ ਕੇ ਰੇਸ਼ਮਾ ਨੂੰ ਭੈਅ ਲੱਗਿਆ ਕਿਤੇ ਕੋਈ ਚੋਰ, ਕੋਈ ਡਾਕੂ....ਆਖਿਰ ਰੇਸ਼ਮਾ ਨੇ ਨੋਟਾਂ ਨੂੰ ਤਹਿ ਲਾ ਕੇ ਪੋਟਲੀ ਬੰਨ੍ਹ ਦਿੱਤੀ ਤੇ ਜਦ ਉਸ ਪੋਟਲੀ ਸਾਹਮਣੇ ਰੱਖ ਕੇ ਦੀਵੇ ਤੇ ਫੂਕ ਮਾਰਨੀ ਚਾਹੀ ਤਾਂ ਦੀਵੇ ਦੇ ਨੇੜੇ ਬੈਠੇ ਕਾਕੜ ਨੂੰ ਵੇਖ ਕੇ ਉਸ ਦੇ ਅੰਦਰੋਂ ਇਕ ਚੀਕ ਨਿਕਲਦੀ ਨਿਕਲਦੀ ਰੁਕ ਗਈ, "ਵੇ ਕਾਕੜਾ!"

“ਬੱਸ ਰੇਸ਼ਮਾ! ਹੁਣ ਐਵੇਂ ਮੇਰਾ ਨਾਂ ਲੈ ਕੇ ਤੂੰ ਆਪਣੀ ਜੀਭ ਗੰਦੀ ਨਾ ਕਰ। ਮੈਂ ਤਾਂ ਐਵੇਂ ਤੇਰੇ ਨਾਲ ਦੋ ਗੱਲਾਂ ਕਰਨ ਮੁੜ ਆਇਆਂ। ਨਹੀਂ ਤਾਂ ਸ਼ਾਇਦ ਵੇਖ ਰੇਸ਼ਮਾ ਮੈਂ ਦੁਨੀਆਂ ਖ਼ਾਤਰ ਸੌ, ਸ਼ਾਰਧਾ ਖਾਤਰ ਲੱਖ ਗੱਦਾਰ ਹੋਵਾਂ ਪਰ ਤੇਰੇ ਵਾਸਤੇ ਵੇਖੀਂ ਹੁਣ ਆਖਰੀ ਮੌਕੇ ਵੇਖੀਂ ਕਿਤੇ ਰੌਲਾ ਕਰਕੇ ਪਹਿਲੀ ਗੱਲ ਤਾਂ ਮੈਂ ਇਹ ਚਾਰ ਛਿੱਲੜ ਤੁਹਾਡੇ ਦੋ ਬੰਦਿਆਂ ਦੇ ਨਮਿੱਤ ਲੈ ਕੇ ਆਇਆ ਸੀ। ਮੇਰਾ ਚਾਚਾ ਵਲੈਤੀ ਤੇ ਦੂਜੀ ਤੂੰ ।

ਗੱਲ ਅਧੂਰੀ ਛੱਡ ਕੇ ਹੀ ਕਾਕੜ ਰੇਸ਼ਮਾ ਕੋਲੋਂ ਤੁਰ ਗਿਆ। ਸੁੰਨ ਚੁੱਪ ਰਾਤ। ਰੇਸ਼ਮਾ ਕੀ ਕਰਦੀ? ਸਾਰੀ ਰਾਤ ਉਸ ਦੀ ਸੋਚਦਿਆਂ ਉਸਲਵੱਟੇ ਲੈਂਦਿਆਂ ਲੰਘ ਗਈ। ਸਵੇਰ ਹੁੰਦਿਆਂ ਹੀ ਉਹ ਉੱਠੀ, ਉੱਠ ਕੇ ਉਸ ਨੇ ਬਚਨੇ ਦਾ ਔਹਰ ਪਹੁਰ ਕੀਤਾ ਤੇ ਭੰਤੀ ਨੂੰ ਨਾਲ ਲੈ ਕੇ ਕਾਰਖਾਨੇ ਨੂੰ ਤੁਰ ਪਈ।

******

# 28.

ਰੇਡੀਓ ਤੋਂ ਖ਼ਬਰਾਂ ਆ ਰਹੀਆਂ ਸਨ। ਅਖ਼ਬਾਰਾਂ ਦੀਆਂ ਮੁੱਖ ਸੁਰਖੀਆਂ ਵਿੱਚ ਲਿਖਿਆ ਹੋਇਆ ਸੀ—ਇਹ ਪਿਛਲੇ ਪੰਜਾਹ ਵਰ੍ਹਿਆਂ ਤੋਂ ਇਕ ਰਿਕਾਰਡ ਹੈ, ਇੰਨੀ ਠੰਢ ਕਦੇ ਨਹੀਂ ਸੀ ਪਈ। ਬੁੱਢੇ-ਬੁੱਢੀਆਂ, ਪੁਰਾਣੇ ਮਜ਼ਦੂਰ ਜਿਨ੍ਹਾਂ ਕੋਲ ਸੱਠ ਸੱਤਰ ਵਰ੍ਹਿਆਂ ਦੀ ਉਮਰ ਦਾ ਜਿਉਂਦਾ ਸਰਟੀਫਿਕੇਟ ਹੈ ਸੀ, ਕਹਿ ਰਹੇ ਸਨ, 'ਇਹ ਠੰਢ, ਇਹ ਪੂਰਾ ਤਾਂ ਭਾਈ ਪਰਲੋ ਐ, ਅਜੂਬਾ ਹੈ।

ਕੱਲ੍ਹ ਸ਼ਾਮ ਤੋਂ ਬੜੀ ਸਰਦੀ ਸੀ। ਹਵਾ ਦੀ ਤਿੱਖੀ ਤਲਖੀ ਹੱਡਾਂ 'ਚ ਵੜਦੀ ਜਾਂਦੀ ਸੀ। ਪੁਰੇ ਦੀ 'ਵਾ ਦੀ ਤਲਵਾਰ ਮਾਰ ਨਾਲ ਠਰੂੰ ਠਰੂੰ ਕਰਦੀਆਂ ਜਿੰਦੜੀਆਂ ਕਾਰਖਾਨੇ 'ਚ ਆ ਰਹੀਆਂ ਸਨ। ਕਾਰਖਾਨੇ ਦੀ ਚਿਮਨੀ 'ਚੋਂ ਧੂੰਆਂ ਪੁਰੇ ਦੀ ਹਵਾ ਨਾਲ ਤੇਜ਼ ਤੇਜ਼ ਆਕਾਸ਼ 'ਚ ਖਿੰਡ ਰਿਹਾ ਸੀ। ਫਰਰ ਫਰਰ ਕਰ ਰਹੀਆਂ ਲਾਲ ਝੰਡੀਆਂ ਉਸ ਮੰਡਪ ਦੇ ਚਾਰੇ ਪਾਸੇ ਨਿੱਖਰੇ ਨਿੱਖਰੇ ਲਾਲ ਰੰਗ 'ਚ ਅੱਖਾਂ ਨੂੰ ਆਕਰਸ਼ਿਤ ਕਰ ਰਹੀਆਂ ਸਨ। ਵਰਖਾ ਪੈਣ ਮਗਰੋਂ ਵਾਤਾਵਰਣ ਦਾ ਧੁਲਿਆ ਧੁਲਿਆ ਨਿਖਾਰ ਮੰਡਪ ਦੀਆਂ ਲਾਲ ਝੰਡੀਆਂ ਨੂੰ ਸ਼ਿੰਗਾਰ ਬਖ਼ਸ਼ ਰਿਹਾ ਸੀ। ਆਕਾਸ਼ ਵਿੱਚ ਪੁਰੇ ਦੇ ਤੇਜ਼ ਤੇਜ਼ ਬੁੱਲ੍ਹਿਆਂ 'ਤੇ ਚੜ੍ਹ ਕੇ ਬੱਦਲ ਟੁੱਟੇ ਭੱਜੇ ਜਾ ਰਹੇ ਸਨ। ਠੰਢੇ ਵਾਤਾਵਰਣ ਦੀ ਠੰਢਕ 'ਚ ਵਗਦੇ ਠੱਕੇ ਦਾ ਸਰਾਪ ਜ਼ਿੰਦਗੀ ਨੂੰ ਔਖਾ ਔਖਾ ਜਿਵੇਂ ਕਰ ਰਿਹਾ ਹੋਵੇ। ਅੱਜ ਹਰ ਮਜ਼ਦੂਰ ਮਰਦ ਤੇ ਮਜ਼ਦੂਰ ਤ੍ਰੀਮਤ ਮੰਡਪ ਕੋਲ ਦੀ ਜਾਂਦਿਆਂ ਆਪਣਾ ਸ਼ਰਧਾਲੂ ਸਿਰ ਨਿਵਾ ਕੇ ਸ਼ਹੀਦ ਪ੍ਰੋ: ਬਾਦਲ ਨੂੰ ਸ਼ਰਧਾਂਜਲੀ ਭੇਟ ਕਰ ਕੇ ਜਾ ਰਿਹਾ ਸੀ। ਪ੍ਰੋ: ਬਾਦਲ ਦੀ ਸ਼ਹੀਦੀ ਦਾ ਪ੍ਰਥਮ ਸਾਲ ਸੀ। ਸ਼ਾਮ ਨੂੰ ਸ਼ੋਕ ਸਭਾ ਹੋਵੇਗੀ। ਇਕ ਸਾਲ ਪਹਿਲਾਂ ਪੂਰੇ ਸਾਢੇ ਤਿੰਨ ਵਜੇ ਏਥੇ-ਇਸ ਮੰਡਪ 'ਚ ਭੁੱਖ ਹੜਤਾਲੀ ਮਜ਼ਦੂਰਾਂ ਵਿਚਕਾਰ ਬੈਠਿਆਂ ਬੰਬ ਫਟ ਜਾਣ ਕਾਰਨ ਪ੍ਰੋ: ਬਾਦਲ ਸ਼ਹੀਦ ਹੋ ਗਿਆ ਸੀ। ਉਹ ਦਿਨ ਜਿਸ ਦਿਨ ਪ੍ਰੋ: ਬਾਦਲ ਦੀ ਮੌਤ ਹੋਈ ਸੀ ਸ਼ਰਧਾ ਨੇ ਕੁਝ ਅਜਿਹਾ ਮਹਿਸੂਸ ਕੀਤਾ ਸੀ ਜਿਸ ਬਾਰੇ ਉਹ ਕਿਸੇ ਨੂੰ ਕੁਝ

ਆਖ ਸਕੀ ਸੀ ਤੇ ਨਾ ਹੀ ਆਖੇ ਬਿਨਾਂ ਉਸ ਨੂੰ ਸਬਰ ਮਿਲਦਾ ਸੀ। ਆਖਿਰ ਰੇਸ਼ਮਾਂ ਨੇ ਸ਼ਾਰਧਾ ਦੇ ਪਤਲਾਏ ਰੰਗ ਬਾਰੇ ਜਾਣਿਆ ਤੇ ਉਹ ਸ਼ਾਰਧਾ ਨੂੰ ਆਪਣੇ ਪਿੰਡ ਲੈ ਗਈ।

ਉਹ ਰਾਤ ਸ਼ਾਰਧਾ ਲਈ ਬੜੇ ਡੂੰਘੇ ਜਿਗਰੇ ਦੀ ਰਾਤ ਸੀ। ਰੇਸ਼ਮਾ ਨੇ ਸ਼ਾਰਧਾ ਨੂੰ ਧੂਹ ਕੇ ਆਪਣੀ ਬੁੱਕਲ 'ਚ ਲੈ ਲਿੱਤਾ। ਮਿੱਠੀਆਂ ਮਿੱਠੀਆਂ, ਪਿਆਰੀਆਂ ਪਿਆਰੀਆਂ, ਨਿੱਕੀਆਂ ਨਿੱਕੀਆਂ ਬਾਤਾਂ ਰੇਸ਼ਮਾ ਸ਼ਾਰਧਾ ਕੋਲੋਂ ਪੁੱਛਦੀ ਰਹੀ। ਰੇਸ਼ਮਾ ਨੂੰ ਜਿਵੇਂ ਸ਼ਾਰਧਾ ਦੇ ਇਸ ਲਗਾਓ 'ਚੋਂ ਆਪਣੀ ਪ੍ਰੀਤ ਕਹਾਣੀ ਦੇ ਪੁਰਾਣੇ ਪੈਰ ਨਿੱਖਰਦੇ ਤੇ ਸੰਵਰਦੇ ਨਜ਼ਰ ਆ ਰਹੇ ਹੋਣ। ਪ੍ਰੀਤ-ਪਗਡੰਡੀਆਂ 'ਤੇ ਕਦੇ ਰੇਸ਼ਮਾ ਭੀ ਤੁਰੀ ਸੀ। ਰੇਸ਼ਮਾ ਨਾਲ ਕਾਕੜ ਤੁਰਿਆ ਸੀ। ਉਹ ਤੋਰ ਕਿੰਨੀ ਖਤਰਨਾਕ ਬਣ ਗਈ ਸੀ ਜਦ ਰੇਸ਼ਮਾ ਦੇ ਵੱਡੇ ਭਰਾ ਦਾਨੇ ਨੇ ਆਖਿਆ ਸੀ, 'ਕੁੜੀਏ ਅੰਨ੍ਹ ਧਰ ਲੈ, ਮਿੱਠਾ ਅੰਨ, ਵਿੱਚ ਸਿੱਟ ਲੈ ਇਕ ਜ਼ਹਿਰ ਦੀ ਪੁੜੀ ਤੇ ਫੇਰ ਆਪਾਂ ਸਾਰਾ ਟੱਬਰ ਖਾ ਲੈਨੇ ਆਂ...." ਜ਼ਹਿਰ ਦੀ ਪੁੜੀ.... ਜ਼ਹਿਰ ਦੀ ਪੁੜੀ ਦੀ ਕਹਾਣੀ ਜਦ ਰੇਸ਼ਮਾ ਨੇ ਨਿੱਘੇ ਤਿਉ 'ਚ ਕਦੇ ਸ਼ਾਰਧਾ ਨੂੰ ਦੱਸੀ ਸੀ ਤੇ ਫੇਰ ਸ਼ਾਰਧਾ ਨੇ ਰੇਸ਼ਮਾ ਨੂੰ ਸਾਫ਼ ਸਾਫ਼ ਉੱਤਰ ਦਿੱਤਾ ਸੀ-"ਇਹ ਜ਼ਹਿਰ-ਪੁੜੀ ਹਰ ਕੁੜੀ ਨੂੰ ਹੀ ਕਿਉਂ ਖਾਣੀ ਪੈਂਦੀ ਹੈ? ਜਾਣਦੀ ਐ ਰੇਸ਼ਮਾ ਕਿਉਂਕਿ ਇਹ ਸਮਾਜ ਮਰਦ ਨੇ ਆਪਣੀ ਮਲਕੀਅਤ ਬਣਾਇਆ ਹੋਇਆ ਹੈ....।"

ਅੱਜ ਸ਼ਾਰਧਾ ਦਾ ਉਹ ਮਰਦ ਸ਼ਹੀਦ ਹੋ ਗਿਆ ਸੀ ਜਿਸ ਨੂੰ ਉਸ ਨੇ ਤਿਓ ਨਾਲ ਸੁਣਿਆ ਸੀ, ਤਿਓ ਨਾਲ ਵੇਖਿਆ ਸੀ। ਜਿਸ ਦੀ ਯਾਦ ਨਾਲ, ਜਿਸ ਦੇ ਨੇੜ ਨਾਲ, ਜਿਸ ਦੀਆਂ ਗੱਲਾਂ ਨਾਲ ਸ਼ਾਰਧਾ ਤੋਂ ਇਕ ਫਿੱਕਾ ਰੰਗ ਲੱਥਿਆ ਸੀ, ਇਕ ਗੂੜ੍ਹਾ ਰੰਗ ਚੜ੍ਹਿਆ ਸੀ। ਲਾਲ ਸਿਉ ਵਰਗਾ, ਜ਼ਿੰਦਗੀ ਦਾ ਰੰਗ।

ਰੇਸ਼ਮਾ ਦਾ ਅੰਦਰ, ਪਿਘਲਿਆ ਅੰਦਰ, ਸ਼ਾਰਧਾ ਨੂੰ ਜਿਵੇਂ ਨਰੋਏ ਉਤਸ਼ਾਹ ਭਰੇ ਸਾਹ ਦੇ ਕੇ ਪਰਵਸ ਦੇਣਾ ਚਾਹੁੰਦਾ ਹੋਵੇ। ਪਰ ਤ੍ਰੀਮਤ ਨੂੰ ਮਰਦ ਦੀ ਲੋੜ ਹੈ। ਰੇਸ਼ਮਾ ਮਰਦਊ ਕਾਰਨਾਮੇ ਕਰ ਸਕਦੀ ਹੈ। ਮਰਦ ਨੂੰ ਮਾਤ ਪਾ ਸਕਦੀ ਹੈ। ਪਰ ਉਹ ਮਰਦ ਬਣੇ ਤਾਂ ਕਿਵੇਂ ਬਣੇ....

ਰੇਸ਼ਮਾ ਨੇ ਸ਼ਾਰਧਾ ਨੂੰ ਸੁਣਿਆ। ਕਿੰਨੀ ਦੇਰ ਤਕ ਸ਼ਾਰਧਾ, ਰੇਸ਼ਮਾ ਨਾਲ, ਆਪਣੇ ਪਿਛੋਕੜ ਦੀਆਂ ਗੱਲਾਂ ਕਰਦੀ ਰਹੀ ਸੀ। ਉਸ ਰਾਤ ਕਿੰਨੇ ਸਾਫ਼ ਸਾਫ਼ ਵਿਸ਼ਵਾਸ ਸ਼ਾਰਧਾ ਨੇ ਸਪੱਸ਼ਟ ਕੀਤੇ ਸਨ।

ਨਹੀਂ ਰੇਸ਼ਮਾ! ਇਹ ਗੱਲ ਨੀ। ਪ੍ਰੋ: ਬਾਦਲ ਉਨ੍ਹਾਂ ਮਨੁੱਖਾਂ 'ਚੋਂ ਨਹੀਂ ਸੀ, ਜਿਹੜੇ ਸਮਾਜ ਨੂੰ ਆਪਣੀ ਮਲਕੀਅਤ ਸਮਝਦੇ ਨੇ। ਉਹ ਤਾਂ ਆਖਦਾ ਹੁੰਦਾ ਸੀ, 'ਤ੍ਰੀਮਤ ਗ਼ੁਲਾਮ ਜ਼ਹਿਨੀਅਤ ਦੀ ਗੁਲਾਮ ਹੈ ਕਿਉਂਕਿ ਆਰਥਕ ਸਾਧਨ ਮਨੁੱਖ ਦੇ ਕਬਜ਼ੇ 'ਚ ਹਨ ਤੇ ਇਹ ਸਾਧਨ ਜਿਹੜੀ ਸ਼ਰੇਣੀ ਦੇ ਕਬਜ਼ੇ 'ਚ ਹੋਣ ਉਹ ਦੂਜੀ ਸ਼ਰੇਣੀ ਦਾ ਲੁਟੇਰਾ ਬਣ ਜਾਂਦੀ ਹੈ...." ਰੇਸ਼ਮਾ ਨੂੰ ਇਹਨਾਂ ਗੱਲਾਂ ਦੀ ਕੀ ਸਮਝ ਸੀ। ਉਹ ਤਾਂ ਬਸ ਸ਼ਾਰਧਾ ਨੂੰ ਕੋਈ ਧਰਵਾਸ ਦੇਣ ਲਈ ਲੈ ਕੇ ਆਈ ਸੀ। ਆਖਿਰ ਗੱਲ ਸ਼ਾਰਧਾ ਨੇ ਤੋਰੀ, "ਰੇਸ਼ਮਾ ਜ਼ਿੰਦਗੀ 'ਚੋਂ ਸਾਥੀ ਮੁੱਕ ਜਾਂਦਾ ਹੈ, ਰਾਹ ਨਹੀਂ ਮੁਕਦਾ। ਪ੍ਰੋ: ਮੈਨੂੰ ਆਖਿਆ ਕਰਦਾ ਸੀ ਸਾਡੇ ਰਾਹ ਸਦੀਵੀ ਹਨ, ਸਾਥ ਸਦੀਵੀ ਨਹੀਂ ਹੋ ਸਕਦੇ। ਰੇਸ਼ਮਾ! ਮੈਨੂੰ ਇਹ ਦੁਖ ਨਹੀਂ ਪ੍ਰੋ: ਮਰ ਗਿਆ: ਮੇਰੀ ਜ਼ਿੰਦਗੀ ਸੁੰਨੀ ਕਰ ਗਿਆ। ਦੁੱਖ ਹੈ ਅਜਿਹੇ ਬੰਦਿਆਂ ਦੀ ਸਮਾਜ ਨੂੰ ਲੋੜ ਹੈ। ਅਜਿਹੇ ਬੰਦੇ ਫਿੱਕੇ ਫਿੱਕੇ ਸਰਮਾਏਦਾਰੀ ਰੰਗਾਂ ਨੂੰ ਹਟਾ ਕੇ ਜ਼ਿੰਦਗੀ ਦੇ ਲਾਲ-ਸਿਓ ਰੰਗ ਨੂੰ ਉਮਰ 'ਚ ਲਿਆਉਂਦੇ ਹਨ। ਤੈਨੂੰ ਕੀ ਪਤੈ, ਮੈਂ ਕਿਹੜੇ ਕਿਹੜੇ ਰੰਗਾਂ 'ਚ ਖੇਡ ਕੇ ਆਈ ਹਾਂ। ਉਹ ਸਾਰੇ ਗੁਲ ਖਿਲਦੇ ਰਹੇ ਤੇ ਮੈਨੂੰ ਪ੍ਰੋ: ਨੇ ਕਿੰਨਾ ਕਿੰਨਾ ਕੁਝ ਕਿੰਨੀ ਕਿੰਨੀ ਦੇਰ ਤੱਕ ਦਸਿਆ। ਉਹ ਕੀ ਦਾ ਕੀ ਕੁਝ ਦਸਦਾ ਰਹਿੰਦਾ ਸੀ। ਤੈਨੂੰ, ਮੇਰੀ ਮਾਂ ਪਾਰੋ ਨੂੰ ਮੇਰੇ ਮਾਮੇ ਬਿਰਜੂ ਨੂੰ, ਵਲੈਤੀ ਨੂੰ, ਉਹ ਸਾਡੀ ਗਲੀ 'ਚ ਰਹਿੰਦੀ ਈਸ਼ਰੋ ਨੂੰ, ਉਹ ਕਿੰਨਾ ਪਿਆਰ ਕਰਦਾ ਹੁੰਦਾ ਸੀ। ਉਹ ਆਖਦਾ ਹੁੰਦਾ, 'ਇਹ ਜ਼ਿੰਦਗੀ ਦੇ ਪਾਤਰ ਨੇ। ਜਿਵੇਂ ਇਹ ਆਪਣੇ ਖਾਤਰ ਲੜਦੇ ਹਨ ਜੇਕਰ ਸਾਰੇ ਇਕੱਠੇ ਹੋ ਕੇ ਸਾਂਝੇ ਹੱਕਾਂ ਲਈ ਇਕ ਬਾਰ ਲੜ ਪੈਣ ਬੱਸ' ਪਤੈ ਸ਼ਾਇਦ ਉਹ ਜਿੰਨਾ ਪਿਆਰ ਤੁਹਾਨੂੰ ਸਭ ਨੂੰ ਕਰਦਾ ਸੀ, ਉਸ ਤੋਂ ਬਹੁਤ ਘੱਟ, ਬਹੁਤ ਘੱਟ.... ਰੇਸ਼ਮਾ, ਨੂੰ ਸ਼ਾਰਧਾ ਇਹ ਅੱਖਰ ਆਖਦੀ ਆਖਦੀ ਫਿਸ ਪਈ ਸੀ, ਉਸ ਦੀਆਂ ਅੱਖਾਂ 'ਚੋਂ ਅੱਥਰੂ ਤੁਰ ਪਏ ਸਨ। ਰੇਸ਼ਮਾ ਦੇ ਘਰ ਇਹ ਰਾਤ ਉਸ ਰਾਤ ਵਰਗੀ ਰਾਤ ਸੀ, ਜਿਸ ਰਾਤ ਕਾਕੜ ਨੇ ਰੇਸ਼ਮਾ ਨੂੰ ਆਖਿਆ

ਸੀ, 'ਮੈਂ ਹੋਰਾਂ ਲਈ ਲੱਖ ਗੱਦਾਰ ਹੋਵਾਂ, ਪਰ ਤੇਰੇ ਤੇ ਵਲੈਤੀ ਚਾਚੇ ਵਾਸਤੇ ਅਗਲੇ ਜਨਮ 'ਚ ਵੀ ਗੱਦਾਰ ਨਹੀਂ ਹੋ ਸਕਦਾ।" ਸ਼ਾਰਧਾ ਨੇ ਆਪਣੀਆਂ ਅੱਖਾਂ ਚੋਂ ਸਾਰੇ ਅੱਥਰੂ ਪੂੰਝ ਕੇ ਫੇਰ ਆਖਣਾ ਸ਼ੁਰੂ ਕੀਤਾ, "ਰੇਸ਼ਮਾ ਰੇਸ਼ਮਾ ਉਹ...." ਸ਼ਾਰਧਾ ਜਿਵੇਂ ਬਹੁਤ ਕੁਝ ਕਹਿੰਦੀ ਕਹਿੰਦੀ ਕੁਝ ਵੀ ਨਾ ਆਖ ਸਕੀ। ਆਖਿਰ ਥੱਕੀਆਂ ਟੁੱਟੀਆਂ ਦੇ ਜਿੰਦਾਂ ਨੂੰ ਨੀਂਦ ਨੇ ਆਪਣੇ ਜੱਫੇ 'ਚ ਜਕੜ ਲਿਆ ਸੀ ਤੇ ਫੇਰ ਅਗਲੀ ਸਵੇਰ ਕਾਰਖਾਨੇ ਵਿਚ ਅੱਗੇ ਵਾਂਗ ਇਹ ਆਪਣੇ ਕੰਮ ਤੇ ਹਾਜ਼ਰ ਸਨ।

ਇਹਨਾਂ ਦਿਨਾਂ ਨੂੰ ਬੀਤਿਆਂ ਲੱਗ ਭੱਗ ਸਾਲ ਭਰ ਹੋ ਚੁੱਕਿਆ ਸੀ। ਉਹ ਗੱਲਾਂ ਹਿਜਰ ਦੀਆਂ, ਅਪਣੱਤ ਦੀਆਂ, ਮਨੁੱਖੀ ਤੜਪ ਦੀ ਸਾਂਝ ਦੀਆਂ ਕਿੰਨੀਆਂ ਪਿਆਰੀਆਂ ਸਨ। ਪਰ ਜ਼ਿੰਦਗੀ ਦੇ ਯਥਾਰਥ ਦਾ ਹੁੰਗਾਰਾ ਕੁਝ ਹੋਰ ਹੈ। ਪ੍ਰੋ: ਬਾਦਲ ਨੇ ਕਾਰਖਾਨੇ ਦੇ ਮਜ਼ਦੂਰ ਮਰਦ ਤੇ ਮਜ਼ਦੂਰ ਤ੍ਰੀਮਤਾਂ ਨੂੰ ਆਪਣੇ ਹੱਕਾਂ ਲਈ ਸੁਚੇਤ ਕੀਤਾ। ਸੁਚੇਤ ਕਰ ਕੇ ਸੰਘਰਸ਼ ਦੇ ਰਾਹ ਪਾਇਆ। ਸ਼ਾਰਧਾ ਉਸ ਦੇ ਇਸ ਰਾਹ 'ਚ ਇਕ ਸਹਾਇਕ ਬਣੀ। ਆਪਸ ਦਾਰੀ ਤੇ ਅਪਣੱਤ ਵਧੀ। ਆੜੀ ਜਿਹੀ ਪਈ। ਪਰ ਇਕ ਵਾਰ ਜਦ ਤਨਖਾਹਾਂ ਤੇ ਬੋਨਸ ਦੇ ਵਾਧੇ ਲਈ ਹੜਤਾਲ ਹੋਈ ਰਹੀ। ਪ੍ਰੋ: ਬਾਦਲ ਦੇ ਦੱਸੇ ਰਾਹਾਂ ਤੇ ਮਜ਼ਦੂਰ ਧੜਾ ਤੁਰਦਾ ਰਿਹਾ, ਤ੍ਰੀਮਤਾਂ ਥਿੜਕ ਜਾਂਦੀਆਂ ਹਨ ਕਿਉਂਕਿ ਧਗੜਾ ਸੁਭਾ ਮਨੁੱਖ ਦਾ ਤ੍ਰੀਮਤ ਦੇ ਜੇਰੇ ਨੂੰ ਘਟਾਉਂਦਾ ਰਿਹਾ ਹੈ। ਪਰ ਸ਼ਾਰਧਾ ਨੇ ਕਾਰਖਾਨੇ ਦੀਆਂ ਮਜ਼ਦੂਰ ਤ੍ਰੀਮਤਾਂ ਨੂੰ ਤਕੜਾ ਤੇ ਤੇਜ਼ ਕਰ ਰੱਖਿਆ ਸੀ। ਹੜਤਾਲ ਹੋਈ ਨੂੰ ਕਈ ਹਫਤੇ ਹੋ ਚੁੱਕੇ ਸਨ। ਹੜਤਾਲ ਨੂੰ ਤੋੜਨ ਦਾ ਹਰ ਹਰਬਾ ਫੇਲ੍ਹ ਹੁੰਦਾ ਜਾ ਰਿਹਾ ਸੀ। ਤੇ ਆਖਿਰ ਮਜ਼ਦੂਰਾਂ ਦੇ ਪੰਡਾਲ 'ਚ ਡਾਕੀਏ ਨੇ ਇਕ ਪਾਰਸਲ ਲਿਆ ਕੇ ਦਿੱਤਾ ਜੋ ਮਹਾਂਨਗਰੀ ਦਿੱਲੀ ਤੋਂ ਆਇਆ ਸੀ। ਉੱਪਰ ਬੜੇ ਸੋਹਣੇ ਸ਼ਬਦਾਂ 'ਚ ਲਿਖਿਆ ਸੀ, "ਕ੍ਰਿਸਮਿਸ ਗਿਫਟ ਫਰੋਮ ਲੇਬਰਰਜ਼ ਆਫ਼ ਡੈਲੀ। ਪ੍ਰੋ: ਬਾਦਲ ਨੇ ਪਾਰਸਲ ਖੋਲ੍ਹਣ ਤੋਂ ਪਹਿਲਾਂ ਆਖਿਆ ਸੀ, ਅਸੀਂ ਹੁਣ ਨਹੀਂ ਮਾਰੇ ਜਾ ਸਕਦੇ ਜਦ ਕਿ ਸਾਡੀ ਗੱਲ ਰਾਜਧਾਨੀ ਦੇ ਮਜ਼ਦੂਰਾਂ ਦੇ ਦਿਲਾਂ ਵਿਚ ਹੈ।" ਤੇ ਫੇਰ ਪਾਰਸਲ ਦੇ ਕਾਲੇ ਕੱਪੜੇ ਨੂੰ ਤਿੱਖੇ ਚਾਕੂ ਨਾਲ ਪਾੜਿਆ ਜਾ ਰਿਹਾ ਸੀ, ਛੋਟੇ ਜਿਹੇ ਲੱਕੜ ਦੇ ਬਕਸੇ ਨੂੰ ਨਿੱਕੀ ਜਿਹੀ ਥੌੜੀ ਨਾਲ ਖੋਲ੍ਹਿਆਂ ਇਕ

ਛੈਣੀ, ਇਕ ਸੱਟ, ਬੰਬ ਫਟ ਗਿਆ, ਧੂੰਆਂਦਾਰ, ਬੰਬ ਫਟ ਗਿਆ। ਪਾਰਸਲ ਸੜ ਗਿਆ, ਪ੍ਰੋ: ਥਾਂ ਤੇ ਹੀ ਸ਼ਹੀਦ ਹੋ ਗਿਆ। ਪੰਡਾਲ 'ਚ ਬੈਠੇ ਕਈ ਮਜ਼ਦੂਰ ਜ਼ਖਮੀ ਹੋ ਗਏ।

ਅਗਲੀ ਸਵੇਰ ਕੁਵੜਿਆਂ ਵਾਲੀ ਗਲੀ 'ਚ ਮਾਮਾ ਬਿਰਜੂ ਚੀਹੇ 'ਚ ਬੈਠਾ ਵਲੈਤੀ ਨੂੰ ਅਖ਼ਬਾਰ ਪੜ੍ਹਕੇ ਸੁਣਾ ਰਿਹਾ ਸੀ। ਅਖ਼ਬਾਰ ਦੀ ਸੁਰਖੀ ਸੀ। 'ਪਾਰਸਲ ਕੇ ਖੁੱਲ੍ਹਣੇ ਸੇ ਮਜ਼ਦੂਰ ਨੇਤਾ ਪ੍ਰੋ: ਬਾਦਲ ਕੀ ਮੌਤ। ਪਾਰਸਲ ਕੇ ਪੀਛੇ ਏਕ ਬਹੁਤ ਬੜੀ ਸਾਜ਼ਸ਼.... ਪੁਲਿਸ ਨੇ ਕਾਰਖਾਨੇ ਕੇ ਮੈਨੇਜਰ ਕੋ ਅਭੀ ਤਕ ਗ੍ਰਿਫਤਾਰ ਨਹੀਂ ਕਿਆ...."

ਸ਼ਾਰਧਾ, ਪਾਰੋ, ਈਸ਼ਰੋ ਇਕ ਥਾਵੇਂ ਬੈਠੀਆਂ ਰੋ ਰਹੀਆਂ ਸਨ। ਵਲੈਤੀ ਜਿਸ ਦੀ ਅੱਖ ਚੋਂ ਅੱਜ ਤੱਕ ਕਦੇ ਅੱਥਰੂ ਨਹੀਂ ਡਿਗਿਆ ਸੀ। ਅੱਜ ਉਸ ਨੇ ਵੀ ਪ੍ਰੋ: ਬਾਦਲ ਦੀ ਮੌਤ ਤੇ ਅੱਖਾਂ 'ਚ ਪਾਣੀ ਭਰ ਲਿਆ, ਪ੍ਰੋ: ਬਾਦਲ ਤਾਂ ਬਿਰਜੂ ਸ਼ਾਹ! ਇਕ ਚੀਜ਼ ਸੀ। ਵਲੈਤੀ ਨੇ ਸੋਗੀ ਪ੍ਰਭਾਵ ਨੂੰ ਤੋੜਦਿਆਂ ਆਖਿਆ ਸੀ। ਤੇ ਕੁਵੜਿਆਂ ਵਾਲੀ ਗਲੀ ਦੇ ਨਿਕਾਸ ਤੇ ਪਹਿਰਾ ਸੀ, ਪੁਲਿਸ ਦਾ ਪਹਿਰਾ। ਵਲੈਤੀ ਨੂੰ ਬੜੀ ਹੈਰਾਨੀ ਹੋ ਰਹੀ ਸੀ। 'ਪੁਲਿਸ ਪਹਿਰਾ ਤਾਂ ਛਾਪੇ ਵਾਲੇ ਲਾਉਂਦੇ ਨੇ ਜਦੋਂ ਨਜੈਜ ਸ਼ਰਾਬ ਕੱਢੀ ਜਾਂਦੀ ਹੋਵੇ ਪਰ ਅੱਜ ਸਾਡੀ ਗਲੀ ਵਿੱਚ ਇਹ ਇੰਝ...." ਜਦੋਂ ਪਤਾ ਲੱਗਿਆ ਇਹ ਪੁਲਿਸ ਤਾਂ ਰੰਡੀ ਈਸ਼ਰੋ ਦੇ ਮੁੰਡੇ ਜੇਤਿੰਦਰ ਨੂੰ ਫੜਨ ਆਈ ਐ.... ਰੰਡੀ ਈਸ਼ਰੋ ਨੂੰ ਥਾਣੇਦਾਰ ਨੇ ਗਾਲ੍ਹਾਂ ਕੱਢੀਆਂ, ਝਿੜਕੀਆਂ ਦਿੱਤੀਆਂ, ਡਰਾਵੇ ਦਿੱਤੇ.... ਈਸ਼ਰੋ ਨੂੰ ਇਉਂ ਲੱਗਿਆ ਜਾਂ ਤਾਂ ਉਸ ਨੂੰ ਅਸਰਤਾਈ ਦੀਆਂ ਰੋਟੀਆਂ ਲੈਣ ਗਈ ਨੂੰ, ਦੀਵਾਨੇ ਦੇ ਮਿਸਰੇ ਨੇ ਉਸ ਦੀ ਇੱਜ਼ਤ ਲੁੱਟ ਕੇ ਬੇਪੱਤ ਕੀਤਾ ਜਾਂ ਅੱਜ ਇਸ ਠਾਣੇਦਾਰ ਨੇ ਲੁੱਚੀਆਂ ਲੁਚੀਆਂ ਗਾਲ੍ਹਾਂ ਕੱਢ ਕੇ। ਈਸ਼ਰੋ ਅੱਜ ਰਾਤ ਕਿੰਨਾ ਰੋਈ ਸੀ ਆਪਣੇ ਬਾਪੂ ਨੂੰ ਜਿਸ ਨੇ ਪੈਸੇ ਲੈ ਕੇ ਬੁੱਢੇ ਚਿਨਤੂ ਨਾਲ ਭਵਾਲੀਆਂ ਦਿੱਤੀਆਂ ਸਨ। ਫੇਰ ਕਿੰਨੀ ਦੇਰ ਤੱਕ ਮਰ ਮੁੱਕੇ ਚਿਨਤੂ ਨੂੰ ਰੋਂਦੀ ਰਹੀ ਸੀ ਤੇ ਇਸ ਤੋਂ ਬਾਅਦ ਉਹ ਆਪਣੇ ਜੇਤਿੰਦਰ ਨੂੰ 'ਕੁਪੱਤਾ' ਤੇ 'ਕੰਜਰ' ਆਖ ਆਖ ਰੋਂਦੀ ਰਹੀ ਸੀ। ਸੱਚ, ਹੀ ਤਾਂ ਆਖ਼ਦੇ ਨੇ ਲੋਕ ਰੰਡੀ ਦਾ ਮੁੰਡਾ-ਤਬੇਲੇ ਦਾ ਬਛੇਰਾ....'

ਉਸ ਦਿਨ ਤੋਂ ਕੁਵੜਿਆਂ ਦੀ ਗਲੀ ਤੇ ਅੱਖ ਰੱਖੀ ਜਾ ਰਹੀ ਸੀ ਜਿਵੇਂ ਉਥੇ ਲੋਕ ਨਹੀਂ ਡਾਕੂ ਵਸਦੇ ਹੋਣ। ਸ਼ਾਰਧਾ ਨੇ ਸਾਫ਼ ਸਾਫ਼ ਆਪਣੀ ਮਾਂ ਪਾਰੋ ਨੂੰ ਆਖਿਆ ਤਾਂ ਸੀ, ਬੇਬੇ ਜਦੋਂ ਲੋਕਾਂ ਦਾ ਲੁਟੇਰਾ ਲੋਕਾਂ ਨੂੰ ਆਪਣੇ ਹੱਕਾਂ ਲਈ ਉੱਠਦਾ ਵੇਖਦਾ ਹੈ, ਅਜਿਹੇ ਸੌ ਉਲਾਂਭੇ ਉਹ ਉਨ੍ਹਾਂ ਸਿਰ ਧਰਦੈ। ਇਹ ਪੁਲਿਸ ਇਹ ਫੌਜ ਸਭ ਉਸੇ ਅੱਗ ਲੱਗ ਜਾਣੇ ਦੀ ਐ। ਅੱਜ ਪ੍ਰੋ: ਬਾਦਲ ਦੀ ਸ਼ਹੀਦੀ ਦੀ ਪਹਿਲੀ ਬਰਸੀ ਸੀ। ਮਜ਼ਦੂਰ ਨੇਤਾ ਦੀ ਸ਼ਹੀਦੀ ਬਰਸੀ ਤੇ ਰੱਤੇ ਠੰਢੇ ਵਾਤਾਵਰਣ ਦੇ ਹੁੰਦਿਆਂ ਭੀ ਸਟੇਜ ਪੰਡਾਲ ਦੁਆਲੇ ਲਾਲ ਝੰਡੀਆਂ, ਲਾਲ ਝੰਡੇ ਲੱਗੇ ਹੋਏ ਸਨ। ਸ਼ਹੀਦੀ ਦਾ ਰੰਗ ਲਾਲ ਹੈ। ਸੰਘਰਸ਼ ਦਾ ਰੰਗ ਲਾਲ ਹੈ। ਜ਼ਿੰਦਗੀ ਦਾ ਰੰਗ ਲਾਲ ਹੈ।" ਇਕ ਮਜ਼ਦੂਰ ਨੇਤਾ ਆਪਣੀ ਸਪੀਚ ਦੇ ਆਰੰਭ ਵਿੱਚ ਹੀ ਇਹ ਫਿਕਰੇ ਕਹਿ ਗਿਆ ਸੀ।

ਪੰਡਾਲ ਵਿੱਚ ਇਹ ਸਾਰਾ ਸਮਾਗਮ ਸ਼ਾਰਧਾ ਦੀ ਪ੍ਰਧਾਨਗੀ ਹੇਠ ਹੋ ਰਿਹਾ ਸੀ। ਸ਼ਾਰਧਾ ਦੇ ਗਲ ਵਿੱਚ ਲਾਲ ਗੁਲਾਬ ਦੇ ਫੁੱਲਾਂ ਦਾ ਹਾਰ ਸੀ ਜੋ ਸੋਗੀ ਚਿਹਰੇ ਤੇ ਕੁਝ ਹੋਰ ਹੋਰ ਆਖ ਰਿਹਾ ਸੀ। ਸ਼ਾਰਧਾ ਦੁਆਲੇ ਸਟੇਜ ਤੇ ਉਸਦੀ ਮਾਂ ਪਾਰੋ, ਰੇਸ਼ਮਾ, ਮਾਮਾ ਬਿਰਜੂ ਆਪਣੀ ਟੁੱਟੀ ਐਨਕ ਦੇ ਸ਼ੀਸ਼ੇ ਉਤਾਂਹ ਨੂੰ ਹਿਲਾਉਂਦਾ ਵਲੈਤੀ ਨੂੰ ਇਕ ਇਸ਼ਾਰਾ ਕਰ ਰਿਹਾ ਸੀ.... ਦੂਰ ਕੋਈ ਪੰਜ ਫਰਲਾਂਗ ਦੀ ਦੂਰੀ ਤੇ ਕੁਝ ਆਵਾਜ਼ਾਂ ਉੱਚੀਆਂ ਉੱਚੀਆਂ ਹੁੰਦੀਆਂ ਵਧਦੀਆਂ ਆ ਰਹੀਆਂ ਸਨ। ਹਵਾ ਵਿੱਚ ਪੂਰੇ ਦੀ ਠੰਢੀ ਹਵਾ, ਠੰਢੀ ਠਾਰ ਹਵਾ ਵਿੱਚ ਕੁਝ ਕੁ ਝੰਡੇ ਝੰਡੀਆਂ ਲਹਿਰਾਉਂਦੇ ਨਿੱਕੇ ਨਿੱਕੇ ਨਜ਼ਰੀਂ ਆ ਰਹੇ ਸਨ। ਤੇ ਆਖਰ ਝੰਡੇ ਝੰਡੀਆਂ ਵੱਡੇ ਹੁੰਦੇ ਗਏ। ਜਲੂਸ ਸਟੇਜ ਦੇ ਨੇੜੇ ਹੁੰਦਾ ਗਿਆ। ਖੁੱਲ੍ਹੀ ਜੀਪ ਤੇ ਮੇਜ਼ ਰੱਖਿਆ ਸੀ। ਮੇਜ਼ ਤੇ ਕੱਪੜਾ ਵਿਛਿਆ ਸੀ; ਉਸ ਤੇ ਇਕ ਬੰਦਾ ਬੈਠਾ ਸੀ, ਉਸ ਦੁਆਲੇ ਕੁਝ ਹੋਰ ਲੋਕ ਖੜ੍ਹੇ ਸਨ। ਰਿਕਸ਼ਾ ਤੇ ਲਾਊਡਸਪੀਕਰ ਉੱਚੀ ਉੱਚੀ ਨਾਅਰੇ ਲਾਉਂਦਾ ਆ ਰਿਹਾ ਸੀ। ਜੀਪ ਪਿੱਛੇ ਵੀਹ ਹਜ਼ਾਰ ਬੇਰੁਜ਼ਗਾਰ ਜੇ. ਬੀ.ਟੀ. ਅਧਿਆਪਕ ਤੇ ਅਨਐਡਜਸਟਿਡ ਬੀ.ਟੀ., ਬੀ.ਐੱਡ. ਅਧਿਆਪਕ ਸਨ ਜੋ ਸਰਕਾਰ ਤੋਂ ਨੌਕਰੀਆਂ ਮੰਗ ਰਹੇ ਸਨ।

ਆਪਣੇ ਹੱਕਾਂ ਲਈ ਮੁਲਾਜ਼ਮਾਂ ਦਾ ਜਲੂਸ, ਜਲੂਸ ਵਿੱਚ ਬੇਰੁਜ਼ਗਾਰ ਅਧਿਆਪਕਾਂ ਦਾ ਮੋਢੀ ਰੰਡੀ ਈਸ਼ਰੋ, ਬੇ-ਪੱਤ ਹੋਈ ਈਸ਼ਰੋ ਦਾ ਜੇਤਿੰਦਰ, ਅਗਵਾਈ ਕਰ ਰਿਹਾ ਸੀ। ਈਸ਼ਰੋ ਨੂੰ ਸ਼ਾਰਧਾ ਨੇ ਉਠਾਇਆ, ਆਪਣੇ ਗਲੇ 'ਚੋਂ ਹਾਰ ਉਸਦੇ ਗਲੇ 'ਚ ਪਾਉਂਦਿਆਂ ਆਖਿਆ, 'ਸਾਥੀਓ ! ਉਹ ਜੇਤਿੰਦਰ ਹਜ਼ਾਰਾਂ ਬੇਰੁਜ਼ਗਾਰ ਜੇ.ਬੀ.ਟੀ. ਅਧਿਆਪਕਾਂ ਦਾ ਨੇਤਾ, ਇਸ ਮਹਾਨ ਮਾਂ ਦਾ ਸ਼ੇਰ-ਪੁੱਤਰ ਹੈ...." ਸ਼ਾਰਧਾ ਜਿਵੇਂ ਅਗਾਂਹ ਕੁਝ ਬੋਲਣਾ ਚਾਹੁੰਦੀ ਭੀ ਬੋਲ ਨਾ ਸਕੀ ਹੋਵੇ।

ਜੇਤਿੰਦਰ ਪੰਜਾਹ ਹਜ਼ਾਰ ਜੇ. ਬੀ. ਟੀ. ਅਧਿਆਪਕਾਂ ਤੇ ਬੀ. ਟੀ. ਅਧਿਆਪਕਾਂ ਦੇ ਨੇਤਾ ਦੀ ਜੀਪ ਸਟੇਜ ਦੇ ਨੇੜੇ ਪੁੱਜ ਚੁੱਕੀ ਸੀ। ਈਸ਼ਰੋ ਵੱਲ ਜਦ ਸ਼ਾਰਧਾ ਨੇ ਇਸ਼ਾਰਾ ਕਰਕੇ ਆਖਿਆ, 'ਉਹ ਪੰਜਾਹ ਹਜ਼ਾਰ ਬੇਰੁਜ਼ਗਾਰ ਲੋਕਾਂ ਦਾ ਨੇਤਾ ਜੇਤਿੰਦਰ ਇਸ ਮਹਾਨ ਰੰਡੀ ਮਾਂ ਦਾ ਸਪੁੱਤਰ' ਮਜ਼ਦੂਰ ਤੇ ਮੁਲਾਜ਼ਮਾਂ ਨੂੰ ਇਉਂ ਲੱਗ ਰਿਹਾ ਸੀ ਜਿਵੇਂ ਉਨ੍ਹਾਂ ਦਾ ਇਕ ਸਾਥੀ ਜੇਤਿੰਦਰ ਸ਼ਹੀਦ ਬਾਦਲ ਦਾ ਹੀ ਰੂਪ ਹੋਵੇ। ਰੰਡੀ ਈਸ਼ਰੋ, ਮਾਮਾ ਬਿਰਜੂ, ਚਾਚਾ ਵਲੈਤੀ ਸ਼ਾਰਧਾ ਤੇ ਰੇਸ਼ਮਾ ਨੇ ਸਟੇਜ ਤੇ ਖੜ੍ਹੇ ਹੋ ਕੇ ਲੋਕ ਨਾਦ ਵਜਾ ਦਿੱਤਾ, ਸ਼ਹੀਦ ਪ੍ਰੋ: ਬਾਦਲ ਜ਼ਿੰਦਾਬਾਦ.... ਪੰਚਨਾਦ ਦਾ ਜੈਕਾਰਾ ਅਕਾਸ਼ 'ਚ ਗੂੰਜ ਰਿਹਾ ਸੀ। ਸਟੇਜ ਤੇ ਆ ਕੇ ਜੇਤਿੰਦਰ ਨੇ ਮਜ਼ਦੂਰ ਤੇ ਮੁਲਾਜ਼ਮ ਸਾਥੀਆਂ ਨੂੰ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ। ਰੰਡੀ ਈਸ਼ਰੋ ਦਾ ਜੇਤਿੰਦਰ ਹਜ਼ਾਰਾਂ ਮੁਲਾਜ਼ਮਾਂ ਤੇ ਮਜ਼ਦੂਰਾਂ ਨੂੰ ਕੁਝ ਆਖ ਰਿਹਾ ਸੀ।

******